# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ — ਸਮੈਸਟਰ ਚੌਥਾ

ਪੇਪਰ : ਚੌਥਾ (ਆਧੁਨਿਕ ਪੰਜਾਬੀ ਵਾਰਤਕ) — ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਮਹਿੰਦਰ ਸਿੰਘ ਰੰਧਾਵਾ ਰਚਿਤ ਆਪ ਬੀਤੀ : ਪ੍ਰਮੁੱਖ ਘਟਨਾਵਾਂ

1.2 : *ਆਪ ਬੀਤੀ* : ਸਮਾਜਿਕ-ਸਭਿਆਚਾਰਕ ਸਰੋਕਾਰ

1.3 : *ਆਪ ਬੀਤੀ* : ਬਿਰਤਾਂਤ ਜੁਗਤਾਂ, ਬੋਲੀ ਅਤੇ ਸ਼ੈਲੀ

1.4 : ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਵਾਰਤਕ ਨੂੰ ਦੇਣ ਅਤੇ ਸਾਹਿਤਕ ਸਥਾਨ

1.5 : ਸੰਖੇਪ ਪ੍ਰਸ਼ਨ-ਉੱਤਰ

1.6 : ਬਲਵੰਤ ਗਾਰਗੀ ਦੁਆਰਾ ਰਚਿਤ ਵਿਅਕਤੀ ਚਿੱਤਰਾਂ ਦੇ ਥੀਮਕ-ਪਾਸਾਰ

1.7 : ਬਲਵੰਤ ਗਾਰਗੀ ਦੁਆਰਾ ਰਚਿਤ ਸਮੂਹ ਵਿਅਕਤੀਆਂ ਚਿੱਤਰਾਂ ਵਿਚੋਂ ਵਿਅਕਤੀਆਂ ਦੀ ਸ਼ਖਸੀਅਤ ਦੇ ਉਭਰਦੇ ਪਾਸਾਰ

1.8 : ਬਲਵੰਤ ਗਾਰਗੀ ਦੀ ਭਾਸ਼ਾ ਤੇ ਸ਼ੈਲੀ ਦੀ ਵੱਖਰਤਾ ਅਤੇ ਪੰਜਾਬੀ ਵਾਰਤਕਕਾਰੀ ਵਿੱਚ ਉਸਦਾ ਸਥਾਨ (ਹੁਸੀਨ ਚਿਹਰੇ ਦੇ ਆਧਾਰ 'ਤੇ)


**Department website : www.pbidde.org**

**ਪਾਠ ਨੰ: 1.1** **- ਪ੍ਰੋ. ਰਾਜਬੀਰ ਕੌਰ**

## I. ਮਹਿੰਦਰ ਸਿੰਘ ਰੰਧਾਵਾ ਰਚਿਤ *'ਆਪ ਬੀਤੀ'* : ਪ੍ਰਮੁੱਖ ਘਟਨਾਵਾਂ

### 1.1 ਉਦੇਸ਼

ਇਸ ਪਾਠ ਦਾ ਉਦੇਸ਼ ਪੰਜਾਬ ਦੇ ਪ੍ਰਸਿੱਧ ਆਈ.ਸੀ.ਐਸ. ਅਫ਼ਸਰ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ੍ਵੈਜੀਵਨੀ 'ਆਪ ਬੀਤੀ' ਵਿਚ ਸੰਕਲਿਤ ਕੁਝ ਪ੍ਰਮੁੱਖ ਘਟਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਡਾ. ਰੰਧਾਵਾ ਨੇ ਆਈ.ਸੀ.ਐਸ. ਸੇਵਾਵਾਂ ਵਿਚ ਰਹਿੰਦਿਆਂ ਹੋਇਆਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ। ਉਹ ਇਕ ਦੂਰਦਰਸ਼ੀ, ਵਿਕਾਸਪ੍ਰਿਅ ਅਤੇ ਸੰਵੇਦਨਸ਼ੀਲ ਅਫ਼ਸਰ ਸੀ। ਅਰਥਚਾਰੇ ਅਤੇ ਜ਼ਮੀਨੀ ਬੰਦੋਬਸਤ ਦੇ ਨਾਲ-ਨਾਲ ਉਸ ਨੇ ਉਤਰੀ ਭਾਰਤ ਦੀਆਂ ਲੋਕ ਕਲਾਵਾਂ ਦੀ ਸੰਭਾਲ ਅਤੇ ਪ੍ਰਚਾਰ-ਪ੍ਰਸਾਰ ਵਿਚ ਵੀ ਕਾਫ਼ੀ ਦਿਲਚਸਪੀ ਲਈ। ਉਸ ਦੀ ਸ੍ਵੈਜੀਵਨੀ ਵੀਹਵੀਂ ਸਦੀ ਦੇ ਸੱਤ-ਅੱਠ ਦਹਾਕਿਆਂ ਦੇ ਸਭਿਆਚਾਰਕ ਅਤੇ ਆਰਥਿਕ ਵਿਕਾਸ ਦਾ ਇਕ ਕੋਸ਼ ਹੈ। ਇਸ ਪਾਠ ਵਿਚ ਅਸੀਂ ਇਸ ਪੁਸਤਕ ਵਿਚ ਸੰਕਲਿਤ ਕੁਝ ਪ੍ਰਮੁੱਖ ਘਟਨਾਵਾਂ ਦਾ ਉਲੇਖ ਕਰਦੇ ਹਾਂ ਤਾਂ ਜੋ ਸਾਡੇ ਵਿਦਿਆਰਥੀ ਇਨ੍ਹਾਂ ਘਟਨਾਵਾਂ ਦੇ ਮਹੱਤਵ ਬਾਰੇ ਜ਼ਰੂਰੀ ਜਾਣਕਾਰੀ ਪ੍ਰਾਪਤ ਕਰ ਸਕਣ।

### 2.1 ਰੂਪ ਰੇਖਾ

*'ਆਪ ਬੀਤੀ'* ਪੁਸਤਕ ਵਿਚ ਡਾ. ਰੰਧਾਵਾ ਨੇ ਆਪਣੇ ਜੀਵਨ ਦੀਆਂ ਕੁੱਝ ਪ੍ਰਮੁੱਖ ਘਟਨਾਵਾਂ ਨੂੰ ਯਾਦਾਂ ਦੇ ਰੂਪ ਵਿਚ ਬਿਆਨ ਕੀਤਾ ਹੈ। ਇਸ ਕਾਰਨ ਇਹ ਪੁਸਤਕ ਕਾਲ ਦੇ ਮਕਾਨਕੀ ਸੰਕਲਪ ਅਨੁਸਾਰ ਅੱਗੇ ਨਹੀਂ ਵਧਦੀ। ਕਈ ਵਾਰ ਛੜੱਪੇ ਮਾਰਦੀ ਹੋਈ ਬਹੁਤ ਸਾਰੇ ਕਾਲ-ਖੰਡਾਂ ਨੂੰ ਛੱਡ ਕੇ ਅੱਗੇ ਵਧ ਜਾਂਦੀ ਹੈ ਅਤੇ ਕਈ ਵਾਰ ਭੂਤ ਕਾਲ ਵਿਚ ਵੀ ਪਰਤ ਆਉਂਦੀ ਹੈ। ਇਸ ਸੂਰਤ ਵਿਚ ਆਮ ਪਾਠਕ ਲਈ ਇਸ ਪੁਸਤਕ ਦਾ ਪਾਠ ਕਾਫ਼ੀ ਕਠਿਨ ਹੋ ਜਾਂਦਾ ਹੈ। ਅਸੀਂ ਇਸ ਸ੍ਵੈਜੀਵਨੀ ਵਿਚਲੀਆਂ ਘਟਨਾਵਾਂ ਨੂੰ ਲੇਖਕ ਦੁਆਰਾ ਦਿੱਤੀ ਤਰਤੀਬ ਦੁਆਰਾ ਹੀ ਬਿਆਨ ਕਰਾਂਗੇ ਤਾਂ ਜੋ ਪਾਠ ਦੀ ਪ੍ਰਮਾਣਿਕਤਾ ਬਰਕਰਾਰ ਰਹਿ ਸਕੇ। ਇਸ ਪੁਸਤਕ ਵਿਚਲੀਆਂ ਘਟਨਾਵਾਂ ਦਾ ਨਿਰੂਪਣ ਕਰਨ ਲਈ ਇਸ ਨੂੰ ਹੇਠ ਲਿਖੇ ਉਪਭਾਗਾਂ ਦੁਆਰਾ ਤਰਤੀਬ ਦਿੱਤੀ ਗਈ ਹੈ :

1. ਬਚਪਨ
2. ਵਿਦਿਆਰਥੀ
3. ਨੌਕਰੀ
4. ਕਾਂਗੜਾ ਚਿੱਤਰਕਲਾ ਤੇ ਲੋਕਗੀਤਾਂ ਦੀ ਖੋਜ
5. ਅੰਨ ਸਮੱਸਿਆ ਅਤੇ ਚੰਡੀਗੜ੍ਹ ਨੂੰ ਸ਼ੰਗਾਰਨਾ।

### 3.1 ਭੂਮਿਕਾ

'ਆਪ ਬੀਤੀ' ਡਾ. ਮਹਿੰਦਰ ਸਿੰਘ ਰੰਧਾਵਾ ਦੀ ਜੀਵਨ-ਕਹਾਣੀ ਨੂੰ ਬਿਆਨ ਕਰਨ ਵਾਲੀ ਰਚਨਾ ਹੈ। ਇਕ ਵਾਰ ਜਦੋਂ ਡਾ. ਰੰਧਾਵਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਸੀ ਤਾਂ ਪੰਜਾਬੀ ਦੇ ਇਕ ਪ੍ਰੋਫ਼ੈਸਰ ਡਾ. ਦਲੀਪ ਸਿੰਘ ਦੀਪ ਨੇ ਉਸ ਦੀ ਜੀਵਨ-ਕਹਾਣੀ ਲਿਖਣ ਦਾ ਪ੍ਰਸਤਾਵ ਪੇਸ਼ ਕੀਤਾ ਸੀ। ਡਾ. ਰੰਧਾਵਾ ਨੂੰ ਉਸ ਦਾ ਇਹ ਪ੍ਰਸਤਾਵ ਬਹੁਤਾ ਪਸੰਦ ਨਾ ਆਇਆ ਕਿਉਂਕਿ ਕਿਸੇ ਮਾਤਹਿਤ ਵਿਅਕਤੀ ਕੋਲੋਂ ਲਿਖਵਾਈ ਗਈ ਜੀਵਨੀ ਵਿਚੋਂ ਸਚਾਈ ਅਤੇ ਸਾਦਗੀ ਗ਼ਾਇਬ ਹੋ ਜਾਂਦੀ ਹੈ। ਬਾਅਦ ਵਿਚ ਜਦੋਂ ਡਾ. ਰੰਧਾਵਾ ਸਾਰੀਆਂ ਜ਼ਿੰਮੇਵਾਰੀਆਂ ਤੋਂ ਵਿਹਲਾ ਹੋ ਕੇ ਖਰੜ ਰਹਿਣ ਲੱਗਾ ਤਾਂ ਉਸ ਨੇ ਆਪ ਸ੍ਵੈਜੀਵਨੀ ਲਿਖਣ ਦਾ ਸੰਕਲਪ ਕੀਤਾ। ਪਰੰਤੂ ਇਕ ਤਾਂ ਉਸ ਨੂੰ ਪੰਜਾਬੀ ਵਿਚ ਲਿਖਣ ਦਾ ਬਹੁਤਾ ਅਭਿਆਸ ਨਹੀਂ ਸੀ ਅਤੇ ਦੂਸਰੇ ਬੁਢਾਪੇ ਕਾਰਨ ਉਸ ਦੀਆਂ ਉਂਗਲਾਂ ਥੱਕ ਜਾਂਦੀਆਂ ਸਨ। ਇਸ ਕਾਰਨ ਉਸ ਨੇ ਲੇਖਣ-ਕਾਰਜ ਵਾਸਤੇ ਟ੍ਰਿਬਿਊਨ ਦੀ ਸੰਪਾਦਕੀ ਟੀਮ ਵਿਚੋਂ ਸ. ਸ਼ਿੰਗਾਰਾ ਸਿੰਘ ਭੁੱਲਰ ਦੀ ਸਹਾਇਤਾ ਲਈ। ਇਹ ਸ੍ਵੈਜੀਵਨੀ ਲੜੀਵਾਰ ਰੂਪ ਵਿਚ 'ਆਰਸੀ' ਅਤੇ 'ਪੰਜਾਬੀ ਟ੍ਰਿਬਿਊਨ' ਵਰਗੇ ਪੱਤਰਾਂ ਅਤੇ ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਹੁੰਦੀ ਰਹੀ ਹੈ। ਉਸ ਵਕਤ ਇਸ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਪ੍ਰਾਪਤ ਹੋਇਆ ਸੀ। ਇਸੇ ਕਾਰਨ ਨਵਯੁਗ ਪ੍ਰਕਾਸ਼ਨ ਵੱਲੋਂ ਇਸ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਹੁਣ ਤਕ ਇਸ ਦੇ ਤਿੰਨ ਐਡੀਸ਼ਨ

ਪ੍ਰਕਾਸ਼ਿਤ ਹੋ ਚੁੱਕੇ ਹਨ।

### 4.1 ਬਚਪਨ

ਮਹਿੰਦਰ ਸਿੰਘ ਰੰਧਾਵਾ ਨੂੰ ਆਪਣੇ ਬਚਪਨ ਦੀਆਂ ਘਟਨਾਵਾਂ ਠੀਕ ਤਰ੍ਹਾਂ ਨਾਲ ਯਾਦ ਨਹੀਂ ਸਨ। ਇਸ ਕਾਰਨ ਉਸ ਨੇ ਆਪਣੀ ਵੱਡੀ ਭੈਣ ਬੀਬੀ ਹਰਬੰਸ ਕੌਰ ਨੂੰ ਇਹ ਯਾਦਾਂ ਲਿਖਣ ਲਈ ਬੇਨਤੀ ਕੀਤੀ। ਉਸ ਨੇ ਆਪਣੇ ਛੋਟੇ ਵੀਰ ਦੀ ਕੋਈ ਗੱਲ ਕਦੇ ਮੋੜੀ ਨਹੀਂ ਸੀ। ਇਸ ਲਈ ਉਸਨੇ ਛੇਤੀ ਹੀ ਇਹ ਯਾਦਾਂ ਲਿਖ ਭੇਜੀਆਂ, ਜਿਨ੍ਹਾਂ ਨੂੰ ਡਾ. ਰੰਧਾਵਾ ਨੇ ਸੰਪਾਦਿਤ ਕਰ ਕੇ ਸੱਤ ਉਪਭਾਗਾਂ ਵਿਚ ਵੰਡ ਕੇ ਪ੍ਰਕਾਸ਼ਿਤ ਕਰਵਾ ਦਿੱਤਾ। ਪਹਿਲਾ ਭਾਗ 1902 ਈ. ਤੋ. ਸ਼ੁਰੂ ਹੋ ਜਾਂਦਾ ਹੈ, ਜਦੋਂ ਪੂਰਾ ਪਰਿਵਾਰ ਆਪਣੇ ਜੱਦੀ ਪਿੰਡ ਬੋਦਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਰਹਿੰਦਾ ਸੀ। ਰੰਧਾਵਾ ਸਾਹਿਬ ਦਾ ਪਿਤਾ ਸ. ਸ਼ੇਰ ਸਿੰਘ ਅੰਗਰੇਜ਼ੀ ਰਾਜ ਵਿਚ ਨਾਇਬ ਤਹਿਸੀਲਦਾਰ ਲੱਗਾ ਹੋਇਆ ਸੀ, ਜੋ ਉਨ੍ਹਾਂ ਦਿਨਾਂ ਵਿਚ ਬਹੁਤ ਉੱਚੀ ਪੋਸਟ ਸਮਝੀ ਜਾਂਦੀ ਸੀ। ਉਸ ਦੀ ਪਹਿਲੀ ਸ਼ਾਦੀ ਬੀਬੀ ਬਿਸ਼ਨ ਕੌਰ ਨਾਲ ਹੋਈ ਅਤੇ ਇਸ ਸ਼ਾਦੀ ਵਿਚੋਂ ਤਿੰਨ ਲੜਕੇ ਅਤੇ ਇਕ ਲੜਕੀ ਪੈਦਾ ਹੋਈ। ਬਿਸ਼ਨ ਕੌਰ ਸੁਭਾ ਦੀ ਬਹੁਤ ਅੜਬ ਸੀ। ਇਸ ਕਾਰਨ ਸ਼ੇਰ ਸਿੰਘ ਨੇ ਕਿਰਪਾਲ ਕੌਰ ਨਾਲ ਦੂਸਰੀ ਸ਼ਾਦੀ ਕਰ ਲਈ। ਪਹਿਲੀ ਪਤਨੀ ਵੀ ਨਾਲ ਹੀ ਰਹਿੰਦੀ ਸੀ। ਇਨ੍ਹਾਂ ਦੋਹਾਂ ਦੀ ਟੀ.ਬੀ. ਦੀ ਬੀਮਾਰੀ ਨਾਲ ਅੱਗੇ-ਪਿੱਛੇ ਮੌਤ ਹੋ ਗਈ। ਇਨ੍ਹਾਂ ਦਿਨਾਂ ਵਿਚ ਸ਼ੇਰ ਸਿੰਘ ਜ਼ੀਰੇ ਲੱਗਾ ਹੋਇਆ ਸੀ। ਬਾਅਦ ਵਿਚ ਉਸ ਨੇ ਸਮਰਾਲੇ ਦੀ ਇਕ ਸੁੰਦਰ ਮੁਟਿਆਰ ਬਚਿੰਤ ਕੌਰ ਨਾਲ ਤੀਜੀ ਸ਼ਾਦੀ ਕਰ ਲਈ। ਇਸ ਸ਼ਾਦੀ ਵਿਚੋਂ ਇਕ ਲੜਕੀ ਹਰਬੰਸ ਕੌਰ ਅਤੇ ਦੋ ਲੜਕੇ ਰਾਜਿੰਦਰ ਸਿੰਘ ਅਤੇ ਮਹਿੰਦਰ ਸਿੰਘ ਪੈਦਾ ਹੋਏ।

1914 ਈ. ਵਿਚ ਸ਼ੇਰ ਸਿੰਘ ਦੀ ਬਦਲੀ ਕਰਤਾਰਪੁਰ ਹੋ ਗਈ। ਮਹਿੰਦਰ ਅਤੇ ਰਾਜਿੰਦਰ (ਜੌੜੇ ਭਰਾ) ਨੂੰ ਇਥੇ ਹੀ ਸਰਕਾਰੀ ਸਕੂਲ ਵਿਚ ਪੜ੍ਹਨ ਪਾਇਆ ਗਿਆ। ਮਹਿੰਦਰ ਰਾਜਿੰਦਰ ਦੋਵੇਂ ਹੀ ਪੜ੍ਹਾਈ ਵਿਚ ਕਾਫ਼ੀ ਚੰਗੇ ਸਨ ਪਰ ਮਹਿੰਦਰ ਵਧੇਰੇ ਹੁਸ਼ਿਆਰ ਸੀ। ਉਸ ਦੀ ਖੇਡਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਬਲਕਿ ਸਾਰਾ ਦਿਨ ਪੜ੍ਹਦਾ ਰਹਿੰਦਾ ਸੀ। 1917 ਵਿਚ ਸ਼ੇਰ ਸਿੰਘ ਨੇ ਬਲਵੰਤ ਕੌਰ ਨਾਮ ਦੀ ਔਰਤ ਨਾਲ ਚੌਥੀ ਸ਼ਾਦੀ ਕਰ ਲਈ। ਇਸ ਔਰਤ ਨੇ ਮਤਰੇਈ ਮਾਂ ਵਾਲਾ ਖ਼ੂਬ ਰੰਗ ਵਿਖਾਇਆ ਅਤੇ ਬੱਚਿਆਂ ਨੂੰ ਤੰਗ ਕਰਨ ਲੱਗ ਪਈ। ਮਹਿੰਦਰ ਅਤੇ ਜੋਗਿੰਦਰ ਤਾਂ ਹੋਸਟਲਾਂ ਵਿਚ ਰਹਿਣ ਲੱਗ ਪਏ ਸਨ। ਬਾਕੀ ਬੱਚੇ ਵਿਸ਼ੇਸ਼ ਕਰਕੇ ਹਰਬੰਸ ਕੌਰ ਨੂੰ ਮਤਰੇਈ ਮਾਂ ਨੇ ਬਹੁਤ ਤੰਗ ਕੀਤਾ। ਹੌਲੀ-ਹੌਲੀ ਪਹਿਲੀ ਪਤਨੀ ਬਿਸ਼ਨ ਕੌਰ ਦੇ ਬੱਚੇ ਵੱਡੇ ਹੋ ਗਏ। ਉਨ੍ਹਾਂ ਨੇ ਘਰ ਦੀ ਜ਼ਿੰਮੇਵਾਰੀ ਸੰਭਾਲ ਲਈ। ਇਸ ਪ੍ਰਕਾਰ ਮਤਰੇਈ ਮਾਂ ਦੇ ਅਨੁਚਿਤ ਵਿਹਾਰ ਤੋਂ ਖਹਿੜਾ ਛੁੱਟਿਆ। ਫਲੌਰ ਵਿਖੇ ਮਹਿੰਦਰ-ਜੋਗਿੰਦਰ ਸਨਾਤਨ ਧਰਮ ਹਾਈ ਸਕੂਲ ਵਿਚ ਦਾਖ਼ਲ ਹੋ ਕੇ ਪੜ੍ਹਦੇ ਰਹੇ। ਇਥੇ ਹੀ ਇਸ ਪਰਿਵਾਰ ਨੂੰ ਡਾ. ਹਰਭਜਨ ਸਿੰਘ ਗਰੇਵਾਲ ਦਾ ਸਾਥ ਪ੍ਰਾਪਤ ਹੋਇਆ। ਉਸ ਦੀਆਂ ਦੋ ਧੀਆਂ ਸਨ : ਇਕਬਾਲ ਕੌਰ ਅਤੇ ਕਿਰਪਾਲ ਕੌਰ। ਬਾਅਦ ਵਿਚ ਪਰਿਵਾਰਿਕ ਨੇੜਤਾ ਦੇ ਕਾਰਨ ਮਹਿੰਦਰ ਸਿੰਘ ਦੀ ਸ਼ਾਦੀ ਇਕਬਾਲ ਕੌਰ ਨਾਲ ਹੋ ਗਈ।

1921 ਈ. ਸ. ਸ਼ੇਰ ਸਿੰਘ ਕਾਫ਼ੀ ਬੀਮਾਰ ਹੋ ਗਿਆ। ਠੀਕ ਹੋਣ ਪਿਛੋਂ ਸਾਰਾ ਪਰਿਵਾਰ ਆਪਣੇ ਜੱਦੀ ਪਿੰਡ ਬੋਦਲਾਂ ਵਿਖੇ ਆ ਗਿਆ। ਮਹਿੰਦਰ ਅਤੇ ਜੋਗਿੰਦਰ ਬਲੱਗੜੀ ਆਰੀਆ ਸਕੂਲ ਵਿਚ ਪੜ੍ਹਨ ਲੱਗ ਪਏ ਸਨ। ਸ਼ੇਰ ਸਿੰਘ ਦੇ ਪੂਰੀ ਤਰ੍ਹਾਂ ਨਾਲ ਸਵਸਥ ਹੋਣ ਉਪਰੰਤ ਉਸ ਦੀ ਪੋਸਟਿੰਗ ਮੁਕਤਸਰ ਵਿਖੇ ਹੋ ਗਈ। ਮਹਿੰਦਰ ਅਤੇ ਰਾਜਿੰਦਰ ਖਾਲਸਾ ਹਾਈ ਸਕੂਲ ਪੜ੍ਹਨ ਲੱਗ ਪਏ। ਬੀਬੀ ਮਹਿੰਦਰ ਕੌਰ, ਦੇਬੋ, ਬਚਨੋ ਤੇ ਦਿਆਲੋ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਵਾ ਦਿੱਤੀਆਂ। ਇਹ ਕੁੜੀਆਂ ਮਹਿੰਦਰ ਸਿੰਘ ਅਤੇ ਜੋਗਿੰਦਰ ਸਿੰਘ ਤੋਂ ਛੋਟੀਆਂ ਸਨ। ਤਹਿਸੀਲਦਾਰ ਸਾਹਿਬ ਦੇ ਸੁੱਖ ਨਾਲ 10-11 ਬੱਚੇ ਸਨ। ਤਿੰਨ-ਚਾਰ ਵਿਆਹਾਂ ਵਿਚੋਂ ਏਨੇ ਬੱਚਿਆਂ ਦਾ ਹੋਣਾ ਇਕ ਸੁਭਾਵਿਕ ਜਿਹੀ ਗੱਲ ਸਮਝੀ ਜਾਂਦੀ ਸੀ। ਮੁਕਤਸਰ ਰਹਿਣ ਦੌਰਾਨ ਸ਼ੇਰ ਸਿੰਘ ਨੇ ਗੁਰੂ-ਘਰ ਦੀ ਖ਼ੂਬ ਸੇਵਾ ਕੀਤੀ। ਮੁੱਖ ਗੁਰਦੁਆਰਾ ਸਾਹਿਬ (ਟੁੱਟੀ ਗੰਢੀ) ਨੂੰ ਪੁਜਾਰੀਆਂ ਦੇ ਕਬਜ਼ੇ ਤੋਂ ਮੁਕਤ ਕਰਵਾਇਆ ਅਤੇ ਅਕਾਲੀ ਸਿੰਘਾਂ ਦੀ ਲੁਕਵੀਂ ਮਦਦ ਕਰਦੇ ਰਹੇ। ਹਾਲਾਂਕਿ ਕੁਝ ਦੋਖੀਆਂ ਨੇ ਉਸ ਦੀ ਅੰਗਰੇਜ਼ ਡਿਪਟੀ ਕਮਿਸ਼ਨਰ ਪਾਸ ਸ਼ਿਕਾਇਤ ਵੀ ਕਰ ਦਿੱਤੀ ਸੀ ਪਰ ਤਾਂ ਵੀ ਸ਼ੇਰ ਸਿੰਘ ਗੁਰੂ ਘਰ ਤੋਂ ਬੇਮੁਖ ਨਾ ਹੋਇਆ। 1924 ਈ. ਵਿਚ ਮਹਿੰਦਰ ਅਤੇ ਜੋਗਿੰਦਰ ਨੇ ਮੈਟ੍ਰਿਕ ਦੀ ਪਰੀਖਿਆ ਪਾਸ ਕਰ ਲਈ। ਮਹਿੰਦਰ ਅਤੇ ਜੋਗਿੰਦਰ ਨੂੰ ਮਿਸ਼ਨ ਕਾਲਜ ਲਾਹੌਰ ਵਿਚ ਦਾਖ਼ਲ ਕਰਵਾ ਦਿਤਾ ਪਰ ਇਸੇ ਵਰ੍ਹੇ ਸ਼ੇਰ ਸਿੰਘ ਦਾ ਦੇਹਾਂਤ ਹੋ ਗਿਆ। ਇਸ ਕਾਰਨ ਹਰਬੰਸ ਅਤੇ ਦੂਜੇ ਬੱਚਿਆਂ ਨੂੰ ਵੱਡਾ ਭਰਾ ਅਮਰੀਕ ਸਿੰਘ ਬੋਦਲੀਂ ਲੈ ਆਇਆ। ਪਿਤਾ ਦੇ ਦੇਹਾਂਤ ਤੋਂ ਬਾਅਦ ਕੁਝ ਵਰ੍ਹੇ ਕਈ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਿਆ। ਪਰ ਹੌਲੀ-ਹੌਲੀ ਮਹਿੰਦਰ ਅਤੇ ਜੋਗਿੰਦਰ ਨੇ ਸਭ ਠੀਕ ਕਰ ਲਿਆ। ਬੱਚਿਆਂ ਦੇ ਚਾਚਾ ਜੀ ਨੇ ਵੀ ਇਸ ਪਰਿਵਾਰ ਦੀ ਖ਼ੂਬ ਸਹਾਇਤਾ ਕੀਤੀ।

**4.2 ਕਾਲਜ ਵਿਦਿਆਰਥੀ**

ਅਗਲੇ ਅਧਿਆਇ ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ ਲਿਖੇ ਗਏ ਹਨ। ਇਸ ਭਾਗ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਲੇਖਕ ਇਕ ਪ੍ਰਕਾਰ ਦੀ ਭੂਮਿਕਾ ਬੰਨ੍ਹਦਾ ਹੈ ਅਤੇ ਇਸ ਭੂਮਿਕਾ ਵਿਚ ਹੁਸ਼ਿਆਰਪੁਰ ਦੇ ਪਿੰਡਾਂ ਦੀ ਪ੍ਰਸ਼ੰਸਾ ਕਰਦਾ ਹੈ। ਡਾ. ਰੰਧਾਵਾ ਸੁਹਜ-ਪ੍ਰੇਮੀ ਸੀ। ਕਰੂਪ ਲੋਕ (ਵਿਸ਼ੇਸ਼ ਕਰ ਇਸਤ੍ਰੀਆਂ) ਉਸ ਨੂੰ ਚੰਗੇ ਨਹੀਂ ਸਨ ਲੱਗਦੇ। ਉਹ ਸੈਕਸ ਨੂੰ ਇਨਸਾਨੀ ਜੀਵਨ ਦਾ ਇਕ ਬੁਨਿਆਦੀ ਅਤੇ ਮਹੱਤਵਪੂਰਨ ਅੰਗ ਸਮਝਦਾ ਸੀ। ਉਸ ਅਨੁਸਾਰ ਜਿਸ ਇਨਸਾਨ ਦੇ ਸੈਕਸ-ਗਲੈਂਡ ਜ਼ੋਰਦਾਰ ਹੋਣ, ਉਹ ਬਾਰੋਬਰ ਹੁੰਦਾ ਹੈ। ਕੋਈ ਨਿਪੁੰਸ਼ਕ ਇਨਸਾਨ ਮਹਾਂਪੁਰਖ ਨਹੀਂ ਹੋ ਸਕਦਾ। ਜਿਨ੍ਹਾਂ ਆਦਮੀਆਂ ਨੇ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਆਪਣਾ ਨਾਮ ਸਥਾਪਿਤ ਕੀਤਾ ਹੈ, ਉਹ ਸਾਰੇ 'ਨਰ-ਮਨੁੱਖ' (ਯੌਨਾਚਾਰੀ) ਵਿਅਕਤੀ ਸਨ। ਉਸ ਅਨੁਸਾਰ ਜਦੋਂ ਇਹੋ ਜਿਹੇ ਵਿਅਕਤੀ ਆਪਣੀ ਯੌਨ-ਸ਼ਕਤੀ ਨੂੰ ਸੰਭਾਲ ਲੈਂਦੇ ਹਨ ਤਾਂ ਇਹ ਸ਼ਕਤੀ ਸਾਇੰਸ, ਸਾਹਿੱਤ ਅਤੇ ਕਲਾ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। (ਪੰਨਾ 75)

**ਮਿਸ਼ਨ ਕਾਲਜ ਲਾਹੌਰ (1924-26) :** 1924 ਈ. ਵਿਚ ਖਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਕਰਨ ਉਪਰੰਤ ਅੱਗੇ ਪੜ੍ਹਨ ਦਾ ਸਵਾਲ ਪੈਦਾ ਹੋ ਗਿਆ। ਇਸ ਮੰਤਵ ਲਈ ਮਹਿੰਦਰ-ਜੋਗਿੰਦਰ ਦੇ ਪਿਤਾ ਨੇ ਲਾਹੌਰ ਦੇ ਕਿਸੇ ਕਾਲਜ ਵਿਚ ਪੜ੍ਹਾਉਣ ਦਾ ਫ਼ੈਸਲਾ ਕਰ ਲਿਆ। ਗੌਰਮਿੰਟ ਕਾਲਜ ਲਾਹੌਰ ਸਭ ਤੋਂ ਚੰਗਾ ਸੀ ਪਰ ਉਥੇ ਬਹੁਤ ਅਮੀਰ ਲੋਕਾਂ ਦੇ ਬੱਚੇ ਪੜ੍ਹਦੇ ਸਨ। ਇਸ ਲਈ ਉਸਨੇ ਦੋਹਾਂ ਨੂੰ ਮਿਸ਼ਨ ਕਾਲਜ ਲਾਹੌਰ ਵਿਚ ਦਾਖਲ ਕਰਵਾ ਦਿੱਤਾ। ਗੌਰਮਿੰਟ ਕਾਲਜ ਲਾਹੌਰ ਉਸ ਨੂੰ ਆਪਣੀ ਪਹੁੰਚ ਤੋਂ ਬਾਹਰ ਪ੍ਰਤੀਤ ਹੋਇਆ ਸੀ। ਮਿਸ਼ਨ ਕਾਲਜ ਅਮਰੀਕਨ ਮਿਸ਼ਨਰੀਆਂ ਦਾ ਚਲਾਇਆ ਹੋਇਆ ਸੀ। ਮਹਿੰਦਰ ਸਿੰਘ ਰੰਧਾਵਾ ਨੇ ਮੈਡੀਕਲ ਗਰੁੱਪ ਲੈ ਲਿਆ। ਉਹ ਹਿਸਾਬ ਵਿਚ ਕੁਝ ਕਮਜ਼ੋਰ ਸੀ। ਕਿਉਂਕਿ ਕਾਲਜ ਵਿਚ ਦਾਖਲ ਹੋਣ ਤੋਂ ਤਿੰਨ-ਚਾਰ ਮਹੀਨੇ ਬਾਅਦ ਸ਼ੇਰ ਸਿੰਘ ਅਕਾਲ ਚਲਾਣਾ ਕਰ ਗਿਆ ਸੀ, ਇਸ ਕਾਰਨ ਦੋਵੇਂ ਭਰਾ ਬੜੀ ਮਿਹਨਤ ਅਤੇ ਜ਼ਿੰਮੇਵਾਰੀ ਨਾਲ ਪੜ੍ਹਾਈ ਕਰਨ ਲੱਗੇ ਪਏ। ਪ੍ਰਿੰਸੀਪਲ ਡਾ. ਲੂਕਸ, ਈਸਾਈ ਮਤਿ ਬਾਰੇ ਲੈਕਚਰ ਦਿੰਦਾ ਸੀ। ਮਹਿੰਦਰ ਸਿੰਘ ਰੰਧਾਵਾ ਨੇ ਸਿੱਖ, ਆਰੀਆ ਸਮਾਜੀ ਅਤੇ ਈਸਾਈ ਆਦਿ ਸਭ ਵਿਦਿਆਲਿਆਂ ਵਿਚ ਪੜ੍ਹ ਕੇ ਦੇਖ ਲਿਆ ਸੀ। ਇਸ ਕਾਰਨ ਹਰ ਧਰਮ ਬਾਰੇ ਉਸ ਨੂੰ ਕਾਫ਼ੀ ਗਿਆਨ ਹੋ ਗਿਆ ਸੀ। ਉਹ ਕਿਸੇ ਵੀ ਧਰਮ ਬਾਰੇ ਕੱਟੜ ਨਹੀਂ ਸੀ ਰਿਹਾ। ਪਰ ਬਾਇਆਲੋਜੀ ਨੇ ਉਸ ਦੀਆਂ ਅੱਖਾਂ ਪੂਰੀ ਤਰ੍ਹਾਂ ਨਾਲ ਖੋਲ੍ਹ ਦਿੱਤੀਆਂ। ਉਸ ਨੂੰ ਵਿਕਾਸਵਾਦ ਬਾਰੇ ਪਤਾ ਚੱਲ ਗਿਆ। ਪ੍ਰਿਥਵੀ ਉਪਰ ਜੀਵਨ ਪ੍ਰਗਤੀ ਕਰਦਾ ਹੋਇਆ ਕੋਈ ਦੋ ਸੌ ਕਰੋੜ ਸਾਲਾਂ ਵਿਚ ਆਦਮੀ ਦੀ ਜੂਨ ਤੱਕ ਪਹੁੰਚਿਆ। ਮੁੱਢ ਵਿਚ ਜ਼ਿੰਦਗੀ ਸਮੁੰਦਰਾਂ ਵਿਚ ਸ਼ੁਰੂ ਹੋਈ ਅਤੇ ਫਿਰ ਕੀੜਿਆਂ, ਗੰਡੋਇਆਂ, ਮੱਛੀਆਂ, ਡੱਡੂਆਂ, ਕਿਰਲਿਆਂ, ਦੁਧਾਰੂ ਜਾਨਵਰਾਂ ਅਤੇ ਪਰਿੰਦਿਆਂ ਵਿਚ ਹੁੰਦੀ ਹੋਈ ਆਦਮੀ ਤਕ ਪਹੁੰਚੀ। ਇਸ ਇਲਮ ਨੇ ਲੇਖਕ ਨੂੰ ਧਾਰਮਿਕ ਕਰਮ-ਕਾਂਡਾਂ ਤੋਂ ਉਪਰ ਉਠਾ ਦਿੱਤਾ। ਮਿਸ਼ਨ ਕਾਲਜ ਵਿਚ ਉਸ ਦੇ ਚਾਰ ਦੋਸਤ ਸਨ : ਅਮਰ ਚੰਦ ਜੋਸ਼ੀ, ਪ੍ਰਵੇਜ਼ ਮੁਹੰਮਦ ਇਸਮਾਈਲ, ਧਰਮ ਪਾਲ ਭੰਡਾਰੀ ਅਤੇ ਨਿਆਜ਼ ਮੁਹੰਮਦ ਖਾਂ। ਇਨ੍ਹਾਂ ਵਿਚੋਂ ਜੋਸ਼ੀ ਪੰਜਾਬ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਿਆ ਅਤੇ ਬਾਕੀ ਤਿੰਨ ਲੇਖਕ ਵਾਂਗ ਆਈ.ਸੀ.ਐਸ. ਵਿਚ ਆ ਗਏ। ਲੇਖਕ ਪੜ੍ਹਾਈ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਐਫ਼.ਐਸ-ਸੀ. ਦੀ ਪਰੀਖਿਆ ਵਿਚ ਉਹ ਕਾਲਜ ਵਿਚੋਂ ਫਸਟ ਰਿਹਾ।

**ਗੌਰਮਿੰਟ ਕਾਲਜ ਲਾਹੌਰ (1926-30) :** ਬੀ.ਐਸ-ਸੀ. ਅਤੇ ਐਮ.ਐਸ-ਸੀ. ਦੀ ਪੜ੍ਹਾਈ ਲਈ ਉਹ ਗੌਰਮਿੰਟ ਕਾਲਜ ਲਾਹੌਰ ਵਿਚ ਦਾਖਲ ਹੋ ਗਿਆ। ਉਹ ਬੌਟਨੀ ਵਿਚ ਵਿਸ਼ੇਸ਼ੱਗਤਾ ਪ੍ਰਾਪਤ ਕਰਨੀ ਚਾਹੁੰਦਾ ਸੀ। ਇਸ ਕਾਲਜ ਦਾ ਬੌਟਨੀ ਵਿਭਾਗ ਪੂਰੀ ਦੁਨੀਆਂ ਵਿਚ ਉੱਘਾ ਸੀ। ਸ਼ਿਵ ਰਾਮ ਕੇਸ਼ਪ, ਐਸ.ਐਲ. ਘੋਸ਼ ਅਤੇ ਡਾ. ਚੌਧਰੀ ਆਪਣੇ-ਆਪਣੇ ਖੇਤਰ ਵਿਚ ਬਹੁਤ ਪ੍ਰਸਿੱਧ ਸਨ। ਇਸ ਕਾਲਜ ਦਾ ਹੋਸਟਲ ਬਹੁਤ ਚੰਗਾ ਸੀ। ਪੜ੍ਹਨ ਲਈ ਅਨੁਕੂਲ ਅਵਸਰ ਮਿਲ ਜਾਂਦਾ ਸੀ। ਇਨ੍ਹਾਂ ਦਿਨਾਂ ਵਿਚ ਉਸ ਦੀ ਸੋਭਾ ਸਿੰਘ ਚਿੱਤਰਕਾਰ ਨਾਲ ਵੀ ਮੁਲਾਕਾਤ ਹੋਈ ਜੋ ਅਨਾਰਕਲੀ ਚੌਂਕ ਦੇ ਇਕ ਚੁਬਾਰੇ ਵਿਚ ਰਹਿੰਦਾ ਸੀ। ਉਸ ਨੂੰ ਪ੍ਰੋ. ਪੂਰਨ ਸਿੰਘ ਦੀ ਇਕ ਪੁਸਤਕ 'Sisters of the Spinning-wheel' ਬੜੀ ਪਸੰਦ ਸੀ ਅਤੇ ਇਹ ਪੁਸਤਕ ਉਸ ਨੇ ਕਈ ਵਾਰ ਪੜ੍ਹੀ। ਬੀ.ਐਸ-ਸੀ. ਕਰਨ ਦੌਰਾਨ ਉਸ ਨੂੰ ਐਲਗੀਆਂ (ਕਾਈਆਂ) ਇਕੱਠੀਆਂ ਕਰਨ ਦਾ ਸ਼ੌਕ ਪੈਦਾ ਹੋ ਗਿਆ ਸੀ। ਬਾਅਦ ਵਿਚ ਉਸ ਨੇ ਇਸੇ ਵਿਸ਼ੈ ਉਪਰ ਪੀਐਚ.ਡੀ. ਦੀ ਡਿਗਰੀ ਹਾਸਲ ਕੀਤੀ। ਬੀ.ਐਸ-ਸੀ. ਵਿਚੋਂ ਉਸਦੀ ਫਸਟ ਡਵੀਜ਼ਨ ਆਈ। ਐਮ.ਐਸ-ਸੀ. ਆਨਰਜ਼ ਵਿਚ ਵੀ ਉਸਨੇ ਫਸਟ ਡਵੀਜ਼ਨ ਹਾਸਲ ਕੀਤੀ। ਆਪਣੇ ਪ੍ਰਿੰਸੀਪਲ ਅਤੇ ਪ੍ਰੋਫ਼ੈਸਰਾਂ ਪਾਸੋਂ ਪ੍ਰਮਾਣ-ਪੱਤਰ ਲੈ ਕੇ ਉਹ ਆਪਣੇ ਪਿੰਡ ਆ ਗਿਆ ਅਤੇ ਕਿਸੇ ਨੌਕਰੀ ਲਈ ਹੱਥ-ਪੈਰ ਮਾਰਨ ਲੱਗਾ।

**ਆਈ.ਸੀ.ਐਸ. ਦੀ ਤਿਆਰੀ :** ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੌਟਨੀ ਦੀ ਇਕ ਪੋਸਟ ਖਾਲੀ ਹੋਈ ਤਾਂ ਲੇਖਕ ਕਾਲਜ

ਦੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਨੂੰ ਮਿਲਿਆ। ਉਸ ਨੇ ਮਹਿੰਦਰ ਸਿੰਘ ਨੂੰ ਪੁੱਛਿਆ ਕਿ ਜਪੁਜੀ ਸਾਹਿਬ ਦਾ ਪਾਠ ਕਰਦੇ ਹੋ? ਉਸ ਨੇ ਕਿਹਾ "ਨਹੀਂ"। ਇਹ ਕਹਿ ਕੇ ਮਹਿੰਦਰ ਸਿੰਘ ਆਪਣੇ ਘਰ ਪਰਤ ਆਇਆ। ਪਬਲਿਕ ਲਾਇਬਰੇਰੀ ਲਾਹੌਰ ਵਿਚ ਉਸ ਨੇ ਆਈ.ਸੀ.ਐਸ. ਦੇ ਪੈਂਫਲਿਟ ਵੇਖੇ ਸਨ। ਹੁਣ ਉਸਨੇ ਆਈ.ਸੀ.ਐਸ. ਪਰੀਖਿਆ ਵਿਚ ਬੈਠਣ ਦਾ ਫੈਸਲਾ ਕਰ ਲਿਆ। ਦਾਖਲਾ ਫਾਰਮ ਭਰਨ ਦੀ ਫੀਸ 50 ਰੁਪਏ ਸੀ। ਉਸ ਨੇ ਆਪਣੇ ਮਿੱਤਰ ਨਿਰੰਜਨ ਸਿੰਘ ਤੋਂ ਪੈਸੇ ਉਧਾਰ ਲਏ ਅਤੇ ਦਾਖਲਾ ਫਾਰਮ ਭਰ ਦਿੱਤਾ। ਇਸ ਤੋਂ ਬਾਅਦ ਤਿਆਰੀ ਕਰਨ ਵਾਸਤੇ ਉਹ ਆਪਣੇ ਵੱਡੇ ਭਰਾ ਹਰਕ੍ਰਿਸ਼ਨ ਸਿੰਘ ਪਾਸ ਬੀਕਾਨੇਰ ਚਲਾ ਗਿਆ। ਜਿਥੇ ਉਨ੍ਹਾਂ ਦੇ 30 ਮੁਰੱਬੇ ਸਨ। ਆਈ.ਸੀ.ਐਸ. ਦੀ ਪਰੀਖਿਆ ਮਿਟਕਾਫ਼ ਹਾਊਸ ਦਿੱਲੀ ਵਿਚ ਹੋਈ। ਪਹਿਲੀ ਵਾਰ ਲੇਖਕ ਉਨ੍ਹੀਵੇਂ ਸਥਾਨ 'ਤੇ ਰਿਹਾ ਅਤੇ ਉਸਦੀ ਚੋਣ ਨਾ ਹੋ ਸਕੀ। ਕੁਲ 173 ਉਮੀਦਵਾਰ ਇਸ ਪਰੀਖਿਆ ਵਿਚ ਬੈਠੇ ਸਨ। ਦੂਜੀ ਵਾਰ 1932 ਈ. ਵਿਚ ਉਹ ਪੰਜਵੇਂ ਸਥਾਨ 'ਤੇ ਰਿਹਾ ਅਤੇ ਉਸ ਦੀ ਚੋਣ ਹੋ ਗਈ।

**ਵਲਾਇਤ ਦਾ ਸਫ਼ਰ (1932-34) :** ਆਈ.ਸੀ.ਐਸ. ਦੀ ਟਰੇਨਿੰਗ ਲਈ ਇੰਗਲੈਂਡ ਜਾਣ ਤੋਂ ਪਹਿਲਾਂ 15 ਅਗਸਤ 1932 ਨੂੰ ਮਹਿੰਦਰ ਸਿੰਘ ਦੀ ਸ਼ਾਦੀ ਇਕਬਾਲ ਕੌਰ ਨਾਲ ਹੋ ਗਈ। ਇਹ ਪਰਿਵਾਰ ਉਨ੍ਹਾਂ ਦਾ ਪਹਿਲਾਂ ਤੋਂ ਜਾਣੂ ਸੀ। ਕੁਝ ਦਿਨਾਂ ਬਾਅਦ ਮਹਿੰਦਰ ਸਿੰਘ ਨੇ ਇੰਗਲੈਂਡ ਲਈ ਰਵਾਨਾ ਹੋਣਾ ਸੀ। 3 ਸਤੰਬਰ 1932 ਨੂੰ ਲੇਖਕ ਮੁੰਬਈ ਦੀ ਬੰਦਰਗਾਹ ਤੋਂ ਸਮੁੰਦਰੀ ਜਹਾਜ਼ ਰਾਹੀਂ ਇੰਗਲੈਂਡ ਨੂੰ ਚੱਲ ਪਿਆ। ਜਹਾਜ਼ ਦੇ ਸਫ਼ਰ ਵਿਚ ਉਸ ਨੂੰ ਕਾਫ਼ੀ ਬੇਆਰਾਮੀ ਝੱਲਣੀ ਪਈ। ਵੀਹ ਦਿਨਾਂ ਦੀ ਯਾਤਰਾ ਬਾਅਦ ਉਨ੍ਹਾਂ ਦਾ ਜਹਾਜ਼ ਫਰਾਂਸ ਦੀ ਬੰਦਰਗਾਹ ਮਾਰਸੇਲਜ਼ ਉਪਰ ਜਾ ਲੱਗਾ। ਸ਼ਾਮ ਨੂੰ ਰੇਲ ਗੱਡੀ ਤੇ ਸਵਾਰ ਹੋ ਕੇ ਲੇਖਕ ਅਤੇ ਹੋਰ ਪ੍ਰੋਬੇਸ਼ਨਰ ਸਾਥੀ ਪੈਰਿਸ ਜਾ ਪਹੁੰਚੇ। ਇਸ ਤੋਂ ਉਪਰੰਤ ਉਹ ਲੰਡਨ ਵੱਲ ਰਵਾਨਾ ਹੋ ਗਏ। ਲੇਖਕ ਦਾ ਜੌੜਾ ਭਰਾ ਰਾਜਿੰਦਰ ਸਿੰਘ ਪਹਿਲਾਂ ਹੀ ਲੰਡਨ ਵਿਚ ਪੜ੍ਹਾਈ ਕਰ ਰਿਹਾ ਸੀ। ਹੁਣ ਲੇਖਕ ਅਤੇ ਉਸਦਾ ਭਰਾ ਦੋਵੇਂ ਫੇਰ ਇਕੱਠੇ ਹੋ ਗਏ। ਪਰੰਤੂ ਲੇਖਕ ਦੇ ਕਾਲਜ ਵੱਖਰੇ ਸਨ। ਉਸ ਨੇ ਸਕੂਲ ਆਫ਼ ਓਰੀਐਂਟਲ ਸਟੱਡੀਜ਼, ਕਿੰਗਜ਼ ਕਾਲਜ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਪੜ੍ਹਾਈ ਕਰਨੀ ਸੀ। ਲੰਡਨ ਦੀ ਅੰਡਰਗਰਾਊਂਡ ਰੇਲ ਉਪਰ ਸਵਾਰ ਹੋ ਕੇ ਲੇਖਕ ਇਕ ਕਾਲਜ ਤੋਂ ਦੂਜੇ ਕਾਲਜ ਤਕ ਜਾਂਦਾ ਰਿਹਾ। ਇਹ ਸਫ਼ਰ ਕਾਫ਼ੀ ਸਸਤਾ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਲੇਖਕ 10 ਪਾਊਂਡ ਮਹੀਨੇ ਵਿਚ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਕੰਮ ਚਲਾ ਲੈਂਦਾ ਸੀ। ਉਸ ਨੇ ਦਾੜ੍ਹੀ-ਕੇਸ ਰੱਖੇ ਹੋਏ ਸਨ ਅਤੇ ਉਹ ਪਗੜੀ ਵੀ ਬੰਨ੍ਹਦਾ ਸੀ। ਇੰਗਲੈਂਡ ਦੀਆਂ ਦੁਸ਼ਵਾਰੀਆਂ ਕਾਰਨ ਹੀ ਉਸ ਨੇ ਦਾੜ੍ਹੀ-ਕੇਸਾਂ ਅਤੇ ਪਗੜੀ ਨੂੰ ਤਿਲਾਂਜਲੀ ਦਿੱਤੀ ਹੋਵੇਗੀ। ਇੰਗਲੈਂਡ ਵਿਚ ਪੜ੍ਹਨ ਦੌਰਾਨ ਉਸਦਾ ਮਾਰਗਰੇਟ ਨਾਮ ਦੀ ਲੜਕੀ ਨਾਲ ਪ੍ਰੇਮ ਵੀ ਹੋ ਗਿਆ ਪਰ ਉਸ ਨੇ ਦੱਸ ਦਿੱਤਾ ਕਿ ਉਹ ਵਿਆਹਿਆ ਹੋਇਆ ਹੈ। ਜਿਸ ਕਾਰਨ ਇਹ ਰਿਸ਼ਤਾ ਅੱਗੇ ਨਾ ਵਧ ਸਕਿਆ। ਲੇਖਕ ਇੰਗਲੈਂਡ ਦੇ ਲੋਕਾਂ ਦੀ ਆਤਮਕੇਂਦ੍ਰਿਤ ਰੁਚੀ ਨੂੰ ਵੇਖਕੇ ਬਹੁਤ ਹੈਰਾਨ ਹੋਇਆ। ਇਹ ਲੋਕ ਆਪਣੇ ਕੰਮ ਨਾਲ ਮਤਲਬ ਰੱਖਦੇ ਹਨ ਅਤੇ ਕਿਸੇ ਦੂਸਰੇ ਵਿਚ ਕੋਈ ਦਿਲਚਸਪੀ ਨਹੀਂ ਵਿਖਾਉਂਦੇ। ਇਥੇ ਰਹਿੰਦਾ ਹੋਇਆ ਲੇਖਕ ਲਾਇਬਰੇਰੀਆਂ ਅਤੇ ਮਿਊਜ਼ੀਅਮਾਂ ਵਿਚ ਚੱਕਰ ਲਾਉਂਦਾ ਰਹਿੰਦਾ ਸੀ। ਕਾਂਗੜਾ ਦੀ ਚਿੱਤਰ-ਕਲਾ ਨਾਲ ਪ੍ਰੇਮ ਉਸ ਨੂੰ ਇਥੇ ਰਹਿੰਦਿਆਂ ਹੀ ਹੋਇਆ, ਹਾਲਾਂਕਿ ਉਹ ਲਾਹੌਰ ਵਿਚ ਵੀ ਇਸ ਸ਼ੈਲੀ ਦੇ ਚਿੱਤਰ ਦੇਖ ਚੁੱਕਾ ਸੀ। 6 ਅਕਤੂਬਰ 1934 ਨੂੰ ਉਸਦੀ ਟਰੇਨਿੰਗ ਪੂਰੀ ਹੋ ਗਈ ਅਤੇ ਉਹ ਭਾਰਤ ਪਰਤ ਆਇਆ।

**4.3 ਨੌਕਰੀ : ਸਹਾਰਨਪੁਰ (1934-36)**

ਲੇਖਕ ਨੂੰ ਯੂ.ਪੀ.ਕਾਡਰ ਮਿਲਿਆ ਸੀ। ਉਸ ਦੀ ਪਹਿਲੀ ਪੋਸਟਿੰਗ ਬਾਗਾਂ ਦੇ ਸ਼ਹਿਰ ਸਹਾਰਨਪੁਰ ਵਿਖੇ ਹੋਈ। ਉਨ੍ਹਾਂ ਦਿਨਾਂ ਵਿਚ ਸਹਾਰਨਪੁਰ ਦੀ ਸਰਹੱਦ ਪੰਜਾਬ ਨਾਲ ਲੱਗਦੀ ਸੀ। ਲੇਖਕ ਆਪਣੀ ਪਤਨੀ ਇਕਬਾਲ ਕੌਰ ਨੂੰ ਨਾਲ ਲੈ ਕੇ ਸਹਾਰਨਪੁਰ ਵੱਲ ਰਵਾਨਾ ਹੋ ਗਿਆ। ਇਥੋਂ ਦੇ ਪਿੰਡ ਜੈਨ ਜ਼ਿਮੀਦਾਰਾਂ ਦੀ ਮਲਕੀਅਤ ਸਨ। ਉਨ੍ਹਾਂ ਦੇ ਕਾਮਿਆਂ ਦੀ ਹਾਲਤ ਬਹੁਤ ਮਾੜੀ ਸੀ। ਪਰ ਇਹ ਜ਼ਿਮੀਦਾਰ ਬੜੀ ਠਾਠ ਨਾਲ ਰਹਿੰਦੇ ਸਨ। ਰੰਡੀਆਂ ਦੇ ਨਾਚ-ਗਾਣੇ ਵੇਖਦੇ ਅਤੇ ਅਫ਼ਸਰਾਂ ਨਾਲ ਮੇਲ-ਮਿਲਾਪ ਰੱਖਦੇ। ਇਥੇ ਰਹਿ ਕੇ ਮਹਿੰਦਰ ਸਿੰਘ ਰੰਧਾਵਾ ਨੇ ਗਰਾਮ ਸਭਾ ਦੇ ਕੰਮਾਂ ਵਿਚ ਬੜੀ ਦਿਲਚਸਪੀ ਲਈ। ਉਹ ਖ਼ੁਦ ਅੱਗੇ ਹੋ ਕੇ ਹਰ ਕੰਮ ਕਰਦਾ ਸੀ। ਉਸ ਨੂੰ ਕੁਰਸੀ ਉਪਰ ਬੈਠ ਕੇ ਕੰਮ ਕਰਨ ਦੀ ਆਦਤ ਨਹੀਂ ਸੀ। ਇਹ ਆਦਤ ਹੌਲੀ-ਹੌਲੀ ਪਈ। ਉਸ ਨੂੰ ਆਪਣੀ ਪਤਨੀ ਇਕਬਾਲ ਕੌਰ ਦੀ ਸ਼ਖ਼ਸੀਅਤ ਬਾਰੇ ਵੀ ਇਥੇ ਆ ਕੇ ਹੀ ਪਤਾ ਚਲਿਆ। ਇਕਬਾਲ ਬਹੁਤ ਪਰਸਵਾਰਥੀ, ਨਿਮਰ ਅਤੇ ਹੌਸਲੇ ਵਾਲੀ ਇਸਤ੍ਰੀ ਸੀ।

**ਫ਼ੈਜ਼ਾਬਾਦ (1936-38), ਅਲਾਹਾਬਾਦ ਤੇ ਆਗਰਾ (1939-40) :** ਫ਼ੈਜ਼ਾਬਾਦ, ਅਵਧ ਦੀ ਰਾਜਧਾਨੀ ਰਹਿ ਚੁੱਕਾ ਇਕ ਪ੍ਰਸਿੱਧ ਸ਼ਹਿਰ ਸੀ ਪਰ ਡਾ. ਰੰਧਾਵਾ ਦੇ ਸਮੇਂ ਵਿਚ ਇਸ ਦੀ ਸਾਰੀ ਆਭਾ ਮੱਧਮ ਪੈ ਚੁੱਕੀ ਸੀ। ਅਵਧ ਵਿਚ ਜਾਗੀਰਦਾਰੀ ਸਿਸਟਮ

ਹੋਣ ਕਾਰਨ ਪਿੰਡਾਂ ਵਿਚ ਬਹੁਤ ਗ਼ਰੀਬੀ ਸੀ। ਇਕ-ਇਕ ਜਾਗੀਰਦਾਰ ਪਾਸ ਸੈਂਕੜੇ ਪਿੰਡ ਹੁੰਦੇ ਸਨ ਅਤੇ ਕਾਸ਼ਤਕਾਰ ਲੋਕ ਉਨ੍ਹਾਂ ਦੇ ਮੁਜ਼ਾਰੇ ਸਨ। ਫੈਜ਼ਾਬਾਦ ਦੇ ਨੇੜੇ ਹੀ ਸ੍ਰੀ ਰਾਮ ਚੰਦਰ ਨਾਲ ਜੁੜੀਆਂ ਕਈ ਯਾਦਗਾਰਾਂ ਸਨ। ਸੂਰਜ ਨਦੀ ਦੇ ਕਿਨਾਰੇ ਖੜ੍ਹੇ ਹੋ ਕੇ ਸੂਰਜ ਡੁੱਬਣ ਦਾ ਦਾ ਨਜ਼ਾਰਾ ਯਾਦਗਾਰੀ ਹੁੰਦਾ ਹੈ। ਇਸੇ ਕਾਰਨ ਸ਼ਾਮੇ-ਅਵਧ ਕਾਫ਼ੀ ਮਸ਼ਹੂਰ ਹੈ। ਇੱਥੇ ਲਾਲ ਮੂੰਹਾਂ ਵਾਲੇ ਬਾਂਦਰ ਕਾਫ਼ੀ ਸਨ ਅਤੇ ਲੋਕ ਇਨ੍ਹਾਂ ਨੂੰ ਸ੍ਰੀ ਰਾਮ ਦੀ ਸੈਨਾ ਸਮਝ ਕੇ ਭੁੰਨੇ ਹੋਏ ਛੋਲੇ ਪਾਉਂਦੇ ਸਨ। ਫੈਜ਼ਾਬਾਦ ਦਾ ਡਿਪਟੀ ਕਮਿਸ਼ਨਰ ਮਿ. ਨਿਕਲਸਨ ਸੀ, ਜੋ ਇਕ ਤਜਰਬੇਕਾਰ ਅਫ਼ਸਰ ਸੀ। ਉਸ ਨਾਲ ਕੰਮ ਕਰ ਕੇ ਡਾ. ਰੰਧਾਵਾ ਨੂੰ ਕਾਫ਼ੀ ਲਾਭ ਹੋਇਆ। ਉਸ ਵਕਤ ਰੰਧਾਵਾ ਸਾਹਿਬ ਦੀ ਤਨਖਾਹ 600 ਰੁਪਏ ਸੀ, ਜੋ ਉਨ੍ਹਾਂ ਦਿਨਾਂ ਵਿਚ ਬਹੁਤ ਚੰਗੀ ਸਮਝੀ ਜਾਂਦੀ ਸੀ। ਨੌਕਰ-ਚਾਕਰ ਦਸ ਪੰਦਰਾਂ ਰੁਪਏ ਮਹੀਨਾ ਉਪਰ ਮਿਲ ਜਾਂਦੇ ਸਨ। ਅਯੁਧਿਆ, ਫ਼ੈਜ਼ਾਬਾਦ ਤੋਂ ਕੇਵਲ ਤਿੰਨ-ਚਾਰ ਮੀਲ ਦੇ ਫਾਸਲੇ 'ਤੇ ਸੀ। ਉਥੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਸੀ। ਅਯੁੱਧਿਆ ਵਿਚ ਹੀ ਲੇਖਕ ਨੇ ਪਹਿਲੀ ਵਾਰ ਅਖਤਰੀ ਬੇਗ਼ਮ ਦਾ ਗਾਇਨ ਸੁਣਿਆ। ਅਖਤਰੀ ਬੇਗ਼ਮ ਫੈਜ਼ਾਬਾਦ ਦੀ ਰਹਿਣ ਵਾਲੀ ਸੀ। ਇਥੇ ਲੇਖਕ ਨੇ ਝੀਲਾਂ ਅਤੇ ਛੰਭਾਂ ਵਿਚੋਂ ਐਲਗੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਨੂੰ ਕਈ ਨਵੀਆਂ ਕਿਸਮ ਦੀਆਂ ਕਾਈਆਂ ਲੱਭ ਪਈਆਂ। ਬਾਅਦ ਵਿਚ ਖੋਜ-ਕਾਰਜ ਸਮੇਂ ਇਹ ਬਹੁਤ ਕੰਮ ਆਈਆਂ। ਇਸ ਜ਼ਿਲੇ ਦੇ ਪਿੰਡਾਂ ਵਿਚ ਲੜਾਈ-ਝਗੜੇ ਅਤੇ ਮੁਕੱਦਮੇਬਾਜ਼ੀ ਹੁੰਦੀ ਰਹਿੰਦੀ ਸੀ। ਲੇਖਕ ਨੇ ਬਹੁਤ ਸਾਰੇ ਮੁਕੱਦਮੇ ਨਿਪਟਾਏ। ਮਈ 1939 ਵਿਚ ਉਸ ਦੀ ਬਦਲੀ ਅਲਮੋੜੇ ਹੋ ਗਈ। ਇਹ ਇਕ ਪਹਾੜੀ ਪਿੰਡ ਸੀ। ਅਲਮੋੜੇ ਦਾ ਪਾਣੀ ਅਬਰਕ ਮਿਲਿਆ ਹੋਣ ਕਾਰਨ ਪੀਣ ਦੇ ਯੋਗ ਨਹੀਂ ਸੀ। ਇਥੋਂ ਦਾ ਡਿਪਟੀ ਕਮਿਸ਼ਨਰ ਧਰਮਵੀਰ ਸੀ। ਲੇਖਕ ਅਜੇ ਤਕ ਐਸ.ਡੀ.ਐਮ. ਦੀ ਪਦਵੀ ਉਪਰ ਸੀ। ਇਸ ਜ਼ਿਲ੍ਹੇ ਵਿਚ ਰਾਜਪੂਤ ਜ਼ਿਮੀਦਾਰ ਸਨ ਅਤੇ ਬਾਕੀ ਜਾਤੀਆਂ ਨੂੰ ਸ਼ਿਲਪਕਾਰ ਕਿਹਾ ਜਾਂਦਾ ਸੀ। ਅਲਮੋੜਾ ਸ਼ਹਿਰ ਵਿਚ ਬ੍ਰਾਹਮਣ ਅਤੇ ਬਾਣੀਏਂ ਵੀ ਰਹਿੰਦੇ ਸਨ। ਇਸ ਸਮੇਂ ਤਕ ਲੇਖਕ ਦੇ ਦੋ ਬੱਚੇ ਪੈਦਾ ਹੋ ਗਏ ਸਨ, ਜਿਨ੍ਹਾਂ ਦੇ ਨਾਮ ਸੁਰਿੰਦਰ ਅਤੇ ਅੰਮ੍ਰਿਤ ਸਨ।

1939 ਈ. ਵਿਚ ਲੇਖਕ ਦੀ ਪਦ-ਉੱਨਤੀ ਹੋ ਗਈ। ਉਹ ਐਡੀਸ਼ਨਲ ਕੁਲੈਕਟਰ (ਏ.ਡੀ.ਸੀ.) ਬਣ ਗਿਆ। ਹੁਣ ਉਸਦੀ ਪੋਸਟਿੰਗ ਅਲਾਹਾਬਾਦ ਹੋ ਗਈ। ਅਲਾਹਾਬਾਦ ਵਿਚ ਯੂ.ਪੀ. ਦੇ ਪ੍ਰਸਿੱਧ ਵਕੀਲਾਂ ਦੀਆਂ ਕੋਠੀਆਂ ਸਨ, ਜਿਨ੍ਹਾਂ ਵਿਚੋਂ ਤੇਜ ਬਹਾਦਰ ਸਪਰੂ, ਕੈਲਾਸ਼ ਕਾਟਜੂ, ਸ਼ਫਾਤ ਅਹਿਮਦ ਖਾਂ, ਮੋਤੀ ਲਾਲ ਨਹਿਰੂ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਸੇ ਦੌਰਾਨ ਦੂਸਰਾ ਵਿਸ਼ਵ-ਯੁੱਧ ਸ਼ੁਰੂ ਹੋ ਗਿਆ। ਗਰਾਮ ਸੁਧਾਰ ਦਾ ਸਾਰਾ ਕੰਮ ਮੱਠਾ ਪੈ ਗਿਆ। ਅਲਾਹਾਬਾਦ ਜ਼ਿਲ੍ਹੇ ਦੇ ਦੋ ਹਿੱਸਿਆਂ ਵਿਚੋਂ ਗੰਗਾ ਗੁਜ਼ਰਦੀ ਹੈ ਅਤੇ ਦੋ ਵਿਚੋਂ ਜਮਨਾ। ਬਾਅਦ ਵਿਚ ਇਹ ਸੰਗਮ ਉਪਰ ਇਕੱਠੀਆਂ ਹੋ ਜਾਂਦੀਆਂ ਹਨ। ਇਸ ਸ਼ਹਿਰ ਵਿਚ ਹੋਲੀ ਅਤੇ ਮੁਹੱਰਮ ਦੇ ਤਿਉਹਾਰਾਂ ਉਪਰ ਹਿੰਦੂ-ਮੁਸਲਮਾਨਾਂ ਵਿਚ ਅਕਸਰ ਫਸਾਦ ਹੋ ਜਾਂਦੇ ਸਨ। ਰੰਧਾਵੇ ਨੇ ਬਦਮਾਸ਼ਾਂ ਨੂੰ ਪਕੜ ਕੇ ਸ਼ਹਿਰ ਵਿਚ ਅਮਨ ਕਾਇਮ ਕਰ ਦਿੱਤਾ। ਕੁਝ ਮਹੀਨਿਆਂ ਬਾਅਦ ਹੀ ਉਸ ਦੀ ਬਦਲੀ ਆਗਰੇ ਦੀ ਹੋ ਗਈ। ਇਨ੍ਹਾਂ ਦਿਨਾਂ ਵਿਚ ਕਾਂਗਰਸੀ ਲੀਡਰਾਂ ਨੂੰ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰ ਕਰ ਲਿਆ ਸੀ। ਲੇਖਕ ਇਨ੍ਹਾਂ ਲੀਡਰਾਂ ਅਤੇ ਉਨ੍ਹਾਂ ਦੇ ਕਾਰਕੁਨਾਂ ਨਾਲ ਬਹੁਤ ਨਰਮੀ ਵਰਤਦਾ ਸੀ।

**ਡਿਪਟੀ ਕਮਿਸ਼ਨਰੀ ਦੇ ਦਿਨ (1941-44) :** 14 ਸਤੰਬਰ 1941 ਨੂੰ ਲੇਖਕ ਰਾਏ ਬਰੇਲੀ ਦਾ ਡਿਪਟੀ ਕਮਿਸ਼ਨਰ ਲੱਗ ਗਿਆ। ਇਹ ਇਕ ਛੋਟਾ ਜਿਹਾ ਜ਼ਿਲ੍ਹਾ ਸੀ। ਇਥੇ ਜਾਗੀਰਦਾਰੀ ਸਿਸਟਮ ਚਲਦਾ ਸੀ। ਕਿਸਾਨਾਂ ਦੀ ਹਾਲਤ ਬਹੁਤ ਤਰਸਯੋਗ ਸੀ। ਉਮਾਨਾਥ ਬਖਸ਼, ਬਿਸ਼ਨ ਨਾਥ ਸ਼ਰਨ ਸਿੰਘ, ਰਾਜਾ ਕ੍ਰਿਸ਼ਨਪਾਲ ਸਿੰਘ, ਰਾਜਾ ਮਹੇਸ਼ ਪ੍ਰਤਾਪ ਨਾਰਾਇਣ ਸਿੰਘ ਇਥੋਂ ਦੇ ਕੁਝ ਪ੍ਰਮੁੱਖ ਜਾਗੀਰਦਾਰ ਸਨ ਜੋ ਅੰਗਰੇਜ਼ ਸਰਕਾਰ ਨੂੰ ਲੱਖਾਂ ਰੁਪਏ ਮਾਲੀਆ ਅਦਾ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿਚੋਂ ਵੀ ਕੁਝ ਲੋਕ ਇਥੇ ਰਹਿੰਦੇ ਸਨ। ਇਨ੍ਹਾਂ ਨੂੰ 1849 ਈ. ਵਿਚ ਅੰਗਰੇਜ਼ਾਂ ਵਲੋਂ ਰਾਏ ਬਰੇਲੀ ਵਿਖੇ ਜਲਾਵਤਨ ਕੀਤਾ ਗਿਆ ਸੀ। ਜਾਗੀਰਦਾਰ ਲੋਕ ਨੇਪਾਲ ਦੀਆਂ ਸੁੰਦਰ ਅਤੇ ਖਾਨਦਾਨੀ ਮੁਟਿਆਰਾਂ ਨਾਲ ਸ਼ਾਦੀਆਂ ਕਰਦੇ ਸਨ। ਇਹ ਲੋਕ ਆਪਣਾ ਸਾਰਾ ਪੈਸਾ ਤਵਾਇਫ਼ਾਂ, ਗਾਇਕਾਵਾਂ ਅਤੇ ਮੁਕੱਦਮੇਬਾਜ਼ੀ ਉਪਰ ਖਰਚ ਕਰ ਦਿੰਦੇ ਸਨ। ਇਨ੍ਹਾਂ ਜਾਗੀਰਦਾਰਾਂ ਦਾ ਕਿਰਦਾਰ ਜੋਕਾਂ ਵਰਗਾ ਸੀ। ਮੁਜ਼ਾਰਿਆਂ ਦਾ ਖ਼ੂਨ ਚੂਸਣ ਤੋਂ ਬਿਨਾਂ ਇਨ੍ਹਾਂ ਪਾਸ ਹੋਰ ਕੋਈ ਕੰਮ ਨਹੀਂ ਸੀ। ਅਵਧ ਦੇ ਜਾਗੀਰਦਾਰਾਂ ਵਿਚ ਪ੍ਰਤਾਪ ਗੜ੍ਹ ਜ਼ਿਲ੍ਹੇ ਦਾ ਇਕ ਖ਼ਾਨਦਾਨ ਹੀ ਅਜਿਹੇ ਐਬਾਂ ਤੋਂ ਬਚਿਆ ਹੋਇਆ ਸੀ। ਇਸ ਖਾਨਦਾਨ ਦਾ ਇਕ ਵਿਅਕਤੀ ਦਿਨੇਸ਼ ਸਿੰਘ ਭਾਰਤ ਸਰਕਾਰ ਵਿਚ ਮੰਤਰੀ ਵੀ ਬਣਿਆ। ਸੁਰੇਸ਼ ਨੂੰ ਪਰਿੰਦਿਆਂ ਦਾ ਅਧਿਐਨ ਕਰਨ ਵਿਚ ਦਿਲਚਸਪੀ ਸੀ ਅਤੇ ਬ੍ਰਿਜੇਸ਼ ਨੇ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਕੇ ਸਟਾਲਿਨ ਦੀ ਬੇਟੀ ਸਵੈਤਲਾਨਾ ਨਾਲ ਸ਼ਾਦੀ ਕੀਤੀ ਸੀ।

**ਦਿੱਲੀ (1945-48) :** ਰਾਏ ਬਰੇਲੀ ਵਿਚ ਚਾਰ ਸਾਲ ਡਿਪਟੀ ਕਮਿਸ਼ਨਰੀ ਕਰਨ ਤੋਂ ਬਾਅਦ 1945 ਈ: ਵਿਚ ਲੇਖਕ 1945 ਇੰਪੀਰੀਅਲ ਕੌਂਸਲ ਔਫ਼ ਐਗਰੀਕਲਚਰ ਰੀਸਰਚ ਦਾ ਸੈਕਟਰੀ ਬਣ ਕੇ ਦਿੱਲੀ ਚਲਾ ਗਿਆ। ਦਿੱਲੀ ਵਿਚ ਚੰਗੇ ਮਕਾਨ ਮਿਲਣ ਦੀ ਬਹੁਤ ਸਮੱਸਿਆ ਸੀ। ਬੜੀ ਭੱਜ-ਨੱਠ ਪਿਛੋਂ ਸਰ ਸੋਭਾ ਸਿੰਘ ਠੇਕੇਦਾਰ ਦੇ ਬਣਾਏ ਸੁਜਾਨ ਸਿੰਘ ਪਾਰਕ ਵਿਚ ਇਕ

ਫਲੈਟ ਮਿਲਿਆ। ਆਈ.ਸੀ.ਏ.ਆਰ. ਦਾ ਵਾਈਸ-ਪ੍ਰੈਜ਼ੀਡੈਂਟ ਹਰਬਰਟ ਸਟੂਅਰਟ ਬੜਾ ਤਜਰਬੇਕਾਰ ਅਫ਼ਸਰ ਸੀ। ਖੇਤੀਬਾੜੀ ਮੰਤਰੀ ਸਰ ਜੋਗਿੰਦਰ ਸਿੰਘ ਸੀ। ਉਸ ਨੇ ਇਕ ਅੰਗਰੇਜ਼ ਔਰਤ ਨਾਲ ਸ਼ਾਦੀ ਕੀਤੀ ਹੋਈ ਸੀ। ਜਾਣ-ਪਹਿਚਾਣ ਵਾਲੇ ਲੋਕ ਉਸਨੂੰ ਜੋਗੀ ਕਹਿ ਕੇ ਬੁਲਾਉਂਦੇ ਸਨ। ਉਸ ਨੂੰ ਖੇਤੀਬਾੜੀ ਦੇ ਕੰਮ ਦਾ ਕਾਫ਼ੀ ਤਜਰਬਾ ਸੀ। ਉਹ ਪੰਜਾਬ ਦਾ ਪਹਿਲਾ ਜ਼ਿਮੀਦਾਰ ਸੀ, ਜਿਸ ਨੇ ਟ੍ਰੈਕਟਰ ਨਾਲ ਖੇਤੀ ਕਰਨ ਦਾ ਕੰਮ ਕੀਤਾ ਸੀ। ਇਨ੍ਹਾਂ ਦਿਨਾਂ ਵਿਚ ਉਸ ਨੂੰ ਲਾਹੌਰ ਜਾਣ ਦਾ ਮੌਕਾ ਮਿਲਿਆ। ਉਥੇ ਉਸ ਦੀ ਮੁਲਾਕਾਤ ਪੰਜਾਬੀ ਲੇਖਕ ਦੇਵਿੰਦਰ ਸਤਿਆਰਥੀ ਨਾਲ ਹੋਈ। ਇਹ ਦੋਸਤੀ ਬੜੇ ਲੰਬੇ ਸਮੇਂ ਤਕ ਨਿਭੀ। ਇਸੇ ਨੌਕਰੀ ਦੌਰਾਨ ਕਿਊਬਕ ਸ਼ਹਿਰ ਵਿਚ ਹੋਣ ਵਾਲੀ ਐਗਰੀਕਲਚਰ ਕਾਨਫ਼ਰੰਸ ਦੇ ਸਿਲਸਿਲੇ ਵਿਚ ਲੇਖਕ ਨੂੰ ਹਵਾਈ ਜਹਾਜ਼ ਵਿਚ ਸਫ਼ਰ ਕਰਨ ਦਾ ਅਨੁਭਵ (1945) ਪ੍ਰਾਪਤ ਹੋਇਆ।

1946 ਵਿਚ ਨਵੰਬਰ ਦੇ ਮਹੀਨੇ ਤਕ ਭਾਰਤ ਦੇ ਆਜ਼ਾਦ ਹੋਣ ਬਾਰੇ ਸਭ ਕੁਝ ਨਿਸ਼ਚਿਤ ਹੋ ਗਿਆ ਸੀ। ਹਿੰਦੂ-ਮੁਸਲਿਮ ਫਸਾਦ ਸ਼ੁਰੂ ਹੋ ਚੁਕੇ ਸਨ। ਦਿੱਲੀ ਵੀ ਇਨ੍ਹਾਂ ਫਸਾਦਾਂ ਦੀ ਪਕੜ ਵਿਚ ਆ ਚੁਕੀ ਸੀ। ਇਕ ਦਿਨ ਲੇਖਕ ਨੂੰ ਸਰਦਾਰ ਪਟੇਲ ਨੇ ਆਪਣੇ ਦਫ਼ਤਰ ਵਿਚ ਬੁਲਾਇਆ ਅਤੇ ਦੱਸਿਆ ਕਿ ਉਹ ਉਸਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਨਿਯੁਕਤ ਕਰਨਾ ਚਾਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਇਕ ਅੰਗਰੇਜ਼ ਅਫ਼ਸਰ ਲੀ ਬੇਲੀ ਡਿਪਟੀ ਕਮਿਸ਼ਨਰ ਲੱਗਾ ਹੋਇਆ ਸੀ। ਲੇਖਕ ਦੇ "ਹਾਂ" ਕਰਨ ਪਿਛੋਂ ਲੀ ਬੇਲੀ ਦੀ ਛੁੱਟੀ ਕਰ ਦਿੱਤੀ ਗਈ ਅਤੇ ਮਹਿੰਦਰ ਸਿੰਘ ਰੰਧਾਵਾ ਨੇ ਪ੍ਰਬੰਧ ਸੰਭਾਲ ਲਿਆ। ਦਿੱਲੀ ਵਿਚ ਗੁੰਡਾਗਰਦੀ ਅਤੇ ਫਸਾਦਾਂ ਨਾਲ ਨਜਿੱਠਣ ਵਾਸਤੇ ਰੰਧਾਵੇ ਨੇ ਇਕ ਵਿਆਪਕ ਯੋਜਨਾ ਤਿਆਰ ਕੀਤੀ। ਪਰ ਜਿਵੇਂ-ਜਿਵੇਂ ਆਜ਼ਾਦੀ ਦਾ ਦਿਨ ਨੇੜੇ ਆਉਂਦਾ ਜਾਂਦਾ ਸੀ, ਦਿੱਲੀ ਦਾ ਵਾਤਾਵਰਣ ਵਧੇਰੇ ਡਰਾਉਣਾ ਬਣਦਾ ਜਾ ਰਿਹਾ ਸੀ। ਅਗਸਤ ਦਾ ਮਹੀਨਾ ਚੜ੍ਹਦਿਆਂ ਹੀ ਦਿੱਲੀ ਉਪਰ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਪਹਿਲਾਂ ਤਾਂ ਜਮਨਾ ਵਿਚ ਹੜ੍ਹ ਆ ਗਿਆ ਅਤੇ ਫਿਰ ਭਿਆਨਕ ਫਸਾਦ ਸ਼ੁਰੂ ਹੋ ਗਏ। ਲੇਖਕ ਨੇ ਪੂਰੀ ਨਿਰਭੈਤਾ ਅਤੇ ਦ੍ਰਿੜ੍ਹਤਾ ਨਾਲ ਇਨ੍ਹਾਂ ਦੋਹਾਂ ਮੁਸੀਬਤਾਂ ਉਪਰ ਕਾਬੂ ਪਾਇਆ। ਪੰਡਿਤ ਨਹਿਰੂ ਉਸ ਦੀ ਕਾਰਜ-ਸ਼ੈਲੀ ਉਪਰ ਬਹੁਤ ਪ੍ਰਸੰਨ ਸੀ।

**ਪੰਜਾਬ ਦੇ ਹਾਲਾਤ (1947-1949) :** ਵੰਡ ਸਮੇਂ ਹਿੰਦੂਆਂ ਪਾਸ ਹਿੰਦੁਸਤਾਨ ਅਤੇ ਮੁਸਲਮਾਨਾਂ ਪਾਸ ਪਾਕਿਸਤਾਨ ਆ ਗਿਆ। ਸਿੱਖਾਂ ਨੇ ਆਪਣੀ ਹੋਣੀ ਹਿੰਦੁਸਤਾਨ ਨਾਲ ਜੋੜ ਲਈ ਕਿਉਂਕਿ ਸਿੱਖ ਹਿੰਦੂਆਂ ਵਿਚੋਂ ਹੀ ਪੈਦਾ ਹੋਏ ਸਨ ਅਤੇ ਇਨ੍ਹਾਂ ਨਾਲ ਸਿੱਖਾਂ ਦੀ ਰੋਟੀ-ਬੇਟੀ ਦੀ ਸਾਂਝ ਵੀ ਬਣੀ ਹੋਈ ਸੀ। ਪੰਜਾਬੀਆਂ ਦੀ ਲੀਡਰਸ਼ਿਪ ਕਾਫ਼ੀ ਬੋਦੀ ਤੇ ਕਮਜ਼ੋਰ ਸੀ। ਭਾਵੇਂ ਸ. ਸਵਰਨ ਸਿੰਘ ਬਹੁਤ ਸਿਆਣਾ ਵਿਅਕਤੀ ਸੀ ਪਰ ਉਹ ਕੇਂਦਰੀ ਵਜ਼ਾਰਤ ਨਾਲ ਜੁੜਿਆ ਰਹਿਣਾ ਚਾਹੁੰਦਾ ਸੀ। ਪੰਜਾਬ ਵਿਚ ਗੋਪੀ ਚੰਦ ਭਾਰਗੋ ਅਤੇ ਭੀਮ ਸੈਨ ਸੱਚਰ ਵਰਗੇ ਲੀਡਰ ਵੀ ਸਨ ਪਰ ਉਨ੍ਹਾਂ ਨੂੰ ਪੰਜਾਬੀ ਕਿਰਸਾਣੀ ਦੀਆਂ ਸਮੱਸਿਆਵਾਂ ਬਾਰੇ ਬਹੁਤਾ ਇਲਮ ਨਹੀਂ ਸੀ। ਸ. ਪਰਤਾਪ ਸਿੰਘ ਕੈਰੋਂ ਅਜੇ ਗੁਮਨਾਮ ਜਿਹਾ ਨੇਤਾ ਸੀ। ਇਨ੍ਹਾਂ ਪਰਿਸਥਿਤੀਆਂ ਵਿਚ ਪੰਜਾਬੀਆਂ ਦੀ ਬਾਂਹ ਪਕੜਨ ਵਾਲਾ ਕੋਈ ਦੂਰਦਰਸ਼ੀ ਨੇਤਾ ਨਹੀਂ ਸੀ। ਪੱਛਮੀ ਪੰਜਾਬ ਤੋਂ ਹਿੰਦੂ-ਸਿਖਾਂ ਦੀਆਂ ਭਰੀਆਂ ਹੋਈਆਂ ਗੱਡੀਆਂ ਰੋਜ਼ ਆ ਰਹੀਆਂ ਸਨ। ਮਹਿੰਦਰ ਸਿੰਘ ਰੰਧਾਵਾ ਦੇ ਕਹਿਣ 'ਤੇ ਪੰਡਿਤ ਨਹਿਰੂ ਨੇ ਮੁੜ-ਵਸਾਊ ਮਨਿਸਟਰੀ ਬਣਾਈ ਅਤੇ ਪੁਨਰ-ਵਸੇਬੇ ਦਾ ਕੰਮ ਸ਼ੁਰੂ ਹੋਇਆ। ਡਾ. ਰੰਧਾਵਾ ਨੇ ਗੁਰਬਖਸ਼ ਸਿੰਘ ਪ੍ਰੀਤਲੜੀ, ਭਾਪਾ ਪ੍ਰੀਤਮ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਬਹੁਤ ਸਾਰੇ ਲੇਖਕਾਂ ਨੂੰ ਪਲਾਟ ਦਿੱਤੇ ਅਤੇ ਉਨ੍ਹਾਂ ਦੇ ਦਿੱਲੀ ਵਿਚ ਪੈਰ ਲਾ ਦਿੱਤੇ।

**ਪੁਨਰ-ਵਸੇਬਾ (1949-1951) :** ਪੱਛਮੀ ਪੰਜਾਬ ਦੇ ਸ਼ਰਨਾਰਥੀਆਂ ਦੇ ਪੁਨਰ-ਵਸੇਬੇ ਲਈ ਡਾ. ਰੰਧਾਵਾ ਨੇ ਅੰਬਾਲੇ ਤੋਂ ਕੰਮ ਸ਼ੁਰੂ ਕੀਤਾ। ਬਾਅਦ ਵਿਚ ਉਹ ਜਲੰਧਰ ਆ ਗਿਆ। ਉਥੇ 7000 ਪਟਵਾਰੀ ਅਤੇ ਸੈਂਕੜੇ ਅਫ਼ਸਰ, ਜ਼ਮੀਨਾਂ ਦੀ ਅਲਾਟਮੈਂਟ ਕਰਨ ਲੱਗੇ। ਡਾ. ਰੰਧਾਵਾ ਇਨ੍ਹਾਂ ਕਰਮਚਾਰੀਆਂ ਦੇ ਦਰਮਿਆਨ ਬੈਠਾ ਰਹਿੰਦਾ ਸੀ ਤਾਂ ਕਿ ਕਿਸੇ ਸ਼ਰਨਾਰਥੀ ਨੂੰ ਸ਼ਿਕਾਇਤ ਨਾ ਰਹੇ। ਪੱਛਮੀ ਪੰਜਾਬ ਤੋਂ ਆਏ ਪੰਜਾਬੀ ਸ਼ਰਨਾਰਥੀਆਂ ਨੂੰ ਜ਼ਿਲ੍ਹਾ ਹੁਸ਼ਿਆਰਪੁਰ, ਕਰਨਾਲ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ। ਇਸ ਪ੍ਰਕਾਰ ਦੋ ਕੁ ਵਰ੍ਹਿਆਂ ਵਿਚ ਸਾਰਾ ਕੰਮ ਮੁੱਕ ਗਿਆ। ਉਨ੍ਹਾਂ ਦਿਨਾਂ ਵਿਚ ਪਰਤਾਪ ਸਿੰਘ ਕੈਰੋਂ ਪੰਜਾਬ ਦਾ ਵਿਕਾਸ-ਮੰਤਰੀ ਸੀ। ਉਸ ਨੇ ਡਾ. ਰੰਧਾਵੇ ਨੂੰ ਚਕਬੰਦੀ ਦਾ ਕੰਮ ਕਰਨ ਲਈ ਕਿਹਾ। ਇਸ ਨਾਲ ਕਿਸਾਨਾਂ ਦੀ ਵੱਖ-ਵੱਖ ਥਾਵਾਂ 'ਤੇ ਖਿਲਰੀ ਹੋਈ ਜ਼ਮੀਨ ਇਕੱਠੀ ਹੋ ਗਈ। ਕਿਸਾਨ ਸੌਖੇ ਹੋ ਗਏ ਅਤੇ ਇਸੇ ਦੌਰਾਨ ਪੂਰੇ ਪੰਜਾਬ ਨੂੰ ਕੱਚੀਆਂ ਸੜਕਾਂ ਦੇ ਜਾਲ ਨਾਲ ਜੋੜ ਦਿੱਤਾ, ਜੋ ਹੌਲੀ-ਹੌਲੀ ਪੱਕੀਆਂ ਹੁੰਦੀਆਂ ਗਈਆਂ।

### 4.4 ਕਾਂਗੜਾ

ਇਸ ਪੁਸਤਕ ਦੇ ਅੰਤਿਮ ਭਾਗ ਵਿਚ ਕਾਂਗੜੇ ਦੀ ਚਿੱਤਰ ਕਲਾ ਅਤੇ ਲੋਕਗੀਤਾਂ ਬਾਰੇ ਵਿਸਤਾਰ ਨਾਲ ਦੱਸਿਆ ਗਿਆ ਹੈ। ਕਾਂਗੜਾ ਪੇਟਿੰਗ ਸੰਬੰਧੀ ਡਾ. ਰੰਧਾਵਾ ਦੀਆਂ ਅੰਗਰੇਜ਼ੀ ਵਿਚ ਕਈ ਪੁਸਤਕਾਂ ਛਪ ਚੁੱਕੀਆਂ ਹਨ। ਕਾਂਗੜਾ, ਪੰਜਾਬ ਅਤੇ ਹਰਿਆਣੇ

ਦੇ ਲੋਕਗੀਤਾਂ ਬਾਰੇ ਉਸ ਨੇ ਕਾਫ਼ੀ ਕੰਮ ਕੀਤਾ ਅਤੇ ਇਨ੍ਹਾਂ ਨੂੰ ਇਕੱਤਰ ਕਰ ਕੇ ਕੁਝ ਪੁਸਤਕਾਂ ਛਪਵਾਈਆਂ। ਜੀਵਨ ਦੇ ਅੰਤਿਮ ਵਰ੍ਹਿਆਂ ਵਿਚ ਉਹ ਗਾਰਡਨ ਕਾਲੋਨੀ ਖਰੜ ਵਿਚ ਆ ਵੱਸਿਆ। 3 ਮਾਰਚ 1986 ਨੂੰ ਉਹ ਇਥੇ ਹੀ ਚਲਾਣਾ ਕਰ ਗਿਆ। ਉਹ ਪੰਜਾਬ ਦਾ ਇਕ ਮਹਾਨ ਬੁੱਧੀਮਾਨ ਪ੍ਰਸ਼ਾਸਕ ਸੀ ਅਤੇ ਸੁਪਨੇਸਾਜ਼ ਵਿਅਕਤੀ ਸੀ ਜੋ ਆਪਣੀ ਅਸਾਧਾਰਣ ਪ੍ਰਤਿਭਾ ਦੇ ਸਹਾਰੇ ਭਾਰਤਵਰਸ਼ ਦਾ ਇਕ ਮਹਾਨ ਨਾਗਰਿਕ ਸਿੱਧ ਹੋਇਆ।

### 5.1 ਨਿਸ਼ਕਰਸ਼

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਵਿਚੋਂ ਉਠਿਆ ਅਤੇ ਦੇਖਦਿਆਂ-ਦੇਖਦਿਆਂ ਹੀ ਉਹ ਭਾਰਤੀ ਸਭਿਆਚਾਰ ਦੇ ਆਕਾਸ਼ ਉਪਰ ਛਾ ਗਿਆ। ਉਸ ਨੇ ਪੱਛਮੀ ਪੰਜਾਬ ਤੋਂ ਆਏ ਲੱਖਾਂ ਸ਼ਰਨਾਰਥੀਆਂ ਦੇ ਪੁਨਰ-ਵਸੇਬੇ ਦਾ ਪ੍ਰਬੰਧ ਕੀਤਾ, ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਲਾਇਬਰੇਰੀਆਂ ਦਾ ਜਾਲ ਵਿਛਾਈਆ। ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ ਦੀ ਨਵੇਂ ਸਿਰਿਉਂ ਚੱਕਬੰਦੀ ਕੀਤੀ। ਉਹ ਆਧੁਨਿਕ ਪੰਜਾਬ ਅਤੇ ਉੱਤਰੀ ਭਾਰਤ ਦਾ ਨਿਰਮਾਤਾ ਸੀ।

ਪਾਠ ਨੰ: 1.2 - ਪ੍ਰੋ. ਰਾਜਬੀਰ ਕੌਰ

## II. 'ਆਪ ਬੀਤੀ' : ਸਮਾਜਿਕ-ਸਭਿਆਚਾਰਕ ਸਰੋਕਾਰ

### 2.1 ਉਦੇਸ਼

ਇਸ ਪਾਠ ਦਾ ਉਦੇਸ਼ ਐਮ.ਏ. ਦੇ ਵਿਦਿਆਰਥੀਆਂ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਰਚਿਤ ਸ੍ਵੈਜੀਵਨੀ ਵਿਚ ਅੰਕਿਤ ਹੋਏ ਸਮਾਜਿਕ-ਸਭਿਆਚਾਰਕ ਸਰੋਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਡਾ. ਰੰਧਾਵਾ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਪਿੰਡ ਬੋਦਲਾਂ ਵਿਚ ਹੋਇਆ ਸੀ। ਉਸਦਾ ਪਿਤਾ ਸ. ਸ਼ੇਰ ਸਿੰਘ ਨਾਇਬ-ਤਹਿਸੀਲਦਾਰ ਵਜੋਂ ਭਰਤੀ ਹੋਇਆ ਸੀ, ਬਾਅਦ ਵਿਚ ਉਹ ਤਹਿਸੀਲਦਾਰ ਵੀ ਬਣ ਗਿਆ ਸੀ। ਉਨ੍ਹਾਂ ਦਿਨਾਂ ਵਿਚ ਤਹਿਸੀਲਦਾਰੀ ਕਾਫ਼ੀ ਚੰਗੀ ਪੋਸਟ ਸਮਝੀ ਜਾਂਦੀ ਸੀ, ਅੱਜ ਵੀ ਇਸ ਨੂੰ ਬਾਵਕਾਰ ਪੋਸਟ ਸਮਝਿਆ ਜਾਂਦਾ ਹੈ। ਨੌਕਰੀ ਦੇ ਸਿਲਸਿਲੇ ਵਿਚ ਸ਼ੇਰ ਸਿੰਘ ਜ਼ੀਰਾ, ਮੁਕਤਸਰ, ਸਮਰਾਲਾ ਅਤੇ ਫਲੌਰ ਵਰਗੀਆਂ ਕਈ ਥਾਵਾਂ ਉਪਰ ਲੱਗਾ ਰਿਹਾ। ਮਹਿੰਦਰ ਸਿੰਘ ਰੰਧਾਵਾ ਅਤੇ ਹੋਰ ਬੱਚੇ ਉਸ ਦੇ ਨਾਲ-ਨਾਲ ਨੌਕਰੀ ਵਾਲੀਆਂ ਥਾਵਾਂ ਉਪਰ ਜਾਂਦੇ ਰਹੇ। ਬਾਅਦ ਵਿਚ ਲੇਖਕ (ਰੰਧਾਵਾ) ਆਈ.ਸੀ.ਐਸ. ਸੇਵਾਵਾਂ ਵਿਚ ਆ ਗਿਆ। ਉਸ ਨੂੰ ਯੂ.ਪੀ. ਕਾਡਰ ਮਿਲਿਆ। ਇਸ ਨੌਕਰੀ ਦੇ ਕਾਰਨ ਉਹ ਰਾਏ ਬਰੇਲੀ, ਫੈਜ਼ਾਬਾਦ, ਅਲਾਹਾਬਾਦ, ਆਗਰਾ, ਅਲਮੋੜਾ ਅਤੇ ਦਿੱਲੀ ਆਦਿਕ ਕਈ ਸ਼ਹਿਰਾਂ ਵਿਚ ਤਾਇਨਾਤ ਰਿਹਾ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਸ ਨੂੰ ਪੰਜਾਬ ਕਾਡਰ ਅਲਾਟ ਹੋ ਗਿਆ ਅਤੇ ਇਸ ਅਰਸੇ ਦੌਰਾਨ ਉਸ ਨੇ ਅੰਬਾਲਾ, ਜਲੰਧਰ, ਚੰਡੀਗੜ੍ਹ ਅਤੇ ਲੁਧਿਆਣਾ ਆਦਿਕ ਕਈ ਜ਼ਿਲਿਆਂ ਵਿਚ ਅਫ਼ਸਰੀ ਕੀਤੀ। ਉਹ ਆਪਣੇ ਆਲੇ-ਦੁਆਲੇ ਦੇ ਜਨ-ਜੀਵਨ ਨੂੰ ਬੜੀ ਨੀਝ ਨਾਲ ਦੇਖਦਾ ਸੀ। ਇਹੀ ਕਾਰਨ ਹੈ ਕਿ ਉਸ ਦੀ ਇਸ ਰਚਨਾ ਵਿਚ ਪੰਜਾਬ ਅਤੇ ਉੱਤਰੀ ਭਾਰਤ ਦੇ ਅਨੇਕ ਸਮਾਜਿਕ-ਸਭਿਆਚਾਰਕ ਸਰੋਕਾਰ ਅੰਕਿਤ ਹੋਏ ਹਨ।

### 2.2 ਰੂਪ ਰੇਖਾ

ਇਸ ਪਾਠ ਨੂੰ ਅਸੀਂ ਦੋ ਭਾਗਾਂ ਵਿਚ ਵਿਭਾਜਿਤ ਕੀਤਾ ਹੈ। ਅੱਗੋਂ ਇਨ੍ਹਾਂ ਭਾਗਾਂ ਦੇ ਕੁਝ ਉਪਭਾਗ ਵੀ ਬਣਾਏ ਹਨ ਤਾਂ ਜੋ ਵਿਦਿਆਰਥੀਆਂ ਨੂੰ ਹਰ ਸਰੋਕਾਰ ਬਾਰੇ ਭਰਪੂਰ ਵਾਕਫ਼ੀ ਪ੍ਰਾਪਤ ਹੋ ਸਕੇ। ਇਨ੍ਹਾਂ ਭਾਗਾਂ ਅਤੇ ਉਪਭਾਗਾਂ ਦੀ ਤਰਤੀਬ ਇਸ ਪ੍ਰਕਾਰ ਹੈ :

1. **ਸਮਾਜਿਕ ਸਰੋਕਾਰ**
   * ਪੰਜਾਬੀ ਲੋਕਾਂ ਦੇ ਕੰਮ ਧੰਦੇ ਅਤੇ ਆਰਥਿਕ ਸਥਿਤੀ
   * ਸਮਾਜਿਕ ਸ਼੍ਰੇਣੀ-ਵੰਡ
   * ਲੜਾਈ ਝਗੜੇ ਅਤੇ ਮੁਕੱਦਮੇਬਾਜ਼ੀ
   * ਆਜ਼ਾਦ ਭਾਰਤ ਦਾ ਬਹੁਪੱਖੀ ਵਿਕਾਸ।
2. **ਸਭਿਆਚਾਰਕ ਸਰੋਕਾਰ**
   * ਪੰਜਾਬੀਆਂ ਦੇ ਵਹਿਮ-ਭਰਮ
   * ਧਾਰਮਿਕ ਵਿਸ਼ਵਾਸ
   * ਵਿਆਹ ਸ਼ਾਦੀਆਂ ਅਤੇ ਸੰਤਾਨ
   * ਸਾਹਿਤ ਅਤੇ ਕਲਾ।

### 2.3 ਭੂਮਿਕਾ

ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ੍ਵੈਜੀਵਨੀ ਵੀਹਵੀਂ ਸਦੀ ਦੇ ਪੰਜਾਬ ਦਾ ਇਕ ਕੋਸ਼ ਹੈ। ਇਸ ਵਿਚ 1908 ਈ. ਤੋਂ ਲੈ ਕੇ 1985 ਈ. ਤਕ ਦੇ ਪੰਜਾਬ ਦੀਆਂ ਬੜੀਆਂ ਸੱਚੀਆਂ ਅਤੇ ਪ੍ਰਮਾਣਿਕ ਝਾਕੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਡਾ. ਰੰਧਾਵਾ ਪੰਜਾਬੀ ਸਮਾਜ ਨੂੰ ਬੜੀ ਤਿੱਖੀ ਅਤੇ ਆਲੋਚਨਾਤਮਕ ਦ੍ਰਿਸ਼ਟੀ ਨਾਲ ਦੇਖਦਾ ਸੀ। ਬਾਇਆਲੋਜੀ ਦੇ ਅਧਿਐਨ ਦੁਆਰਾ ਉਸ ਨੇ ਇਸ

ਤੱਥ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ ਕਿ ਪ੍ਰਿਥਵੀ ਉਪਰ ਇਨਸਾਨੀ ਜੀਵਨ ਦਾ ਵਿਕਾਸ ਕ੍ਰਮਿਕ ਰੂਪ ਵਿਚ ਹੋਇਆ ਹੈ। ਪ੍ਰਿਥਵੀ ਉਪਰ, 'ਅਸ਼ਰੁਫ-ਉਲ-ਮਖ਼ਲੂਕ' ਕਿਹਾ ਜਾਣ ਵਾਲਾ ਇਨਸਾਨ, ਬਹੁਤ ਦੇਰ ਬਾਅਦ ਪ੍ਰਵੇਸ਼ ਕਰਦਾ ਹੈ। ਉਸ ਤੋਂ ਪਹਿਲਾਂ ਕਰੋੜਾਂ ਸਾਲਾਂ ਤੋਂ ਜੀਵਨ ਦਾ ਚੱਕਰ ਸ਼ੁਰੂ ਹੋ ਚੁੱਕਾ ਸੀ। ਕੋਈ ਦਸ ਕੁ ਲੱਖ ਵਰ੍ਹੇ ਪਹਿਲਾਂ ਧਰਤੀ ਉਪਰ ਇਨਸਾਨ (ਹੋਮੋ ਸੇਪੀਅਨ) ਦਾ ਆਗਮਨ ਹੋਇਆ। ਚਾਰਲਜ਼ ਡਾਰਵਿਨ ਵਲੋਂ ਪੇਸ਼ ਕੀਤੇ ਇਸ ਥੀਸਿਜ਼ ਨੂੰ ਉਸ ਦੇ ਪਿਛੋਂ ਆਉਣ ਵਾਲੇ ਅਨੇਕ ਵਿਗਿਆਨੀਆਂ ਨੇ ਪ੍ਰਮਾਣਿਤ ਕਰ ਦਿੱਤਾ ਹੈ ਕਿ ਬੰਦੇ ਦਾ ਵਜੂਦ ਹੌਲੀ-ਹੌਲੀ, ਹੋਰ ਜਾਤੀਆਂ-ਪ੍ਰਜਾਤੀਆਂ ਵਿਚੋਂ ਵਿਕਸਿਤ ਹੋਇਆ ਹੈ। ਬਾਂਦਰ ਅਤੇ ਬਣਮਾਣਸ ਵਿਚੋਂ ਹੀ ਆਧੁਨਿਕ ਮਾਨਵ ਦਾ ਵਿਕਾਸ ਹੋਇਆ ਹੈ ਅਤੇ ਸਾਡੀ ਪ੍ਰਿਥਵੀ ਉਪਰ, ਪਰਿਸਥਿਤੀਆਂ ਦੇ ਅਨੁਕੂਲ ਢਲਦੇ-ਬਦਲਦੇ ਰਹਿਣ ਵਾਲੇ ਜੀਵ-ਜੰਤੂ ਹੀ ਬਚੇ ਰਹਿ ਸਕਦੇ ਹਨ (Survival of the Fittest), ਬਾਕੀ ਸਭ ਮਲੀਆਮੇਟ ਹੋ ਜਾਂਦੇ ਹਨ। ਉਸ ਦੀ ਸ੍ਵੈਜੀਵਨੀ ਬੰਦੇ ਨੂੰ ਮਿਹਨਤ ਅਤੇ ਸੰਘਰਸ਼ ਕਰਦੇ ਰਹਿਣ ਲਈ ਪ੍ਰੇਰਿਤ ਕਰਦੀ ਹੈ।

### 2.4.1 ਪੰਜਾਬੀ ਲੋਕਾਂ ਦੇ ਕੰਮ-ਧੰਦੇ ਅਤੇ ਆਰਥਿਕ ਸਥਿਤੀ

ਜਿਨ੍ਹਾਂ ਦਿਨਾਂ ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਇਸ ਧਰਤੀ ਉਪਰ ਆਇਆ, ਲੋਕਾਂ ਦੀ ਆਰਥਿਕ ਸਥਿਤੀ ਚੰਗੀ ਨਹੀਂ ਸੀ। ਪੰਜਾਬ ਉਪਰ ਅੰਗਰੇਜ਼ਾਂ ਦਾ ਰਾਜ ਸਥਾਪਿਤ ਹੋ ਚੁਕਾ ਸੀ। ਅੰਗਰੇਜ਼ ਹਕੂਮਤ ਨੇ ਪੰਜਾਬੀ ਆਰਥਿਕਤਾ ਦੇ ਮੁੱਖ ਧੁਰੇ ਕਿਸਾਨੀ ਉਪਰ ਏਨਾ ਲਗਾਨ ਲਾ ਦਿੱਤਾ ਸੀ ਕਿ ਕਿਸਾਨ ਲੋਕ ਪਿਸਦੇ ਜਾ ਰਹੇ ਸਨ। ਅੰਗਰੇਜ਼ ਚਾਹੁੰਦੇ ਸਨ ਕਿ ਪੰਜਾਬ ਵਿਚ ਕਣਕ, ਕਪਾਹ, ਨਰਮਾ ਅਤੇ ਸਣ (ਪਟਸਣ) ਵਰਗੀਆਂ ਫਸਲਾਂ ਵੱਧ ਤੋਂ ਵੱਧ ਹੋਣ ਤਾਂ ਜੋ ਉਨ੍ਹਾਂ ਨੂੰ ਇੰਗਲੈਂਡ ਦੇ ਕਾਰਖਾਨਿਆਂ ਵਿਚ ਭੇਜ ਕੇ ਖਾਣ-ਵਰਤਣ ਲਈ ਅਨੇਕ ਪ੍ਰਕਾਰ ਦੇ ਪਦਾਰਥ (ਬਿਸਕੁਟ, ਕੇਕ, ਬਰੈੱਡ) ਪਹਿਨਣ ਲਈ ਕੱਪੜਾ ਆਦਿ ਤਿਆਰ ਕਰ ਕੇ ਭਾਰਤ ਅਤੇ ਵਿਸ਼ਵ ਦੀਆਂ ਹੋਰ ਮੰਡੀਆਂ ਵਿਚ ਵੇਚ ਕੇ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕੀਤਾ ਜਾ ਸਕੇ। ਇਸੇ ਕਾਰਨ ਉਨ੍ਹਾਂ ਨੇ ਪੰਜਾਬ ਦੇ ਦਰਿਆਵਾਂ ਵਿਚੋਂ ਕੁਝ ਨਹਿਰਾਂ ਕੱਢੀਆਂ ਅਤੇ ਪੱਛਮੀ ਪੰਜਾਬ ਦੀਆਂ ਬਾਰਾਂ ਵਿਚੋਂ ਝਾੜ-ਜੰਗਲਾਂ ਨੂੰ ਕਟਵਾ ਕੇ ਇਥੋਂ ਵੱਧ ਤੋਂ ਵੱਧ ਅਨਾਜ ਹਾਸਲ ਕਰਨ ਲਈ ਉਪਰਾਲੇ ਕੀਤੇ। ਅੰਗਰੇਜ਼ਾਂ ਦੀ ਇਸ ਪੂੰਜੀਵਾਦੀ ਨੀਤੀ ਨੇ ਪੰਜਾਬ ਦੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਇਹ ਪ੍ਰਕਿਰਿਆ ਅੱਜ ਤਕ ਚਲਦੀ ਆ ਰਹੀ ਹੈ। ਅਸੀਂ ਅਜੇ ਤੱਕ ਵੀ ਵਿਕਾਸ ਦੇ ਪੱਛਮੀ ਮਾਡਲਾਂ ਦਾ ਅਨੁਸਰਨ ਕਰਦੇ ਆ ਰਹੇ ਹਾਂ। ਇਹੀ ਕਾਰਨ ਹੈ ਕਿ ਸਾਡੇ ਦੇਸ਼ ਵਿਚ ਗ਼ਰੀਬੀ, ਮੰਦਹਾਲੀ ਅਤੇ ਭੁਖਮਰੀ ਦਿਨੋ-ਦਿਨ ਵਧਦੀ ਜਾ ਰਹੀ ਹੈ।

ਮਹਿੰਦਰ ਸਿੰਘ ਰੰਧਾਵਾ ਦਾ ਪਿਤਾ ਇਕ ਤਹਿਸੀਲਦਾਰ ਸੀ ਅਤੇ ਤਹਿਸੀਲਦਾਰ ਨੂੰ ਕਿਸਾਨਾਂ ਦੇ ਜਾਇਜ਼-ਨਾਜਾਇਜ਼ ਕੰਮ ਕਰਨ ਲਈ ਚੰਗੀ ਚੋਖੀ ਕਮਾਈ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਮਹਿੰਦਰ ਸਿੰਘ ਰੰਧਾਵਾ ਨੇ ਕਦੇ ਕਿਸੇ ਅਭਾਵ ਦਾ ਮੂੰਹ ਨਹੀਂ ਸੀ ਦੇਖਿਆ। ਉਹ ਚੰਗੇ ਸਕੂਲਾਂ-ਕਾਲਜਾਂ ਵਿਚ ਪੜ੍ਹਦਾ ਰਿਹਾ ਪਰ ਉਨ੍ਹਾਂ ਦਿਨਾਂ ਵਿਚ ਆਮ ਆਦਮੀ ਦੀ ਪੜ੍ਹਾਈ ਲਈ ਯੋਗ ਸਕੂਲ ਨਹੀਂ ਸਨ। ਆਰੀਆ ਸਮਾਜ, ਸਨਾਤਨ ਧਰਮ ਅਤੇ ਸਿੰਘ ਸਭਾ ਆਦਿਕ ਸੰਪਰਦਾਵਾਂ ਨੇ ਜੋ ਸਕੂਲ ਖੋਲ੍ਹ ਰੱਖੇ ਸਨ, ਉਹ ਵਿਦਿਆਰਥੀਆਂ ਨੂੰ ਸੰਪਰਦਾਇਕ ਸੋਚ ਦੇ ਸ਼ਿਕਾਰ ਬਣਾ ਦਿੰਦੇ ਸਨ। ਈਸਾਈ ਮਿਸ਼ਨਰੀਆਂ ਵੱਲੋਂ ਖੋਲ੍ਹੇ ਗਏ ਸਕੂਲ ਵੀ ਕੋਈ ਅਪਵਾਦ ਨਹੀਂ ਸਨ। ਉਥੇ ਬਾਈਬਲ ਦੇ ਹਵਾਲੇ ਨਾਲ ਕ੍ਰਿਸਚੈਨਿਟੀ ਦਾ ਪ੍ਰਚਾਰ ਕੀਤਾ ਜਾਂਦਾ ਸੀ। ਮਹਿੰਦਰ ਸਿੰਘ ਰੰਧਾਵਾ ਨੇ ਛੋਟੀ ਉਮਰ ਵਿਚ ਹੀ ਬਹੁਤ ਸਾਰੇ ਵਿਭਿੰਨ ਧਰਮੀ ਸਕੂਲਾਂ ਵਿਚੋਂ ਸਿੱਖਿਆ ਹਾਸਲ ਕਰ ਲਈ ਸੀ। ਇਸ ਕਾਰਨ ਉਸਦੀ ਹਠਧਰਮੀ ਖ਼ਤਮ ਹੋ ਗਈ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਸਾਰੇ ਹੀ ਧਰਮ ਇਕ ਰੱਬ ਦੀ ਪੂਜਾ ਕਰਨ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਦਾ ਰਸਤਾ ਹੀ ਵੱਖਰਾ ਹੁੰਦਾ ਹੈ। ਮਿਸ਼ਨ ਕਾਲਜ ਵਿਚੋਂ ਬਾਇਆਲੋਜੀ ਪੜ੍ਹ ਕੇ ਉਸ ਨੂੰ ਧਾਰਮਿਕ ਕਰਮ-ਕਾਂਡ ਫਜ਼ੂਲ ਪ੍ਰਤੀਤ ਹੋਣ ਲੱਗੇ। ਇਹੀ ਕਾਰਨ ਹੈ ਕਿ ਜਦੋਂ ਉਸਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਲੈਕਚਰਾਰ ਦੀ ਪੋਸਟ ਹਾਸਲ ਕਰਨੀ ਚਾਹੀ ਤਾਂ ਕਾਲਜ ਕਮੇਟੀ ਦੇ ਪ੍ਰਧਾਨ ਸ. ਮਜੀਠੀਆ ਨੇ ਉਸ ਦੇ ਹੱਥ ਵਿਚ ਕੜਾ ਨਾ ਹੋਣ ਕਾਰਨ ਅਤੇ ਰੋਜ਼ਾਨਾ ਨਿੱਤਨੇਮ ਨਾ ਕਰਨ ਕਰ ਕੇ ਨੌਕਰੀ ਤੋਂ ਜਵਾਬ ਦੇ ਦਿੱਤਾ। ਪਰ ਇਹ ਜਵਾਬ ਡਾ. ਰੰਧਾਵੇ ਦੇ ਕੈਰੀਅਰ ਲਈ ਚੰਗਾ ਸਿੱਧ ਹੋਇਆ। ਉਹ ਆਈ.ਸੀ.ਐਸ. ਕਰ ਕੇ ਡਿਪਟੀ ਕਮਿਸ਼ਨਰ ਅਤੇ ਹੋਰ ਉੱਚੇ ਅਹੁਦਿਆਂ ਉਪਰ ਕੰਮ ਕਰਦਾ ਰਿਹਾ।

ਉਨ੍ਹਾਂ ਦਿਨਾਂ ਵਿਚ ਆਮ ਲੋਕਾਂ ਦਾ ਜੀਵਨ ਬਹੁਤ ਕਠਿਨਾਈਆਂ ਭਰਪੂਰ ਹੁੰਦਾ ਸੀ। ਕਿਸਾਨ ਲੋਕ ਸਵੇਰੇ 4 ਵਜੇ ਉੱਠ ਕੇ ਹੀ ਹਲ ਜੋੜ ਲੈਂਦੇ ਸਨ ਅਤੇ ਸ਼ਾਮਾਂ ਪੈਣ 'ਤੇ ਘਰਾਂ ਨੂੰ ਪਰਤਦੇ ਸਨ। ਕਿਸਾਨ ਸੁਆਣੀਆਂ ਸਾਰਾ ਦਿਨ ਪਾਣੀ ਢੋਣ, ਚਰਖਾ ਕੱਤਣ, ਚੱਕੀ ਝੋਣ ਅਤੇ ਦੁੱਧ-ਦਹੀਂ ਸਾਂਭਣ ਦੇ ਆਹਰ ਵਿਚ ਰੁੱਝੀਆਂ ਰਹਿੰਦੀਆਂ ਸਨ। ਉਨ੍ਹਾਂ ਨੂੰ ਆਪਣਾ ਤਨ ਸ਼ਿੰਗਾਰਨ-ਸੰਵਾਰਨ ਦੀ ਕਦੋਂ ਵਿਹਲ ਮਿਲਦੀ ਸੀ ? ਵਿਆਹ ਦੇ ਚਾਰ-ਛੇ ਮਹੀਨੇ ਜ਼ਰੂਰ ਉਹ ਆਪਣੇ ਚਾਅ ਪੂਰੇ ਕਰ ਲੈਂਦੀਆਂ ਸਨ। ਬਾਕੀ ਸਾਰਾ ਜੀਵਨ ਕੰਮ-ਧੰਦੇ ਕਰਦਿਆਂ ਗੁਜ਼ਰ ਜਾਂਦਾ ਸੀ। ਕਿਸਾਨਾਂ ਦੇ ਪੁੱਤਰ ਮਾਲ-ਡੰਗਰ ਸਾਂਭਣ ਅਤੇ ਉਨ੍ਹਾਂ ਨੂੰ ਚਾਰ ਕੇ ਲਿਆਉਣ ਦਾ ਕੰਮ ਕਰਦੇ ਰਹਿੰਦੇ ਸਨ। ਉਹ ਪੜ੍ਹਾਈ-ਲਿਖਾਈ ਕਿਹੜੇ ਵੇਲੇ ਕਰਦੇ ? ਜੇ ਕੋਈ ਮੁੰਡਾ ਸਕੂਲ ਵਿਚ ਦਾਖ਼ਲ ਹੋ ਵੀ ਜਾਂਦਾ ਤਾਂ ਦੋ-ਚਾਰ ਵਰ੍ਹੇ ਲਾ ਕੇ

ਮਾਸਟਰਾਂ ਦੀ ਝਿੜਕ-ਝੰਬ ਤੋਂ ਡਰਦਾ ਹੋਇਆ ਹਟ ਜਾਂਦਾ ਅਤੇ ਪੁਸ਼ਤੈਨੀ ਧੰਦੇ ਵਿਚ ਲੱਗ ਜਾਂਦਾ। ਕਿਰਤੀ ਸ਼੍ਰੇਣੀਆਂ ਦੀ ਸਥਿਤੀ ਹੋਰ ਵੀ ਤਰਸਯੋਗ ਸੀ। ਉਹ ਰੋਜ਼ੀ-ਰੋਟੀ ਲਈ ਕਿਸਾਨੀ ਉਪਰ ਨਿਰਭਰ ਹੁੰਦੇ ਸਨ। ਤਰਖਾਣਾਂ, ਲੁਹਾਰਾਂ, ਦਰਜ਼ੀਆਂ, ਮੋਚੀਆਂ ਅਤੇ ਜੁਲਾਹਿਆਂ ਵਰਗੇ ਸ਼ਿਲਪੀਆਂ ਨੂੰ ਕਿਸਾਨ ਲੋਕਾਂ ਦੇ ਕੰਮ ਕਰਨ ਦੇ ਇਵਜ਼ ਵਿਚ ਦਾਣੇ ਅਤੇ ਚਾਰਾ-ਪੱਠਾ ਮਿਲ ਜਾਂਦੇ ਸਨ। ਗ਼ਰੀਬ ਘਰਾਂ ਦੀਆਂ ਔਰਤਾਂ ਨੂੰ ਧਨੀ ਜ਼ਿਮੀਦਾਰਾਂ ਅਤੇ ਸ਼ਾਹੂਕਾਰਾਂ ਦੇ ਘਰੀਂ ਗੋਲਾ-ਧੰਦਾ ਵੀ ਕਰਨਾ ਪੈਂਦਾ ਸੀ। ਬਾਜ਼ਾਰਾਂ ਦਾ ਬਹੁਤ ਪ੍ਰਚੱਲਨ ਨਹੀਂ ਸੀ ਹੋਇਆ। ਖਾਣ-ਪੀਣ, ਪਹਿਨਣ ਅਤੇ ਰਹਿਣ-ਸਹਿਣ ਦੀਆਂ ਜ਼ਰੂਰਤਾਂ ਘਰਾਂ ਵਿਚੋਂ ਹੀ ਪੂਰੀਆਂ ਹੋ ਜਾਂਦੀਆਂ ਸਨ। ਲੱਕੜ-ਬਾਲਣ ਦੀ ਕੋਈ ਘਾਟ ਨਹੀਂ ਸੀ। ਲਵੇਰੇ ਪਸ਼ੂਆਂ ਲਈ ਚਾਰਾ ਆਮ ਸੀ। ਲੋਕ ਮਿੱਟੀ ਦੇ ਬਣੇ ਘਰਾਂ ਵਿਚ ਰਹਿੰਦੇ ਸਨ ਅਤੇ ਬਹੁਤੇ ਘਰਾਂ ਦੀਆਂ ਛੱਤਾਂ ਸਰਕੰਡਿਆਂ ਅਤੇ ਘਾਹ-ਫੂਸ ਦੀਆਂ ਬਣੀਆਂ ਹੁੰਦੀਆਂ ਸਨ। ਬੂਹੇ-ਬਾਰੀਆਂ ਲਈ ਹਰ ਘਰ ਪਾਸ ਰੁੱਖ ਹੁੰਦੇ ਸਨ। ਉਨ੍ਹਾਂ ਨੂੰ ਕੱਟ-ਵੱਢ ਕੇ ਇਨ੍ਹਾਂ ਦਾ ਇੰਤਜ਼ਾਮ ਕਰ ਲਿਆ ਜਾਂਦਾ ਸੀ। ਇਸ ਪ੍ਰਕਾਰ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਆਮ ਆਦਮੀ ਦਾ ਜੀਵਨ ਇਕ ਕਠੋਰ ਸੰਘਰਸ਼ ਸੀ।

### 2.4.2 ਸਮਾਜਿਕ ਸ਼੍ਰੇਣੀ-ਵੰਡ

ਭਾਰਤਵਰਸ਼ ਪੁਰਾਤਨ ਸਮੇਂ ਤੋਂ ਹੀ ਬਹੁਤ ਸਾਰੀਆਂ ਸ਼੍ਰੇਣੀਆਂ ਵਿਚ ਵਿਭਾਜਿਤ ਰਿਹਾ ਹੈ। ਆਰੀਆ ਲੋਕਾਂ ਨੇ ਆਪਣੀ ਪਕੜ ਮਜ਼ਬੂਤ ਕਰਨ ਲਈ ਲੋਕਾਂ ਨੂੰ ਚਾਰ ਸ਼੍ਰੇਣੀਆਂ (ਜਾਤੀਆਂ) ਵਿਚ ਵਿਭਾਜਿਤ ਕਰ ਦਿੱਤਾ ਸੀ। ਉਨ੍ਹਾਂ ਦੀਆਂ ਅੱਗੋਂ ਅਨੇਕ ਉਪਜਾਤੀਆਂ ਸਨ। ਹਰ ਜਾਤੀ ਆਪਣੇ ਆਪ ਨੂੰ ਵੱਡਾ ਅਤੇ ਸ੍ਰੇਸ਼ਠ ਸਿੱਧ ਕਰਨ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਸੀ। ਇਸ ਕਾਰਨ ਵਿਭਿੰਨ ਜਾਤੀਆਂ ਵਿਚ ਪਰਸਪਰ ਸਹਿਯੋਗ ਅਤੇ ਮਿਲਵਰਤਣ ਨਾ ਹੋਣ ਦੇ ਬਰਾਬਰ ਸੀ। ਸਿੱਖ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਬਹੁਤ ਸਾਰੇ ਲੋਕਾਂ ਨੂੰ ਵੱਡੀਆਂ-ਵੱਡੀਆਂ ਜਾਗੀਰਾਂ ਮਿਲੀਆਂ ਹੋਈਆਂ ਸਨ। ਇਨ੍ਹਾਂ ਲੋਕਾਂ ਪਾਸ ਸੈਂਕੜੇ ਏਕੜ ਜ਼ਮੀਨ ਹੁੰਦੀ ਸੀ। ਇਹ ਆਪ ਖੇਤੀਬਾੜੀ ਦਾ ਕੰਮ-ਧੰਦਾ ਨਹੀਂ ਸਨ ਕਰਦੇ ਬਲਕਿ ਆਮ ਕਿਸਾਨਾਂ ਨੂੰ ਮੁਜ਼ਾਰੇ ਬਣਾ ਕੇ ਕੰਮ-ਕਾਰ ਕਰਵਾਉਂਦੇ ਸਨ ਅਤੇ ਇਵਜ਼ ਵਿਚ ਫਸਲ ਦਾ ਕੁਝ ਹਿੱਸਾ ਇਨ੍ਹਾਂ ਮੁਜ਼ਾਰਿਆਂ ਨੂੰ ਦੇ ਛੱਡਦੇ ਸਨ। ਕੰਮੀ ਅਤੇ ਕਿਰਤੀ ਜਾਤਾਂ ਗ਼ੁਲਾਮਾਂ ਦੀਆਂ ਗ਼ੁਲਾਮ ਸਨ। ਸੋ ਉਨ੍ਹਾਂ ਦੇ ਹੱਥ-ਪੱਲੇ ਕੁਝ ਨਹੀਂ ਸੀ ਪੈਂਦਾ।

ਦੇਸ ਉਪਰ ਅੰਗਰੇਜ਼ਾਂ ਦਾ ਰਾਜ ਸੀ। ਸਾਰੇ ਵੱਡੇ ਅਤੇ ਪ੍ਰਬੰਧਕੀ ਅਫ਼ਸਰ ਅੰਗਰੇਜ਼ ਹੁੰਦੇ ਸਨ। ਉਹ ਦੇਸੀ ਲੋਕਾਂ ਨਾਲ ਬਹੁਤਾ ਘੁਲਦੇ-ਮਿਲਦੇ ਨਹੀਂ ਸਨ ਬਲਕਿ ਆਪਸ ਵਿਚ ਹੀ ਮਿਲਦੇ-ਵਰਤਦੇ ਸਨ। ਸ਼ਾਮਾਂ ਨੂੰ ਇਕੱਠੇ ਹੋਣ ਲਈ ਉਨ੍ਹਾਂ ਨੇ ਕਲੱਬਾਂ ਬਣਾ ਰੱਖੀਆਂ ਸਨ, ਜਿਥੇ ਉਹ ਦੇਰ ਰਾਤ ਤਕ ਆਪਣਾ ਮਨ-ਪਰਚਾਵਾ ਕਰਦੇ ਰਹਿੰਦੇ ਸਨ। ਵੱਡੇ ਜਾਗੀਰਦਾਰਾਂ ਨੂੰ ਉਨ੍ਹਾਂ ਦੀ ਵਫਾਦਾਰੀ ਦੇ ਇਵਜ਼ ਵਿਚ ਰਾਏ ਸਾਹਿਬ, ਸਰ ਅਤੇ ਸਰਦਾਰ ਬਹਾਦੁਰ ਦੇ ਖ਼ਿਤਾਬਾਂ ਨਾਲ ਨਿਵਾਜ਼ ਛੱਡਦੇ ਸਨ। ਉਨ੍ਹਾਂ ਦੇ ਘਰਾਂ ਵਿਚ ਹੋਣ ਵਾਲੇ ਸਮਾਗਮਾਂ ਅਤੇ ਨਾਚ-ਗਾਣਿਆਂ ਨੂੰ ਪ੍ਰੋਗਰਾਮਾਂ ਵਿਚ ਸ਼ਾਮਲ ਵੀ ਹੋ ਜਾਂਦੇ ਸਨ ਪਰ ਆਪ ਉਨ੍ਹਾਂ ਨੂੰ ਨਹੀਂ ਸਨ ਬੁਲਾਉਂਦੇ। ਇਸ ਪ੍ਰਕਾਰ ਉਨ੍ਹਾਂ ਨੇ ਆਪਣੀ ਸ੍ਰੇਸ਼ਠਤਾ ਬਣਾਈ ਹੋਈ ਸੀ।

ਭਾਰਤ ਵਿਚ ਸੰਤਾਂ-ਭਗਤਾਂ ਅਤੇ ਪੰਜਾਬ ਵਿਚ ਸਿੱਖ ਸਤਿਗੁਰਾਂ ਨੇ ਜਾਤ-ਪਾਤ ਨੂੰ ਖ਼ਤਮ ਕਰ ਦਿੱਤਾ ਸੀ। ਸਾਂਝੀਵਾਲਤਾ, ਸਮਾਨਤਾ ਅਤੇ ਭ੍ਰਾਤਰੀਅਤਾ ਦਾ ਸੰਦੇਸ਼ ਭਾਰਤ ਦੇ ਕੋਨੇ-ਕੋਨੇ ਵਿਚ ਪਹੁੰਚਾ ਦਿੱਤਾ ਸੀ ਪਰ ਇਸ ਦੇ ਬਾਵਜੂਦ ਕਥਿਤ ਉੱਚੀਆਂ ਜਾਤੀਆਂ ਦੇ ਲੋਕ ਆਪਣੀ ਹਠਧਰਮੀ ਤਿਆਗਣ ਵਾਸਤੇ ਤਿਆਰ ਨਹੀਂ ਸਨ। ਹੌਲੀ-ਹੌਲੀ ਸਿੱਖ ਗੁਰਦੁਆਰਿਆਂ ਵਿਚ ਦਲਿਤ ਲੋਕਾਂ ਦੇ ਪ੍ਰਵੇਸ਼ ਦੀ ਮਨਾਹੀ ਹੋ ਗਈ ਸੀ। ਉਨ੍ਹਾਂ ਨੂੰ ਸਰੋਵਰਾਂ ਵਿਚ ਇਸ਼ਨਾਨ ਨਹੀਂ ਸੀ ਕਰਨ ਦਿੱਤਾ ਜਾਂਦਾ। ਉਨ੍ਹਾਂ ਦੁਆਰਾ ਤਿਆਰ ਕਰ ਕੇ ਲਿਆਂਦੇ ਗਏ ਪ੍ਰਸ਼ਾਦ ਨੂੰ ਗੁਰੂ-ਘਰਾਂ ਵਿਚ ਸਵੀਕਾਰ ਨਹੀਂ ਸੀ ਕੀਤਾ ਜਾਂਦਾ। ਡਾ. ਰੰਧਾਵਾ ਨੇ ਭਾਵੇਂ ਇਸ ਪ੍ਰਥਾ ਦਾ ਖੰਡਨ ਜਾਂ ਮੰਡਨ ਤਾਂ ਨਹੀਂ ਕੀਤਾ ਪਰ ਉਹ ਇਸ ਕੌੜੀ ਹਕੀਕਤ ਨੂੰ ਬਿਆਨ ਜ਼ਰੂਰ ਕਰ ਜਾਂਦਾ ਹੈ। ਡਾ. ਰੰਧਾਵਾ ਇਕ ਵਿਗਿਆਨਕ ਵਿਅਕਤੀ ਸੀ ਅਤੇ ਹਰ ਵਿਗਿਆਨਕ ਆਪਣੇ ਨਿਰਣਿਆਂ ਨੂੰ ਵਸਤੂਮੁਖ ਢੰਗ ਨਾਲ ਬਿਆਨ ਕਰਦਾ ਹੈ। ਉਹ ਆਪਣੇ ਵੱਲੋਂ ਕਿਸੇ ਪ੍ਰਥਾ ਨੂੰ ਚੰਗਾ-ਮੰਦਾ ਨਹੀਂ ਕਹਿੰਦਾ। ਪਾਠਕ ਆਪਣੀ ਲੋੜ ਮੁਤਾਬਿਕ ਸਿੱਟੇ ਕੱਢਣ ਲਈ ਸੁਤੰਤਰ ਹੁੰਦੇ ਹਨ। ਇਕ ਉਚ-ਅਫਸਰ ਹੋਣ ਦੇ ਨਾਤੇ ਉਹ ਆਮ ਲੋਕਾਂ ਨਾਲ ਘੁਲਦਾ-ਮਿਲਦਾ ਵੀ ਨਹੀਂ ਸੀ। ਪਹਿਲੀ ਮਿਲਣੀ ਵਿਚ ਉਸ ਨੂੰ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਦੇਵਿੰਦਰ ਸਤਿਆਰਥੀ ਦਾ ਵਿਵਹਾਰ 'ਭਿਖਾਰੀਆਂ' ਵਰਗਾ ਲੱਗਾ ਸੀ। ਬਾਅਦ ਵਿਚ ਉਸ ਉਪਰ ਤਰਸ ਕਰ ਕੇ ਉਸ ਲਈ ਚੰਗੀ ਨੌਕਰੀ ਅਤੇ ਘਰ-ਬਾਰ ਦਾ ਪ੍ਰਬੰਧ ਕੀਤਾ ਗਿਆ। (ਵੇਖੋ : ਰਾਏ ਬਰੇਲੀ ਤੋਂ ਦਿੱਲੀ, ਪੰਨਾ 158)

### 2.4.3 ਲੜਾਈ-ਝਗੜੇ ਅਤੇ ਮੁਕੱਦਮੇਬਾਜ਼ੀ

ਡਾ. ਮਹਿੰਦਰ ਸਿੰਘ ਰੰਧਾਵਾ ਨੇ ਇਸ ਪੁਸਤਕ ਵਿਚ ਭਾਰਤੀ ਲੋਕਾਂ ਦੇ ਲੜਨ-ਝਗੜਨ ਅਤੇ ਮੁਕੱਦਮੇਬਾਜ਼ੀ ਬਾਰੇ ਵੀ ਕਾਫ਼ੀ ਕੁਝ ਲਿਖਿਆ ਹੈ। ਅਸਲ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਭਾਰਤੀ ਮੱਧ-ਸ਼੍ਰੇਣੀ ਦਾ ਵਿਕਾਸ ਨਹੀਂ ਸੀ ਹੋਇਆ। ਇਹ

ਅਜੇ ਤੱਕ ਆਪਣੀ ਮੁੱਢਲੀ ਅਵਸਥਾ ਵਿਚ ਹੀ ਸੀ। ਕਿਸਾਨ ਅਤੇ ਕਿਰਤੀ ਸ਼੍ਰੇਣੀ ਦੇ ਲੋਕਾਂ ਨੇ ਅਜੇ ਤਕ ਮਧ ਸ਼੍ਰੇਣੀ ਵਿਚ ਪ੍ਰਵੇਸ਼ ਨਹੀਂ ਸੀ ਕੀਤਾ। ਮੱਧ ਸ਼੍ਰੇਣੀ ਪੜ੍ਹੀ-ਲਿਖੀ ਹੁੰਦੀ ਹੈ ਅਤੇ ਇਸ ਨੂੰ ਰੋਟੀ ਕਮਾਉਣ ਲਈ ਦਿਨ-ਰਾਤ ਕੰਮ ਨਹੀਂ ਕਰਨਾ ਪੈਂਦਾ। ਇਹ ਦਫ਼ਤਰਾਂ ਜਾਂ ਦੁਕਾਨਾਂ ਵਿਚ ਅੱਠ-ਦਸ ਘੰਟੇ ਕੰਮ ਕਰ ਕੇ ਸੋਹਣੀ ਰੋਟੀ ਕਮਾ ਲੈਂਦੀ ਹੈ। ਇਸ ਨੂੰ ਭਲਕ ਦੀ ਚਿੰਤਾ ਨਹੀਂ ਹੁੰਦੀ ਪਰ ਕਿਰਸਾਣੀ ਸ਼੍ਰੇਣੀ ਦਿਨ-ਰਾਤ ਆਫ਼ਤਾਂ ਦੇ ਮੂੰਹ ਆਈ ਰਹਿੰਦੀ ਹੈ। ਇਸ ਕਾਰਨ ਇਸ ਦਾ ਸੁਭਾਅ ਗੁਸੈਲ ਅਤੇ ਹਿੰਸਕ ਹੋ ਜਾਂਦਾ ਹੈ। ਕਿਸਾਨ ਲੋਕ ਬਿਨਾਂ ਕਿਸੇ ਠੋਸ ਵਜ੍ਹਾ ਆਪੋ ਵਿਚ ਲੜ ਪੈਂਦੇ ਹਨ ਅਤੇ ਫਿਰ ਇਹ ਝਗੜੇ ਕਚਹਿਰੀਆਂ ਵਿਚ ਜਾ ਪਹੁੰਚਦੇ। ਪਰ ਵਰ੍ਹਿਆਂ ਦੀ ਖੱਜਲ ਖੁਆਰੀ ਤੋਂ ਬਿਨਾਂ ਹੋਰ ਕੁਝ ਹੱਥ ਨਾ ਆਉਂਦਾ।

ਪੰਜਾਬ ਵਿਚ 'ਅਣਖ ਨਾਲ' ਜਾਂ 'ਮੜਕ ਨਾਲ' ਜਿਉਣ ਬਾਰੇ ਵੀ ਬਹੁਤ ਸਾਰੀਆਂ ਕਹਾਵਤਾਂ ਪ੍ਰਚਲਿਤ ਹਨ। ਅਣਖ, ਮੜਕ ਜਾਂ ਆਕੜ ਦੂਜਿਆਂ ਨੂੰ ਵੰਗਾਰਦੀ ਹੈ ਕਿਉਂਕਿ ਉਹ ਲੋਕ ਵੀ ਪੰਜਾਬੀ ਹੁੰਦੇ ਹਨ। ਸਿੱਟੇ ਵਜੋਂ ਮੇਲਿਆਂ ਅਤੇ ਸਮਾਗਮਾਂ ਵਿਚ ਜ਼ਰੂਰ ਕਿਤੇ-ਨਾ-ਕਿਤੇ ਡਾਂਗ ਖੜਕ ਹੀ ਜਾਂਦੀ ਹੈ। ਸਾਂਝੀ ਟੱਬਰਦਾਰੀ ਹੋਣ ਕਰ ਕੇ ਭਰਾਵਾਂ-ਭਰਾਵਾਂ ਅਤੇ ਪਿਉ-ਪੁੱਤਰਾਂ ਵਿਚ ਜ਼ਮੀਨਾਂ ਦੀ ਵੰਡ-ਵੰਡਾਈ ਤੋਂ ਝਗੜੇ ਹੋ ਜਾਂਦੇ ਹਨ। ਲੇਖਕ ਨੇ ਯੂ.ਪੀ. ਦੇ ਲੋਕਾਂ ਬਾਰੇ ਵੀ ਕਾਫ਼ੀ ਕੁਝ ਲਿਖਿਆ ਹੈ। ਉਥੇ ਵੱਡੇ-ਵੱਡੇ ਜਾਗੀਰਦਾਰ ਸਨ। ਇਹ ਲੋਕ ਆਪਣੇ ਮੁਜ਼ਾਰਿਆਂ ਨੂੰ ਮੁਕੱਦਮਿਆਂ ਵਿਚ ਉਲਝਾਈ ਰੱਖਦੇ ਸਨ ਤਾਂ ਜੋ ਉਹ ਆਪਣੇ ਅਧਿਕਾਰਾਂ ਦੀ ਆਵਾਜ਼ ਬੁਲੰਦ ਨਾ ਕਰ ਸਕਣ। ਭਾਰਤ ਵਿਚ ਪਤੀ-ਪਤਨੀ ਦਾ ਝਗੜਾ ਇਕ ਆਮ ਵਰਤਾਰਾ ਹੈ। ਗ਼ਰੀਬ ਲੋਕ ਆਪਣੀ ਮੰਦਹਾਲੀ ਦਾ ਸਾਰਾ ਗੁੱਸਾ ਇਕ-ਦੂਜੇ ਉਪਰ ਕੱਢਦੇ ਹਨ। ਪਤੀ ਲੋਕ ਪਤਨੀਆਂ ਉਪਰ ਹੱਥ ਉਠਾਉਣ ਤੋਂ ਵੀ ਸੰਕੋਚ ਨਹੀਂ ਸਕਦੇ। ਇਨ੍ਹਾਂ ਲੜਾਈ-ਝਗੜਿਆਂ ਦੀ ਮੁੱਖ ਵਜ੍ਹਾ ਅਨਪੜ੍ਹਤਾ ਅਤੇ ਗ਼ਰੀਬੀ ਹੁੰਦੀ ਸੀ। ਲੇਖਕ ਨੇ ਭਾਰਤ ਵਿਚੋਂ ਅਨਪੜ੍ਹਤਾ ਅਤੇ ਗ਼ਰੀਬੀ ਨੂੰ ਦੂਰ ਕਰਨ ਦੇ ਬਹੁਤ ਸਾਰੇ ਕਾਰਗਰ ਸੁਝਾਅ ਦਿੱਤੇ ਹਨ।

### 2.4.4 ਆਜ਼ਾਦ ਭਾਰਤ ਦਾ ਬਹੁਪੱਖੀ ਵਿਕਾਸ

ਅੰਗਰੇਜ਼ੀ ਰਾਜ ਸਮੇਂ ਕਈ ਸੁਹਿਰਦ ਅਫਸਰਾਂ ਨੇ ਭਾਰਤ ਵਿਚੋਂ ਅਨਪੜ੍ਹਤਾ ਅਤੇ ਵਹਿਮਾਂ-ਭਰਮਾਂ ਨੂੰ ਦੂਰ ਕਰਨ ਵਾਸਤੇ ਬੜੇ ਸੁਚੱਜੇ ਯਤਨ ਕੀਤੇ ਸਨ। ਇਨ੍ਹਾਂ ਅਫ਼ਸਰਾਂ ਵਿਚ ਇਕ ਮਿ. ਬ੍ਰੇਅਨ ਹੁੰਦਾ ਸੀ। ਉਸ ਨੇ ਨਾਟਕ-ਮੰਡਲੀਆਂ ਦੇ ਮਾਧਿਅਮ ਦੁਆਰਾ ਪੰਜਾਬ ਨੂੰ ਸੁਧਾਰਨ ਦਾ ਬੀੜਾ ਉਠਾ ਰੱਖਿਆ ਸੀ। ਪੰਜਾਬੀ ਨਾਟਕਕਾਰ ਆਈ.ਸੀ.ਨੰਦਾ ਅਤੇ ਡਾ. ਹਰਚਰਨ ਸਿੰਘ ਮਿ. ਬ੍ਰੇਅਨ ਦੀ ਪ੍ਰੇਰਨਾ ਨਾਲ ਹੀ ਸਮਾਜ ਸੁਧਾਰਕ ਨਾਟਕ ਲਿਖਣ ਲੱਗੇ ਸਨ। ਇਹ ਮੰਤਵ ਲਈ ਇਨ੍ਹਾਂ ਨੂੰ ਮਿਸਿਜ਼ ਨੋਰ੍ਹਾ ਰਿਚਰਡਜ਼ ਵੀ ਉਤਸਾਹਿਤ ਕਰਦੀ ਰਹਿੰਦੀ ਸੀ। ਪਰ ਸਾਰੇ ਅਫ਼ਸਰ ਮਿ. ਬ੍ਰੇਅਨ, ਰਿਚਰਡ ਟੈਂਪਲ, ਜਾਂ ਗ੍ਰੀਅਰਸਨ ਵਰਗੇ ਨਹੀਂ ਸਨ। ਬਹੁਤੇ ਅੰਗਰੇਜ਼ ਹਿੰਦੂ-ਮੁਸਲਿਮ ਭਾਵਨਾਵਾਂ ਨੂੰ ਇਕ ਦੂਜੇ ਦੇ ਵਿਰੁੱਧ ਭੜਕਾਉਣ ਦਾ ਕੰਮ ਕਰਦੇ ਸਨ। ਉਨ੍ਹਾਂ ਦਾ ਖ਼ਿਆਲ ਸੀ ਕਿ ਜੇ ਹਿੰਦੂ, ਮੁਸਲਮਾਨ ਅਤੇ ਸਿੱਖ ਇਕੱਠੇ ਹੋ ਗਏ ਤਾਂ ਉਨ੍ਹਾਂ ਦਾ ਸਾਮਰਾਜ ਕਾਇਮ ਨਹੀਂ ਰਹੇਗਾ; ਭਾਰਤੀ ਲੋਕ ਆਜ਼ਾਦ ਹੋ ਜਾਣਗੇ।

ਡਾ. ਰੰਧਾਵਾ ਇਕ ਸੱਚਾ ਹਿੰਦੁਸਤਾਨੀ ਸੀ। ਬੇਸ਼ੱਕ ਉਸਦਾ ਆਪਣਾ ਕੋਈ ਰੋਲ-ਮਾਡਲ ਤਾਂ ਨਹੀਂ ਸੀ ਪਰ ਉਹ ਵੱਡਾ ਹੋ ਕੇ ਪੰਜਾਬ ਦਾ ਗਵਰਨਰ ਜਾਂ ਡਿਪਟੀ ਕਮਿਸ਼ਨਰ ਜ਼ਰੂਰ ਬਣਨਾ ਚਾਹੁੰਦਾ ਸੀ। ਪੰਜਾਬ ਯੂਨੀਵਰਸਿਟੀ ਦੇ ਗੌਰਮਿੰਟ ਕਾਲਜ ਲਾਹੌਰ ਤੋਂ ਐਮ.ਐਸ-ਸੀ. ਪਹਿਲੇ ਦਰਜੇ ਵਿਚ ਪਾਸ ਕਰ ਕੇ ਜਦੋਂ ਉਸਨੇ ਲੈਕਚਰਾਰ ਬਣਨ ਦੀ ਕੋਸ਼ਿਸ਼ ਕੀਤੀ ਤਾਂ ਕੋਈ ਸਿਫਾਰਿਸ਼ ਨਾ ਹੋਣ ਦੀ ਵਜ੍ਹਾ ਨਾਲ ਉਸ ਨੂੰ ਕਿਸੇ ਨੇ ਨਾ ਪੁੱਛਿਆ। ਝੁੰਜਲਾਹਟ ਦੀ ਸਥਿਤੀ ਵਿਚ ਉਸਨੇ ਆਪਣਾ ਆਦਰਸ਼ ਮਿਥ ਲਿਆ : ਤਖ਼ਤ ਜਾਂ ਤਖ਼ਤਾ ਅਤੇ ਆਈ.ਸੀ.ਐਸ. ਦੀ ਤਿਆਰੀ ਸ਼ੁਰੂ ਕਰ ਦਿੱਤੀ। ਮੁਕਾਬਲੇ ਦੀ ਇਸ ਪਰੀਖਿਆ ਵਿਚ ਪਹਿਲੀ ਵਾਰ ਤਾਂ ਉਹ ਸਫ਼ਲ ਨਾ ਹੋਇਆ ਪਰ ਦੂਸਰੀ ਵਾਰ ਜ਼ਰੂਰ ਉਹ ਪੰਜਵੇਂ ਸਥਾਨ 'ਤੇ ਆ ਗਿਆ ਅਤੇ ਡਿਪਟੀ ਕਮਿਸ਼ਨਰ ਬਣ ਗਿਆ। ਡਿਪਟੀ ਕਮਿਸ਼ਨਰ ਹੋਣ ਸਮੇਂ ਉਹ ਕਦੀ ਵੀ ਐਸਪ੍ਰਸਤੀ ਵਿਚ ਨਾ ਪਿਆ। ਬਲਕਿ ਸਾਦਾ, ਸਰਲ ਅਤੇ ਪਰਸਵਾਰਥੀ ਜੀਵਨ ਜਿਉਂਦਾ ਰਿਹਾ। ਮਾਲਵੇ, ਹਰਿਆਣੇ ਅਤੇ ਕਾਂਗੜੇ ਦੇ ਲੋਕਗੀਤ ਅਤੇ ਲੋਕਕਲਾਵਾਂ ਇਕੱਤਰ ਕੀਤੀਆਂ। ਕਲਾਕਾਰਾਂ ਅਤੇ ਲੇਖਕਾਂ ਨੂੰ ਉਤਸਾਹਿਤ ਕੀਤਾ। ਪਿੰਡਾਂ ਵਿਚ ਲਾਇਬਰੇਰੀਆਂ ਦਾ ਜਾਲ ਵਿਛਾ ਦਿੱਤਾ। ਪੰਜਾਬ ਦੀ ਜ਼ਮੀਨ ਦੀ ਚਕਬੰਦੀ ਕੀਤੀ। ਸ਼ਰਨਾਰਥੀਆਂ ਨੂੰ ਜ਼ਮੀਨਾਂ ਅਲਾਟ ਕੀਤੀਆਂ। ਕਿਸੇ ਨਾਲ ਵੀ ਧੱਕਾ ਜਾਂ ਅਨਿਆਇ ਨਾ ਹੋਣ ਦਿੱਤਾ। ਪੰਜਾਬ ਦੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨਕ ਢੰਗ ਨਾਲ ਖੇਤੀ ਕਰਨ ਦੀ ਜਾਚ ਦੱਸੀ। ਮਜ਼੍ਹਬੀ ਜਨੂਨੀਆਂ ਦੀ ਖੁੰਬ ਠੱਪ ਕੇ 1947 ਦੇ ਦੰਗਿਆਂ ਉਪਰ ਕੰਟਰੋਲ ਕੀਤਾ। ਪੱਛਮੀ ਪੰਜਾਬ ਤੋਂ ਦਿੱਲੀ ਵਿਖੇ ਉਜੜ ਕੇ ਆਏ ਲੋਕਾਂ ਲਈ ਪੁਨਰ-ਵਸੇਬੇ ਦਾ ਪ੍ਰਬੰਧ ਕੀਤਾ। ਉਨ੍ਹਾਂ ਦੇ ਰੁਜ਼ਗਾਰ ਲਈ ਮਾਕੂਲ (ਢੁੱਕਵੇਂ) ਅਵਸਰ ਪੈਦਾ ਕੀਤੇ। ਪੰਜਾਬੀਆਂ ਨੂੰ ਦਿੱਲੀ ਵਿਚ ਪਲਾਟ ਦਿੱਤੇ ਅਤੇ ਦਿੱਲੀ ਨੂੰ ਪੰਜਾਬੀਅਤ ਦਾ ਇਕ ਨਵਾਂ ਕੇਂਦਰ ਬਣਾ ਦਿੱਤਾ। ਅੱਜ ਕਲ੍ਹ ਦੇ ਬਹੁਤੇ ਅਫ਼ਸਰਾਂ ਵਾਂਗ ਨਾ ਜ਼ਮੀਨ ਬਣਾਈ ਨਾ ਕੋਠੀਆਂ। ਬਲਕਿ ਗਾਰਡਨ ਕਾਲੋਨੀ ਖਰੜ ਦੇ ਇਕ ਸਾਧਾਰਣ ਜਿਹੇ ਘਰ ਵਿਚ ਗੁਜ਼ਾਰਾ ਕਰਦਾ ਰਿਹਾ। ਕੋਈ ਹੋਰ ਅਫ਼ਸਰ ਹੁੰਦਾ ਤਾਂ ਚੰਡੀਗੜ੍ਹ ਵਿਚ ਹੀ ਉਸ ਦੀਆਂ ਚਾਰ-ਪੰਜ ਕੋਠੀਆਂ, ਅੱਠ-ਦਸ ਪਲਾਟ ਅਤੇ ਇਧਰ-

ਉਧਰ ਸੈਂਕੜੇ ਏਕੜ ਜ਼ਮੀਨ ਹੋਣੀ ਸੀ। ਉਸ ਨੇ ਆਜ਼ਾਦ ਭਾਰਤ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਇਆ।

### 2.4.5 ਪੰਜਾਬੀਆਂ ਦੇ ਵਹਿਮ-ਭਰਮ

ਇਸ ਪੁਸਤਕ ਵਿਚ ਪ੍ਰਸੰਗਵਸ, ਪੰਜਾਬੀਆਂ ਦੇ ਵਹਿਮ-ਭਰਮ ਵੀ ਰੀਕਾਰਡ ਹੋ ਗਏ ਹਨ। ਲੇਖਕ ਖ਼ੁਦ ਵੀ ਵਹਿਮਾਂ-ਭਰਮਾਂ ਤੋਂ ਮੁਕਤ ਨਹੀਂ ਹੈ। ਅਸਲ ਵਿਚ ਹਰ ਸਭਿਆਚਾਰ ਕੁਝ ਵਹਿਮਾਂ-ਭਰਮਾਂ ਨੂੰ ਮਾਨਤਾ ਦੇਈ ਰੱਖਦਾ ਹੈ। ਇਸ ਪ੍ਰਕਾਰ ਇਹ ਵਿਅਕਤੀ ਦੇ ਅਚੇਤ ਮਨ ਵਿਚ ਟਿਕ ਜਾਂਦੇ ਹਨ। ਲੇਖਕ ਆਪਣੇ ਪਿਤਾ ਸ਼ੇਰ ਸਿੰਘ ਦੇ ਜਨਮ ਬਾਰੇ ਵੇਰਵੇ ਦਿੰਦਾ ਹੋਇਆ ਲਿਖਦਾ ਹੈ, "ਕੱਤਕ ਦਾ ਮਹੀਨਾ ਸਾਡੇ ਦੇਸ਼ ਵਿਚ ਕੁਝ ਕਰੜਾ ਹੀ ਸਮਝਦੇ ਹਨ। ਇਸ ਮਹੀਨੇ ਜੰਮਿਆ ਬੱਚਾ ਜਾਂ ਤਾਂ ਬਚਦਾ ਹੀ ਨਹੀਂ, ਜੇ ਬਚ ਜਾਏ ਤਾਂ ਉਹ ਬਹੁਤ ਤੇਜ਼-ਪ੍ਰਤਾਪ ਵਾਲਾ ਹੁੰਦਾ ਹੈ।" (ਪੰਨਾ 17) ਪੰਜਾਬੀ ਲੋਕਾਂ ਦੇ ਵਹਿਮਾਂ-ਭਰਮਾਂ ਦਾ ਇਕ ਹੋਰ ਨਮੂਨਾ ਪੇਸ਼ ਕਰਦਾ ਹੋਇਆ ਉਹ ਲਿਖਦਾ ਹੈ ਕਿ ਜਦੋਂ ਉਹ ਦੂਜੀ ਵਾਰ ਆਈ.ਸੀ.ਐਸ. ਦਾ ਇਮਤਿਹਾਨ ਦੇਣ ਜਾ ਰਿਹਾ ਸੀ ਤਾਂ ਰਾਹ ਵਿਚ ਹਰਨਾਂ ਦੀ ਇਕ ਡਾਰ ਸਾਡੇ ਖੱਬੇ ਦੀ ਲੰਘ ਗਈ। ਮੇਰਾ ਨੌਕਰ ਰਾਮ ਸਿੰਘ ਬੋਲਿਆ, "ਇਹ ਮਾੜਾ ਹੋਇਆ।" ਭਾਵੇਂ ਲੇਖਕ ਦਾ ਇਸ ਪਰੀਖਿਆ ਵਿਚ ਪੰਜਵਾਂ ਨੰਬਰ ਸੀ ਅਤੇ ਉਹ ਕਾਮਯਾਬ ਹੋ ਗਿਆ ਸੀ ਪਰ ਜਿੰਨੀ ਦੇਰ ਤਕ ਨਤੀਜਾ ਨਾ ਆਇਆ, ਰਾਮ ਸਿੰਘ ਦੀ ਗੱਲ ਉਸ ਦੇ ਦਿਲ ਵਿਚ ਸੂਲਾਂ ਵਾਂਗ ਚੁਭਦੀ ਰਹੀ... ਉਹ ਡਰਦਾ ਹੀ ਰਿਹਾ। (ਪੰਨਾ 95)

ਲੇਖਕ ਨੂੰ ਵਹਿਮਾਂ-ਭਰਮਾਂ ਸੰਬੰਧੀ ਆਪਣੇ ਖੇਤਰ ਦੇ ਪਿੰਡਾਂ ਵਿਚੋਂ ਵੀ ਕਈ ਦਿਲਚਸਪ ਨਜ਼ਾਰੇ ਲੱਭ ਜਾਂਦੇ ਸਨ। ਰਾਏ ਬਰੇਲੀ ਦੇ ਇਕ ਪਿੰਡ ਕਿਦਾਰਵਾਪੁਰ ਪਿੰਡ ਦੇ ਕੋਲ ਸੜਕ ਦੇ ਕਿਨਾਰੇ ਇਕ ਨਿੰਮ ਦੇਖੀ ਜਿਸ ਦੇ ਤਣੇ ਵਿਚੋਂ ਪਾਣੀ ਸਿੰਮ ਰਿਹਾ ਸੀ ਅਤੇ ਬੁਲਬੁਲੇ ਛੁਟ ਰਹੇ ਸਨ। ਪਿੰਡ ਵਾਲਿਆਂ ਤੋਂ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਨਿੰਮ ਰੋ ਰਹੀ ਹੈ। ਦੂਜਾ ਵਿਸ਼ਵ ਯੁੱਧ ਲੱਗਾ ਹੋਇਆ ਸੀ ਅਤੇ ਇਸ ਕਾਰਨ ਇਹ ਰੁੱਖ ਅੰਗਰੇਜ਼ਾਂ ਲਈ ਮਨਹੂਸ ਹੈ। ਸੂਰ ਅਤੇ ਗਲਹਿਰੀਆਂ ਇਸ ਦਾ ਪਾਣੀ ਪੀ ਕੇ ਖ਼ੁਸ਼ ਹੁੰਦੀਆਂ ਸਨ। ਪਿੰਡਾਂ ਵਾਲਿਆਂ ਨੇ ਦੱਸਿਆ ਕਿ ਫੋੜਿਆਂ ਫਿੰਨਸੀਆਂ ਨੂੰ ਵੀ ਇਹ ਪਾਣੀ ਆਰਾਮ ਦਿੰਦਾ ਹੈ।

ਬੈਜਨਾਥ ਵਿਚ ਘੁੰਮਦਿਆਂ ਲੇਖਕ ਨੇ ਦੇਖਿਆ ਕਿ ਫੱਗਣ ਦੇ ਆਖਰੀ ਦਿਨ ਕੁੜੀਆਂ ਇਕ ਕੌਡੀ ਨੂੰ ਘਰ ਵਿਚ ਦਬਾ ਦਿੰਦੀਆਂ ਹਨ ਅਤੇ ਅਗਲੇ ਦਿਨ ਤੋਂ ਇਸ ਥਾਂ ਨੂੰ ਪੂਜਣ ਲੱਗ ਪੈਂਦੀਆਂ ਹਨ। ਕੋਈ ਪੰਦਰਾਂ ਦਿਨ ਸਵੇਰੇ-ਸ਼ਾਮ ਇੱਥੇ ਇਕੱਠੀਆਂ ਹੋ ਕੇ ਕੁੜੀਆਂ ਪੂਜਾ ਕਰਦੀਆਂ ਹਨ। ਫਿਰ ਪਹਿਲੀ ਵਿਸਾਖ ਨੂੰ ਰਲੀ ਦਾ ਸ਼ੰਕਰ ਨਾਲ ਵਿਆਹ ਹੋ ਜਾਂਦਾ ਹੈ। ਅੱਧੀਆਂ ਕੁੜੀਆਂ ਸ਼ੰਕਰ ਵੱਲ ਅਤੇ ਅੱਧੀਆਂ ਰਲੀ ਵੱਲ ਹੋ ਜਾਂਦੀਆਂ ਹਨ। ਰਲੀ ਤੇ ਸ਼ੰਕਰ ਦੀਆਂ ਮੂਰਤੀਆਂ ਨੂੰ ਵਿਆਂਹਦੜ ਕੁੜੀ ਮੁੰਡੇ ਵਾਂਗ ਵਟਣਾ ਮਲਿਆ ਜਾਂਦਾ ਹੈ। ਫਿਰ ਇਕ ਬ੍ਰਾਹਮਣ ਹਵਨ ਕਰਦਾ ਹੈ ਤੇ ਕੁੜੀਆਂ ਰਲੀ ਤੇ ਸ਼ੰਕਰ ਦੀਆਂ ਮੂਰਤੀਆਂ ਦੇ ਸਿਰਾਂ ਵਿਚ ਸਰ੍ਹੋਂ ਦਾ ਤੇਲ ਪਾਉਂਦੀਆਂ ਹਨ। ਸ਼ੰਕਰ ਨੂੰ ਲਾੜਿਆਂ ਵਾਂਗ ਲਾਲ ਕੱਪੜੇ ਪਹਿਨਾਏ ਜਾਂਦੇ ਹਨ ਤੇ ਫਿਰ ਦੋਹਾਂ ਨੂੰ ਪਾਲਕੀ ਵਿਚ ਪਾ ਕੇ ਦਰਿਆ ਵੱਲ ਲਿਜਾ ਕੇ ਰੋੜ੍ਹ ਦਿੱਤਾ ਜਾਂਦਾ ਹੈ। (ਪੰਨਾ 258) ਇਉਂ ਲੇਖਕ ਦੱਸਦਾ ਹੈ ਕਿ ਚੰਗੇ ਥਾਂ ਵਿਆਹ ਕਰਨ ਦੀ ਆਸ਼ਾ ਨਾਲ ਕੁੜੀਆਂ ਇਸ ਪ੍ਰਕਾਰ ਦੇ ਸ਼ਗਨ ਅਤੇ ਕਰਮ-ਕਾਂਡ ਕਰਦੀਆਂ ਹਨ। ਇਹੋ ਜਿਹੇ ਕਰਮ-ਕਾਂਡ ਪੂਰੇ ਭਾਰਤ ਵਿਚ ਪ੍ਰਚੱਲਿਤ ਹਨ ਅਤੇ ਇਹ ਲੋਕਾਂ ਦੇ ਡਗਮਗਾ ਰਹੇ ਵਿਸ਼ਵਾਸਾਂ ਨੂੰ ਠੁੰਮ੍ਹਣਾ ਦਿੰਦੇ ਹਨ।

### 2.4.6 ਧਾਰਮਿਕ ਵਿਸ਼ਵਾਸ

ਇਸ ਪੁਸਤਕ ਵਿਚ ਪੰਜਾਬੀ ਅਤੇ ਭਾਰਤੀ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਦੀਆਂ ਬਹੁਤ ਸਾਰੀਆਂ ਤਸਵੀਰਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਇਹ ਵਿਸ਼ਵਾਸ ਭਾਰਤੀ ਲੋਕਾਂ ਦੀ ਸਾਮੂਹਿਕ ਸਿਆਣਪ ਵਿਚੋਂ ਪੈਦਾ ਹੁੰਦੇ ਹਨ। ਕਦੇ ਕਿਸੇ ਬੰਦੇ ਨਾਲ ਕਿਸੇ ਸਥਾਨ ਜਾਂ ਰੁੱਖ-ਬੂਟੇ ਬਾਰੇ ਕੋਈ ਵਚਿੱਤਰ ਘਟਨਾ ਵਾਪਰਦੀ ਹੈ ਤਾਂ ਉਹ ਆ ਕੇ ਆਪਣੇ ਸੰਗੀਆਂ-ਸਾਥੀਆਂ ਨਾਲ ਇਸ ਬਾਰੇ ਚਰਚਾ ਕਰਦਾ ਹੈ। ਉਤਸੁਕਤਾਵਸ ਹੋਰ ਲੋਕ ਵੀ ਅਜਿਹੀ ਘਟਨਾ ਨੂੰ ਅਜ਼ਮਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਜੇ ਉਨ੍ਹਾਂ ਵਿਚੋਂ ਕਿਸੇ ਇਕ-ਦੋ ਨੂੰ ਉਹੀ ਸਿੱਟਾ ਪ੍ਰਾਪਤ ਹੋਵੇ ਤਾਂ ਇਹ ਵਰਤਾਰਾ ਧਾਰਮਿਕ/ਸਭਿਆਚਾਰ ਵਿਸ਼ਵਾਸ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਉਸ ਖਿੱਤੇ ਦੇ ਲੋਕ ਉਸ ਵਿਸ਼ਵਾਸ ਨੂੰ ਆਪਣਾ ਸਾਂਝਾ ਵਿਰਸਾ ਬਣਾ ਲੈਂਦੇ ਹਨ। ਧਾਰਮਿਕ ਵਿਸ਼ਵਾਸਾਂ ਉੱਪਰ ਟਿੱਪਣੀ ਕਰਦਾ ਹੋਇਆ ਉਹ ਲਿਖਦਾ ਹੈ, "ਮੈਨੂੰ ਅਨੁਭਵ ਹੋਇਆ ਕਿ ਸਾਰੇ ਮਜ਼ਹਬ ਰੱਬ ਦੀ ਭਾਲ ਕਰਦੇ ਹਨ ਪਰ ਉਨ੍ਹਾਂ ਨੇ ਰੱਬ ਦੇ ਨਾਮ ਵੱਖੋ-ਵੱਖਰੇ ਰੱਖੇ ਹੋਏ ਹਨ। ਹਰ ਮਜ਼ਹਬ ਨੇ ਆਪਣੇ ਭਾਈਆਂ, ਪੰਡਤਾਂ, ਮੁੱਲਾਂ ਅਤੇ ਪਾਦਰੀਆਂ ਦੀਆਂ ਫ਼ੌਜਾਂ ਬਣਾਈਆਂ ਹੋਈਆਂ ਹਨ ਤੇ ਉਨ੍ਹਾਂ ਨੇ ਬਹੁਤ ਸਾਰੇ ਕਰਮ-ਕਾਂਡ ਘੜ ਰੱਖੇ ਹਨ। ਆਖਰ ਵਿਚ ਲੋਕ ਧਰਮ ਨੂੰ ਭੁੱਲ ਜਾਂਦੇ ਹਨ ਅਤੇ ਰਸਮਾਂ ਵਿਚ ਹੀ ਆਪਣੇ ਮਨ ਦੀ ਤਸੱਲੀ ਲੱਭਦੇ ਹਨ।" (ਪੰਨਾ 82) ਬਾਇਆਲੋਜੀ ਅਤੇ ਹੋਰ ਸਮਾਜ ਵਿਗਿਆਨ ਪੜ੍ਹ ਕੇ ਲੇਖਕ ਨੇ ਮਹਿਸੂਸ ਕੀਤਾ ਕਿ ਅਸਲ ਮਜ਼ਹਬ ਦਿਖਾਵਾ ਨਹੀਂ, ਇਹ ਦਿਲ ਦੀ ਹਾਲਤ ਹੈ। ਪੂਜਾ-ਪਾਠ ਦੀ ਲੋੜ ਨਹੀਂ ਅਤੇ ਅਸਲੀ ਅਰਦਾਸ ਦਿਲ ਵਿਚੋਂ ਉਪਜਦੀ ਹੈ, ਜਿਵੇਂ ਕਿ ਬੱਚੇ ਦਾ ਹੱਸਣਾ ਤੇ ਰੋਣਾ। ਨਾਲ ਹੀ ਇਹ ਗੱਲ ਠੀਕ ਹੈ ਕਿ ਇਕ ਬੜੀ ਭਾਰੀ ਤਾਕਤ ਜਿਸ ਨੂੰ ਅਸੀਂ ਦੇਖ ਨਹੀਂ ਸਕਦੇ, ਬ੍ਰਹਿਮੰਡ

ਵਿਚ ਪ੍ਰਵੇਸ਼ ਕਰਦੀ ਹੈ। ਜਦ ਅਸੀਂ ਸੱਚ ਬੋਲਦੇ ਹਾਂ ਤੇ ਚੰਗੇ ਕੰਮ ਕਰਦੇ ਹਾਂ ਤਾਂ ਇਹ ਤਾਕਤ ਸਾਡੀ ਮੱਦਦ ਕਰਦੀ ਹੈ। (ਪੰਨਾ 83)

ਡਾ. ਰੰਧਾਵਾ ਲਿਖਦਾ ਹੈ ਕਿ ਭਾਰਤੀ ਸਮਾਜ ਵਿਚ ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦਾ ਹੈ। ਅਜਿਹੇ ਲੋਕ ਗਰੀਬਾਂ ਨਾਲ ਅਨਿਆਇ ਅਤੇ ਧੱਕੇਸ਼ਾਹੀ ਕਰਨ ਤੋਂ ਬਾਜ਼ ਨਹੀਂ ਆਉਂਦੇ। ਕੋਈ ਸਬੂਤ ਨਾ ਹੋਣ ਦੀ ਸੂਰਤ ਵਿਚ ਅਫ਼ਸਰਾਂ ਪਾਸ ਵੀ ਕੋਈ ਸੁਣਵਾਈ ਨਹੀਂ ਹੁੰਦੀ। ਫਿਰ ਉਹ ਆਪਣੇ ਕੁਲ-ਦੇਵਤਿਆਂ ਦੀ ਸ਼ਰਨ ਵਿਚ ਜਾ ਕੇ ਬੇਨਤੀ ਕਰਦੇ ਹਨ। ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਦੇਵਤਾ ਉਨ੍ਹਾਂ ਨਾਲ ਇਨਸਾਫ਼ ਕਰ ਦੇਵੇਗਾ। ਅਲਮੋੜਾ ਦੇ ਲੋਕ ਗੋਲ-ਦੇਵਤਾ ਦੀ ਸ਼ਰਨ ਲੈਂਦੇ ਸਨ। ਕਿਸੇ ਬੰਦੇ ਨੇ ਸੌ ਰੁਪਇਆ ਉਧਾਰ ਲਿਆ ਪਰ ਦੇਣ ਸਮੇਂ ਮੁੱਕਰ ਗਿਆ। ਉਧਾਰ ਦੇਣ ਵਾਲੇ ਬੰਦੇ ਕੋਲ ਰੁਪਏ ਦੇਣ ਦਾ ਕੋਈ ਸਬੂਤ ਨਹੀਂ ਸੀ, ਕੋਈ ਲਿਖਤ-ਪੜ੍ਹਤ ਨਹੀਂ ਸੀ। ਤੰਗ ਆ ਕੇ ਉਧਾਰ ਦੇਣ ਵਾਲੇ ਨੇ ਗੋਲ-ਦੇਵਤਾ ਦੇ ਮੰਦਰ ਵਿਚ ਜਾ ਕੇ ਬੇਨਤੀ ਕੀਤੀ। ਇਸ ਤੋਂ ਬਾਅਦ ਉਧਾਰ ਲੈਣ ਵਾਲੇ ਦੀ ਮੱਝ ਮਰ ਗਈ। ਫਿਰ ਉਸਦਾ ਇਕਲੌਤਾ ਪੁੱਤਰ ਬੀਮਾਰ ਹੋ ਗਿਆ। ਹੁਣ ਉਸ ਨੂੰ ਅਨੁਭਵ ਹੋਇਆ ਕਿ ਇਹ ਗੋਲ-ਦੇਵਤਾ ਦੀ ਸਜ਼ਾ ਹੈ। ਉਸ ਨੇ ਪੈਸੇ ਵਾਪਸ ਕਰ ਦਿੱਤੇ ਅਤੇ ਮੰਦਰ ਵਿਚ ਜਾ ਕੇ ਦੇਵਤੇ ਤੋਂ ਖਿਮਾਂ ਮੰਗੀ। (ਪੰਨਾ 128)

ਲੇਖਕ ਆਪ ਵੀ ਸੁਪਨਿਆਂ ਦੁਆਰਾ ਮਿਲਣ ਵਾਲੇ ਦੈਵੀ ਸੰਦੇਸ਼ਾਂ (messages) ਵਿਚ ਵਿਸ਼ਵਾਸ ਰੱਖਦਾ ਹੈ। ਇਕ ਵਾਰ ਉਹ ਇਕ 'ਵਰਲਡ ਫੂਡ ਕਾਨਫਰੰਸ' ਵਿਚ ਭਾਗ ਲੈਣ ਲਈ ਅਮਰੀਕਾ ਦੇ ਸ਼ਹਿਰ ਕਿਊਬੈਕ ਗਿਆ। ਉਥੇ ਰਹਿੰਦਿਆਂ ਹੋਇਆ 28 ਅਕਤੂਬਰ 1945 ਦੀ ਰਾਤ ਨੂੰ ਉਸ ਨੂੰ ਸੁਪਨਾ ਆਇਆ ਕਿ ਉਸ ਦੇ ਘਰ ਇਕ ਸੋਹਣੇ ਜਿਹੇ ਪੁੱਤਰ ਨੇ ਜਨਮ ਲਿਆ ਹੈ। ਘਰ ਪਹੁੰਚਣ 'ਤੇ ਪਤਾ ਚਲਿਆ ਕਿ ਉਸ ਬੱਚੇ ਦਾ ਜਨਮ 28 ਅਕਤੂਬਰ ਨੂੰ ਹੀ ਹੋਇਆ ਸੀ। ਕਈ ਵਾਰ ਇਸ ਤਰ੍ਹਾਂ ਦੇ ਸੰਜੋਗ (Coincidence) ਹੋ ਜਾਂਦੇ ਹਨ ਅਤੇ ਲੋਕ ਉਨ੍ਹਾਂ ਉਪਰ ਵਿਸ਼ਵਾਸ ਕਰਨ ਲੱਗ ਪੈਂਦੇ ਹਨ। ਦੁਨੀਆਂ ਦੇ ਹਰ ਮੁਲਕ ਵਿਚ ਕਿਸੇ-ਨਾ-ਕਿਸੇ ਦੇਵਤੇ, ਮੰਦਰ ਜਾਂ ਸਥਾਨ ਬਾਰੇ ਇਹੋ ਜਿਹੇ ਸਾਂਝੇ ਵਿਸ਼ਵਾਸ ਪ੍ਰਚਲਿਤ ਹਨ।

### 2.4.7 ਵਿਆਹ ਸ਼ਾਦੀਆਂ ਅਤੇ ਸੰਤਾਨ

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਪੰਜਾਬ ਦੀ ਕਿਰਸਾਣੀ ਇਕ ਸੰਕਟ ਵਿਚ ਫਸ ਗਈ ਸੀ। ਅੰਗਰੇਜ਼ ਹਕੂਮਤ ਨੇ ਮਾਲੀਏ ਦੀ ਦਰ ਵਿਚ ਬਹੁਤ ਵਾਧਾ ਕਰ ਦਿੱਤਾ ਸੀ। ਸਾਡੇ ਕਿਰਸਾਣਾਂ ਨੇ ਖੇਤੀਬਾੜੀ ਨੂੰ ਇਕ ਉਦਯੋਗ ਵਜੋਂ ਵਿਕਸਿਤ ਨਹੀਂ ਸੀ ਕੀਤਾ। ਨਾ ਖੇਤੀਬਾੜੀ ਵਿਚ ਨਵੇਂ ਤਜਰਬੇ ਹੋ ਰਹੇ ਸਨ। ਕਣਕ-ਛੋਲੇ (ਹਾੜ੍ਹੀ) ਅਤੇ ਨਰਮਾ-ਮੱਕੀ (ਸਾਉਣੀ) ਦੀਆਂ ਫਸਲਾਂ ਬੀਜੀਆਂ ਜਾਂਦੀਆਂ ਸਨ। ਇਨ੍ਹਾਂ ਫਸਲਾਂ ਦੇ ਪੱਕਣ ਉਪਰ ਚਾਰ-ਪੰਜ ਮਹੀਨੇ ਤੋਂ ਵੀ ਵਧੇਰੇ ਸਮਾਂ ਲੱਗ ਜਾਂਦਾ ਸੀ। ਫਸਲਾਂ ਦਾ ਝਾੜ ਬਹੁਤ ਘੱਟ ਹੁੰਦਾ ਸੀ। ਜਿਸ ਕਾਰਨ ਕਿਸਾਨ-ਪੁੱਤਰਾਂ ਦੀਆਂ ਢੁਕਵੇਂ ਥਾਵਾਂ 'ਤੇ ਸ਼ਾਦੀਆਂ ਨਹੀਂ ਸਨ ਹੁੰਦੀਆਂ। ਜਾਗੀਰਦਾਰ ਅਤੇ ਰਾਜੇ-ਰਜਵਾੜੇ ਕਈ-ਕਈ ਵਿਆਹ ਕਰਵਾ ਲੈਂਦੇ ਸਨ। ਬੁਢਾਪੇ ਦੀ ਉਮਰ ਵਿਚ ਵੀ ਉਹ ਮੁਟਿਆਰ ਕੁੜੀਆਂ ਨਾਲ ਵਿਆਹ ਕਰਨ ਤੋਂ ਗੁਰੇਜ਼ ਨਹੀਂ ਸਨ ਕਰਦੇ। ਲੇਖਕ ਦਾ ਪਿਤਾ ਸ. ਸ਼ੇਰ ਸਿੰਘ ਇਕ ਤਹਿਸੀਲਦਾਰ ਸੀ। ਜ਼ਮੀਨ ਜਾਇਦਾਦ ਵੀ ਚੰਗੀ ਸੀ, ਜਿਸ ਕਾਰਨ ਉਸ ਨੇ ਚਾਰ ਵਿਆਹ ਕਰਵਾ ਲਏ, ਜਿਸ ਤੋਂ 10-12 ਬੱਚੇ ਪੈਦਾ ਹੋ ਗਏ। ਸਾਰਿਆਂ ਦਾ ਪਾਲਣ-ਪੋਸਣ ਚੰਗੇ ਢੰਗ ਨਾਲ ਨਾ ਹੋ ਸਕਿਆ, ਜਿਸ ਕਾਰਨ ਕਈ ਵਾਰ ਪਰਿਵਾਰ ਵਿਚ ਕਲੇਸ਼ ਹੋ ਜਾਂਦਾ ਸੀ। ਸ਼ੇਰ ਸਿੰਘ ਬਹੁਤਾ ਵੱਡਾ ਜ਼ਿਮੀਦਾਰ ਨਹੀਂ ਸੀ ਹਾਲਾਂਕਿ ਉਸ ਪਾਸ ਵੀ 15-16 ਮੁਰੱਬੇ ਜ਼ਮੀਨ ਸੀ ਪਰੰਤੂ ਪੰਜਾਬ ਦੇ ਰਜਵਾੜੇ ਅਤੇ ਯੂ.ਪੀ. ਦੇ ਜਾਗੀਰਦਾਰਾਂ ਪਾਸ ਹਜ਼ਾਰਾਂ ਏਕੜ ਜ਼ਮੀਨ ਹੁੰਦੀ ਸੀ। ਉਹ ਸੁੰਦਰ ਅਤੇ ਸਵਸਥ ਔਰਤਾਂ ਨਾਲ ਵਿਆਹ ਰਚਾਉਂਦੇ ਸਨ। ਇਨ੍ਹਾਂ ਰਾਜਿਆਂ-ਰਜਵਾੜਿਆਂ ਵਿਚ ਰਖੇਲਾਂ ਰੱਖਣ ਦਾ ਰਿਵਾਜ ਸੀ। ਇਕ-ਇਕ ਨਵਾਬ ਅਤੇ ਜਾਗੀਰਦਾਰ ਦੇ ਹਰਮ ਵਿਚ ਦਰਜਨਾਂ ਰਖੇਲ ਔਰਤਾਂ ਮੌਜੂਦ ਹੁੰਦੀਆਂ ਸਨ। ਗਾਉਣ-ਨੱਚਣ ਵਾਲੀਆਂ ਔਰਤਾਂ ਵੀ ਇਨ੍ਹਾਂ ਨੂੰ ਲੁੱਟਦੀਆਂ ਰਹਿੰਦੀਆਂ ਸਨ। ਇਹ ਲੋਕ ਬੱਚਿਆਂ ਦੀ ਪਰਵਰਿਸ਼ ਅਤੇ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਸਨ ਦਿੰਦੇ, ਜਿਸ ਕਾਰਨ ਔਲਾਦ ਵੀ ਨਿਕੰਮੀ ਅਤੇ ਐਯਾਸ਼ ਨਿੱਕਲਦੀ ਸੀ।

ਦੂਜੀ ਤਰਫ਼ ਆਮ ਕਿਸਾਨਾਂ ਦੇ ਪੁੱਤਰਾਂ ਨੂੰ ਇਕ ਵੀ ਪਤਨੀ ਨਹੀਂ ਸੀ ਮਿਲਦੀ। ਬਹੁਤੀ ਵਾਰ ਮੁੱਲ ਦੇ ਵਿਆਹ ਕੀਤੇ ਜਾਂਦੇ ਸਨ। ਗ਼ਰੀਬ ਕਿਸਾਨਾਂ ਨੂੰ ਪੈਸੇ ਦੇ ਕੇ ਉਨ੍ਹਾਂ ਦੀਆਂ ਕੁੜੀਆਂ ਵਿਆਹ ਕੇ ਲਿਆਉਣ ਦਾ ਰਿਵਾਜ਼ ਸੀ। ਬਿਨਾਂ ਪੈਸਿਆਂ ਦੇ ਲੈਣ-ਦੇਣ ਨੂੰ 'ਪੁੰਨ ਦਾ ਵਿਆਹ' ਕਿਹਾ ਜਾਂਦਾ ਸੀ। ਇਹ ਸਭ ਤੋਂ ਉੱਤਮ ਮੰਨਿਆ ਜਾਂਦਾ ਸੀ ਕਿਉਂਕਿ ਇਥੇ ਦੋ ਬਰਾਬਰ ਦੀਆਂ ਧਿਰਾਂ ਵਿਚ ਵੈਵਾਹਿਕ ਸੰਬੰਧ ਜੁੜਦੇ ਸਨ। ਬਹੁਤੇ ਘਰਾਂ ਵਿਚ ਕਿਸਾਨਾਂ ਦੇ ਇਕ-ਅੱਧ ਪੁੱਤਰ ਦੀ ਸ਼ਾਦੀ ਹੀ ਮਸਾਂ ਹੁੰਦੀ ਸੀ। ਉਸ ਦੇ ਬਾਕੀ ਭਰਾ ਵੀ ਉਸੇ ਔਰਤ ਨਾਲ ਗੁਜ਼ਾਰਾ ਕਰੀ ਜਾਂਦੇ ਸਨ। ਇਹ ਔਰਤ ਦਾ ਅਪਮਾਨ ਕਰਨ ਵਾਲੀ ਗੱਲ ਸੀ ਪਰ ਸਮਾਜ ਨੇ ਇਸ ਨੂੰ ਪ੍ਰਵਾਨਗੀ ਦੇ ਰੱਖੀ ਸੀ। ਇਕ ਤਾਂ ਪੰਜਾਬ ਵਿਚ ਲੋਕ ਕੁੜੀਆਂ ਨੂੰ ਪਾਲ-ਪੋਸ ਕੇ ਖੁਸ਼ ਨਹੀਂ ਸਨ, ਉਨ੍ਹਾਂ ਨੂੰ ਬਚਪਨ ਵਿਚ ਹੀ ਮਾਰ ਮੁਕਾ ਦਿਤਾ ਜਾਂਦਾ ਸੀ ਅਤੇ ਦੂਸਰੇ ਜਾਗੀਰਦਾਰ ਅਤੇ ਅਮੀਰ ਲੋਕ ਕਈ-ਕਈ ਵਿਆਹ ਕਰ ਲੈਂਦੇ ਸਨ। ਇਸ ਕਾਰਨ ਪੰਜਾਬ ਵਿਚ

ਪਿਛਲੇ ਕਾਫ਼ੀ ਸਮੇਂ ਤੋਂ ਔਰਤਾਂ (ਕੁੜੀਆਂ) ਦੀ ਘਾਟ ਰਹੀ ਹੈ।

ਕੁੜੀਆਂ ਨੂੰ ਪੜ੍ਹਾਉਣ-ਲਿਖਾਉਣ ਦਾ ਰਿਵਾਜ ਨਹੀਂ ਸੀ। ਵੱਡੇ ਘਰਾਂ ਦੀਆਂ ਕਈ ਲੜਕੀਆਂ ਜ਼ਰੂਰ ਪ੍ਰਾਇਮਰੀ ਪਾਸ ਕਰ ਜਾਂਦੀਆਂ ਸਨ। ਬਾਕੀ ਕੁੜੀਆਂ ਅਨਪੜ੍ਹ ਹੀ ਰਹਿ ਜਾਂਦੀਆਂ ਸਨ। ਸੱਸਾਂ ਆਪਣੀਆਂ ਨੂੰਹਾਂ ਉਪਰ ਜ਼ੁਲਮ ਕਰਦੀਆਂ ਸਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਦਾਜ ਲਿਆਉਣ ਲਈ ਮਜਬੂਰ ਕੀਤਾ ਜਾਂਦਾ ਸੀ। ਇਸਲਾਮ ਵਿਚ ਹਰ ਮਰਦ ਤਿੰਨ-ਚਾਰ ਸ਼ਾਦੀਆਂ ਕਰ ਸਕਦਾ ਸੀ। ਮੁਸਲਮਾਨ ਲੋਕ ਭੋਗ ਵਿਲਾਸ ਵਿਚ ਵਧੇਰੇ ਦਿਲਚਸਪੀ ਲੈਂਦੇ ਸਨ। ਪਰ ਔਰਤ ਅਤੇ ਬੱਚਿਆਂ ਦੀ ਸਥਿਤੀ ਉਥੇ ਵੀ ਸਾਮਾਨਯ (normal) ਨਹੀਂ ਸੀ। ਡਾ. ਰੰਧਾਵਾ ਦੀ ਇਸ ਪੁਸਤਕ ਵਿਚ ਪੰਜਾਬ ਦੀ ਵਿਆਹ ਅਤੇ ਸੰਤਾਨ ਸੰਸਥਾ ਬਾਰੇ ਬੜੀਆਂ ਅਰਥ ਭਰਪੂਰ ਟਿੱਪਣੀਆਂ ਮਿਲਦੀਆਂ ਹਨ।

### 2.4.8 ਸਾਹਿੱਤ ਅਤੇ ਕਲਾ

ਇਸ ਸ੍ਵੈਜੀਵਨੀ ਦਾ ਇਕ ਵੱਡਾ ਭਾਗ ਕਾਂਗੜੇ ਦੀ ਚਿੱਤਰ ਕਲਾ ਅਤੇ ਲੋਕ ਗੀਤਾਂ ਦੀ ਖੋਜ ਨੂੰ ਸਮਰਪਿਤ ਹੈ। ਲਗਪਗ 20 ਛੋਟੇ-ਛੋਟੇ ਲੇਖਾਂ ਵਿਚ ਡਾ. ਰੰਧਾਵਾ ਨੇ ਕਲਾ ਅਤੇ ਸਾਹਿਤ ਨਾਲ ਸੰਬੰਧਿਤ ਇਨ੍ਹਾਂ ਲੋਕਯਾਨਿਕ ਰੂਪਾਂ ਬਾਰੇ ਚਰਚਾ ਕੀਤੀ ਹੈ। ਲੇਖਕ ਦੀ ਕਲਾ ਵਿਚ ਦਿਲਚਸਪੀ ਲਾਹੌਰ ਵਿਖੇ ਪੜ੍ਹਨ ਦੌਰਾਨ ਹੋਈ ਸੀ। ਆਪਣੀ ਪ੍ਰੈਕਟੀਕਲ ਨੋਟ-ਬੁੱਕ ਲਈ ਕੁਝ ਚਿੱਤਰ ਬਣਾਉਣ ਵਾਸਤੇ ਉਹ ਸ. ਸੋਭਾ ਸਿੰਘ ਨੂੰ ਮਿਲਿਆ ਸੀ ਅਤੇ ਸਟੂਡੀਓ ਵਿਚ ਉਸ ਦੇ ਕੁਝ ਚਿੱਤਰ ਵੀ ਵੇਖੇ ਸਨ। ਇਥੇ ਹੀ ਉਸ ਨੂੰ ਕਾਂਗੜਾ ਸ਼ੈਲੀ ਦੇ ਕੁਝ ਚਿੱਤਰ ਵੇਖਣ ਦਾ ਮੌਕਾ ਵੀ ਮਿਲਿਆ। ਮਹਿੰਦਰ ਸਿੰਘ ਰੰਧਾਵਾ ਸੁਹਜ ਦਾ ਪ੍ਰੇਮੀ ਤਾਂ ਪਹਿਲਾਂ ਹੀ ਸੀ। ਆਪਣੇ ਆਸ-ਪਾਸ ਸੁਹਜ ਵੇਖਣ ਦੀ ਚਾਹਤ ਉਸ ਨੂੰ ਆਪਣੀ ਮਾਤਾ ਦੀ ਸੁੰਦਰ ਸੂਰਤ ਤੋਂ ਹੋਈ ਸੀ। ਉਸ ਦੀ ਪਤਨੀ ਇਕਬਾਲ ਕੌਰ ਵੀ ਇਕ ਸੁੰਦਰ ਅਤੇ ਸੁਡੌਲ ਮੁਟਿਆਰ ਸੀ। ਬੋਟਨੀ ਵਿਚ ਐਮ.ਐਸ-ਸੀ ਕਰਨ ਦੌਰਾਨ ਉਹ ਪ੍ਰਕਿਰਤੀ ਦੇ ਵਧੇਰੇ ਨੇੜੇ ਹੋ ਗਿਆ। ਪ੍ਰਕਿਰਤੀ ਵਿਚ ਕਰੂਪ ਕੁਝ ਵੀ ਨਹੀਂ ਹੈ। ਹਰ ਤਰਫ਼ ਸੁਹਜ ਹੀ ਸੁਹਜ ਬਿਖਰਿਆ ਹੁੰਦਾ ਹੈ। ਸੁਹਜ-ਪ੍ਰੇਮ ਦੀ ਇਹ ਤਰੰਗ ਉਸ ਵਕਤ ਹੋਰ ਵੀ ਤੀਬਰ ਹੋ ਗਈ ਜਦੋਂ ਉਸ ਨੂੰ ਕਾਂਗੜੇ ਦੀ ਵਾਦੀ ਵਿਚ ਵਿਚਰਣ ਦਾ ਮੌਕਾ ਮਿਲਿਆ। ਇਥੇ ਉਹ ਪਹਿਲੀ ਵਾਰ ਮਾਰਚ 1951 ਈ. ਵਿਚ ਗਿਆ ਸੀ। ਕਾਂਗੜਾ ਬਿਆਸ ਦਰਿਆ ਦੀ ਵਾਦੀ ਹੈ। ਇਥੇ ਬਿਆਸ ਵਿਚ ਹੋਰ ਵੀ ਕਈ ਨਦੀਆਂ ਮਿਲਦੀਆਂ ਹਨ।

ਕਾਂਗੜੇ ਦੀ ਚਿੱਤਰਕਲਾ ਦਾ ਵੱਡਾ ਭੰਡਾਰ ਰਾਜੇ ਧਰੁਵਦੇਵ ਚੰਦ ਪਾਸ ਸੀ, ਜੋ ਮਹਾਰਾਜ ਨਗਰ ਵਿਚ ਰਹਿੰਦਾ ਸੀ। ਇਸ ਨਗਰ ਵਿਚ ਉਸ ਨੇ ਕਾਂਗੜੇ ਦੀ ਚਿੱਤਰ ਕਲਾ ਨੂੰ ਦਰਸਾਉਂਦੇ ਬਹੁਤ ਸਾਰੇ ਚਿਤਰ ਵੇਖੇ। ਕੁਝ ਚਿਤਰ ਨਾਇਕਾ-ਭੇਦ ਬਾਰੇ ਸਨ, ਜਿਨ੍ਹਾਂ ਦਾ ਜ਼ਿਕਰ ਭਾਰਤੀ ਨਾਟ ਸ਼ਾਸਤਰ ਵਿਚ ਮਿਲਦਾ ਹੈ। ਇਨ੍ਹਾਂ ਦੀਆਂ ਮੱਖ-ਮੁਦਰਾਵਾਂ ਅਤੇ ਪਹਿਰਾਵੇ ਦੇ ਰੰਗ ਵੇਖਣ ਵਾਲੇ ਸਨ। ਇਸ ਤੋਂ ਬਾਅਦ ਕੁਝ ਹੋਰ ਚਿੱਤਰ ਵੀ ਵੇਖੇ। ਕਾਂਗੜਾ ਦੀ ਚਿੱਤਰ ਕਲਾ ਹਰੀਪੁਰ ਗੁਲੇਰ ਵਿਚ ਜੰਮੀ ਪਲੀ। ਸੁਜਾਨਪੁਰ ਟੀਰਾ ਵਿਚ ਬਹੁਤ ਸਾਰੇ ਚਿੱਤਰਾਂ ਦਾ ਸੰਗ੍ਰਹਿ ਪਿਆ ਹੈ। ਟੀਰਾ ਸੁਜਾਨਪੁਰ ਰਾਜਾ ਘੁਮੰਡ ਚੰਦ ਨੇ 1761 ਈ. ਵਿਚ ਵਸਾਇਆ ਸੀ। ਫਿਰ ਉਸ ਦੇ ਪੋਤਰੇ ਸੰਸਾਰ ਚੰਦ ਨੇ ਇਸ ਸ਼ਹਿਰ ਨੂੰ ਹੋਰ ਪ੍ਰਫੁਲਿਤ ਕੀਤਾ। ਸ਼ਹਿਰ ਦੇ ਬਾਹਰ ਬਿਆਸ ਦੇ ਕੰਢੇ ਨਰਬਦੇਸ਼ਵਰ ਨਾਮ ਦਾ ਸ਼ਿਵ-ਪਾਰਬਤੀ ਦਾ ਮੰਦਰ ਹੈ, ਜਿਸ ਦੀਆਂ ਕੰਧਾਂ ਉਪਰ ਬੜੇ ਸੁੰਦਰ ਚਿੱਤਰ ਬਣੇ ਹੋਏ ਹਨ। ਇਨ੍ਹਾਂ ਚਿਤਰਾਂ ਵਿਚ ਰਾਮਾਇਣ, ਮਹਾਂਭਾਰਤ ਅਤੇ ਭਗਵਤ ਦੇ ਚਿੱਤਰ ਬਣੇ ਹੋਏ ਹਨ। ਗੁਲੇਰ ਦੇ ਰਾਜੇ ਪਾਸ ਧਾਰਮਿਕ ਚਿੱਤਰਾਂ ਤੋਂ ਬਿਨਾਂ ਪੰਜਾਬ ਦੀਆਂ ਪ੍ਰੀਤ-ਕਹਾਣੀਆਂ ਨੂੰ ਦਰਸਾਉਂਦੇ ਚਿੱਤਰ ਵੀ ਪਏ ਹਨ। ਇਨ੍ਹਾਂ ਵਿਚ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ ਅਤੇ ਸੋਹਣੀ-ਮਹੀਂਵਾਲ ਦੇ ਚਿੱਤਰ ਦੇਖੇ ਜਾ ਸਕਦੇ ਹਨ। ਇਕ ਲੇਖ ਵਿਚ ਡਾ. ਰੰਧਾਵਾ ਨੇ ਗੁਲੇਰ ਦੀ ਚਿੱਤਰ ਕਲਾ ਦਾ ਇਤਿਹਾਸ ਵੀ ਲਿਖਿਆ ਹੈ ਜੋ ਪੰਦਰ੍ਹਵੀਂ ਸਦੀ ਦੇ ਆਰੰਭ ਵਿਚ ਰਾਜਾ ਹਰੀ ਚੰਦ ਨਾਲ ਸ਼ੁਰੂ ਹੁੰਦਾ ਹੈ। ਕਾਂਗੜੇ ਦੀ ਚਿੱਤਰ ਕਲਾ ਬਾਰੇ ਡਾ. ਰੰਧਾਵਾ ਦੀਆਂ ਕਈ ਪੁਸਤਕਾਂ ਅੰਗਰੇਜ਼ੀ ਵਿਚ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

### 2.5.1 ਨਿਸ਼ਕਰਸ਼

ਡਾ. ਰੰਧਾਵਾ ਦੀ ਸ੍ਵੈਜੀਵਨੀ *'ਆਪ ਬੀਤੀ'* ਵਿਚ ਪੰਜਾਬ, ਕਾਂਗੜਾ ਅਤੇ ਯੂ.ਪੀ. ਦੇ ਕੁਝ ਜ਼ਿਲਿਆਂ (ਵਿਸ਼ੇਸ਼ ਕਰ ਅਵਧ) ਦੇ ਲੋਕਾਂ ਦੀ ਜ਼ਿੰਦਗੀ ਦਾ ਬੜਾ ਦਿਲਚਸਪ ਵਰਣਨ ਹੋਇਆ ਹੈ। ਉਹ ਇਕ ਵਿਗਿਆਨੀ ਦੀ ਨਜ਼ਰ ਨਾਲ ਸਮਾਜਿਕ-ਸਭਿਆਚਾਰਕ ਵੇਰਵਿਆਂ ਨੂੰ ਵੇਖਦਾ ਹੈ ਅਤੇ ਇਕ ਕਲਾਕਾਰ ਦੀ ਨਜ਼ਰ ਨਾਲ ਇਨ੍ਹਾਂ ਨੂੰ ਅੰਕਿਤ ਕਰਦਾ ਹੈ। ਇਹ ਕਾਰਨ ਹੈ ਕਿ ਇਹ ਸ੍ਵੈਜੀਵਨੀ, ਪੰਜਾਬੀ ਸ੍ਵੈਜੀਵਨੀ ਸਾਹਿਤ ਦੀ ਇਕ ਅਨਮੋਲ ਨਿਧੀ ਬਣ ਗਈ ਹੈ। ਇਹ ਇਕ ਸਰੋਤ-ਪੁਸਤਕ ਹੈ, ਜਿਸ ਦਾ ਪ੍ਰਯੋਗ ਕਰਦੇ ਰਹਿਣਾ ਚਾਹੀਦਾ ਹੈ।

ਪਾਠ ਨੰ: 1.3

- ਪ੍ਰੋ. ਰਾਜਬੀਰ ਕੌਰ

## III. *'ਆਪ ਬੀਤੀ'* : ਬਿਰਤਾਂਤ ਜੁਗਤਾਂ, ਬੋਲੀ ਅਤੇ ਸ਼ੈਲੀ

### 3.1 ਉਦੇਸ਼

ਇਸ ਪਾਠ ਦਾ ਉਦੇਸ਼ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਜੁਗਤਾਂ ਅਤੇ ਜ਼ਰੂਰਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ, ਜੋ ਕਿਸੇ ਲਿਖਤ (writing) ਨੂੰ ਸਾਹਿੱਤ (literature) ਦਾ ਦਰਜਾ ਪ੍ਰਦਾਨ ਕਰਦੀਆਂ ਹਨ। 'ਆਪ ਬੀਤੀ' (autobiography) ਸਾਹਿੱਤ ਦਾ ਇਕ ਵਿਸ਼ੇਸ਼ ਰੂਪਾਕਾਰ ਹੈ, ਜੋ ਕਿਸੇ ਵਿਅਕਤੀ ਦੇ ਜੀਵਨ ਉਪਰ ਅੰਤਰਝਾਤ ਮਾਰਨ ਦਾ ਸੁਅਵਸਰ ਪ੍ਰਦਾਨ ਕਰਦਾ ਹੈ। ਡਾ. ਰੰਧਾਵਾ ਭਾਰਤ ਸਰਕਾਰ ਦੀਆਂ ਆਈ.ਸੀ.ਐਸ. ਸੇਵਾਵਾਂ ਦਾ ਇਕ ਉੱਚ-ਅਫ਼ਸਰ ਸੀ, ਜੋ ਦੇਸ਼-ਵਿਦੇਸ਼ ਵਿਚ ਕਾਫ਼ੀ ਘੁੰਮਿਆ। ਕਈ ਵਾਰ ਤਾਂ ਨੌਕਰੀ ਦੀਆਂ ਲੋੜਾਂ ਦੇ ਕਾਰਨ ਉਸ ਨੂੰ ਇਕ ਜ਼ਿਲੇ ਤੋਂ ਦੂਜੇ ਜ਼ਿਲੇ ਵਿਚ ਜਾਣਾ ਪੈਂਦਾ ਸੀ ਪਰ ਬਹੁਤੀ ਵਾਰ ਉਹ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਦੇ ਜਨਜੀਵਨ, ਸਭਿਆਚਾਰ ਅਤੇ ਫੁਲਾਂ-ਫਲਾਂ ਨੂੰ ਵੇਖਣ ਲਈ ਆਪਣੇ ਨਿੱਜੀ ਪ੍ਰੋਗਰਾਮ ਵੀ ਬਣਾ ਲੈਂਦਾ ਸੀ। *'ਆਪ ਬੀਤੀ'* ਵਿਚ ਉਸ ਨੇ ਇਨ੍ਹਾਂ ਸਫ਼ਰਾਂ ਬਾਰੇ ਯਾਦਾਂ ਨੂੰ ਕੁਰੇਦ ਕੇ ਇਕ ਅਜਿਹਾ ਪਾਠ (text) ਤਿਆਰ ਕਰ ਦਿੱਤਾ ਹੈ, ਜੋ ਉਸ ਦੀ ਸ਼ਖ਼ਸੀਅਤ ਅਤੇ ਭਾਰਤੀ ਸਭਿਆਚਾਰ ਦੇ ਅਧਿਐਨ-ਵਿਸ਼ਲੇਸ਼ਣ ਲਈ ਬੇਹੱਦ ਲਾਹੇਵੰਦ ਹੈ। ਇਸ ਪਾਠ ਵਿਚ ਅਸੀਂ *'ਆਪ ਬੀਤੀ'* ਪੁਸਤਕ ਦੇ ਕਲਾਤਮਕ ਪਹਿਲੂਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਾਂ।

### 3.2 ਰੂਪ-ਰੇਖਾ

ਇਸ ਪਾਠ ਦੀ ਸਮੱਗਰੀ ਨੂੰ ਵਿਉਂਤਬੱਧ ਕਰਨ ਲਈ ਤਿੰਨ ਭਾਗਾਂ ਅਤੇ 10 ਉਪਭਾਗਾਂ ਵਿਚ ਤਰਤੀਬ ਦਿੱਤੀ ਗਈ ਹੈ, ਜੋ ਇਸ ਪ੍ਰਕਾਰ ਹੈ :

1. **ਬਿਰਤਾਂਤ ਜੁਗਤਾਂ**
   - (ੳ) ਸੁਗਠਿਤ ਪਲਾਟ
   - (ਅ) ਅਧਿਆਇ-ਵੰਡ
   - (ੲ) ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ।
2. **ਬੋਲੀ**
   - (ੳ) ਸ਼ਬਦ-ਭੰਡਾਰ
   - (ਅ) ਵਾਕ-ਬਣਤਰ।
3. **ਸ਼ੈਲੀ**
   - (ੳ) ਵਸਤੂਮੁਖ ਸ਼ੈਲੀ
   - (ਅ) ਹਾਸ-ਵਿਅੰਗ
   - (ੲ) ਕਾਵਿਕ ਰੰਗਣ
   - (ਸ) ਨਾਟਕੀ ਵਰਣਨ।

### 3.3 ਭੂਮਿਕਾ

*'ਆਪ ਬੀਤੀ'* ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਲਿਖੀ ਇਕ ਬੜੀ ਸੁਚੱਜੀ ਅਤੇ ਪ੍ਰੇਰਨਾਭਰਪੂਰ ਸਾਹਿਤਕ ਕਿਰਤ ਹੈ। ਇਸ ਵਿਚ ਲੇਖਕ ਦੇ ਸਰਗਰਮ ਜੀਵਨ ਦਾ ਹਰ ਇਕ ਵੇਰਵਾ ਸਾਂਭਿਆ ਗਿਆ ਹੈ। ਲੇਖਕ ਦੀ ਇਹ ਪੁਸਤਕ ਉਸਦੇ ਜਿਉਂਦੇ-ਜੀਅ ਹੀ 1985 ਈ. ਵਿਚ ਪ੍ਰਕਾਸ਼ਿਤ ਹੋ ਗਈ ਸੀ। ਇਸ ਰਚਨਾ ਦੇ ਪ੍ਰਕਾਸ਼ਿਤ ਹੋਣ ਤੋਂ ਇਕ ਸਾਲ ਬਾਅਦ ਹੀ ਉਹ ਅਕਾਲ ਚਲਾਣਾ ਕਰ ਗਿਆ। ਪੁਸਤਕ ਦੇ ਮੁੱਢਲੇ 7 ਅਧਿਆਇ ਲੇਖਕ ਦੀ ਭੈਣ ਸ੍ਰੀਮਤੀ ਹਰਬੰਸ ਕੌਰ ਵੱਲੋਂ ਲਿਖੇ ਗਏ ਅਤੇ ਅੰਤਿਮ ਪੰਨੇ ਲੇਖਕ ਦੀ ਪਤਨੀ ਸ੍ਰੀਮਤੀ ਇਕਬਾਲ ਕੌਰ ਦੀ ਰਚਨਾ ਹਨ। ਬਾਕੀ ਸਾਰੀ ਸਮੱਗਰੀ ਡਾ. ਰੰਧਾਵਾ ਨੇ ਆਪ ਲਿਖੀ-ਲਿਖਵਾਈ ਹੈ। ਇਸ

ਪੁਸਤਕ ਨੂੰ ਪੰਜਾਬੀ ਦੀ ਪ੍ਰਸਿੱਧ ਪਤ੍ਰਿਕਾ 'ਆਰਸੀ' ਵਿਚ ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਲੜੀਵਾਰ ਪ੍ਰਕਾਸ਼ਿਤ ਕੀਤਾ ਜਾ ਚੁੱਕਾ ਹੈ। ਇਹੀ ਕਾਰਨ ਹੈ ਕਿ ਪੁਸਤਕ ਦਾ ਹਰ ਅਧਿਆਇ ਆਕਾਰ ਵਿਚ ਲਗਪਗ ਇਕੋ ਜਿੰਨਾ ਹੈ ਅਤੇ ਕੋਈ ਵੀ ਪੰਜ-ਛੇ ਪੰਨਿਆਂ ਤੋਂ ਵੱਧ ਨਹੀਂ ਹੈ। ਇਸ ਪੁਸਤਕ ਨੂੰ ਪੜ੍ਹਨਾ ਵੀਹਵੀਂ ਸਦੀ ਦੇ ਭਾਰਤ ਦਾ ਸਾਖਿਆਤਕਾਰ ਕਰਨਾ ਹੈ। ਉੱਤਰੀ ਭਾਰਤ ਦੀਆਂ ਬਹੁਤ ਸਾਰੀਆਂ ਪ੍ਰਮੁੱਖ ਘਟਨਾਵਾਂ ਇਸ ਵਿਚ ਆ ਗਈਆਂ ਹਨ। ਇਹ ਪੁਸਤਕ ਇਕ ਸਫ਼ਲ ਜੀਵਨੀ ਹੋਣ ਦੇ ਨਾਲ-ਨਾਲ ਇਕ ਰੌਚਕ ਸਫ਼ਰਨਾਮਾ ਅਤੇ ਪ੍ਰਮਾਣਿਕ ਤਵਾਰੀਖ਼ (ਇਤਿਹਾਸ) ਵੀ ਹੈ।

### 3.4.1 ਬਿਰਤਾਂਤ-ਜੁਗਤਾਂ

ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ ਆਪਣੀ ਸ੍ਵੈਜੀਵਨੀ ਵਿਚ ਵਰਤੀਆਂ ਬਿਰਤਾਂਤ-ਜੁਗਤਾਂ ਵਿਚੋਂ ਸਭ ਤੋਂ ਪ੍ਰਮੁੱਖ ਜੁਗਤ ਇਕ ਸੁਗਠਿਤ ਅਤੇ ਉਤਸੁਕਤਾ ਭਰਪੂਰ ਪਲਾਟ ਸਿਰਜਣਾ ਹੈ। ਪਲਾਟ ਦੀ ਪ੍ਰਮੁੱਖ ਵਿਸ਼ੇਸ਼ਤਾ ਬਿਆਨ ਕਰਦਾ ਹੋਇਆ ਈ.ਐਮ. ਫਾਰਸਟਰ ਲਿਖਦਾ ਹੈ ਕਿ ਕਥਾ (story) ਅਤੇ ਕਥਾਨਕ (ਪਲਾਟ) ਦੋ ਅੱਡ-ਅੱਡ ਤੱਤ ਹੁੰਦੇ ਹਨ। ਕਥਾ, ਘਟਨਾਵਾਂ ਦਾ ਇਕ ਅਜਿਹਾ ਸੰਗਠਨ ਹੁੰਦੀ ਹੈ ਜੋ ਕਿਸੇ ਕਾਲ-ਖੰਡ ਵਿਚ ਵਾਪਰਦੀਆਂ ਹਨ। ਬਹੁਤ ਸਾਰੀਆਂ ਘਟਨਾਵਾਂ ਜੀਵਨ ਵਿਚ ਨਿਤਾਪ੍ਰਤੀ ਵਾਪਰਦੀਆਂ ਰਹਿੰਦੀਆਂ ਹਨ ਪਰੰਤੂ ਕਥਾਨਕ ਵਿਚ ਘਟਨਾਵਾਂ ਨੂੰ ਕਾਰਨ-ਕਾਰਜ (effect & cause) ਦੇ ਮਾਧਿਅਮ ਦੁਆਰਾ ਨਵੇਂ ਸਿਰਿਉਂ ਸਿਰਜਿਆ ਜਾਂਦਾ ਹੈ। ਕਈ ਵਾਰ ਲੇਖਕ ਲਕੀਰੀ-ਬਿਰਤਾਂਤ ਨੂੰ ਤੋੜਕੇ ਕਾਲ-ਕ੍ਰਮ ਨੂੰ ਵਲਦਾਰ (spiral) ਬਣਾ ਦਿੰਦਾ ਹੈ। ਰੰਧਾਵਾ ਦੀ '*ਆਪ ਬੀਤੀ*' ਵਿਚ ਉਸ ਦਾ ਜੀਵਨ ਲਕੀਰੀ-ਬਿਰਤਾਂਤ ਦੇ ਨਾਲ-ਨਾਲ ਵਲਦਾਰ-ਤਕਨੀਕ ਦਾ ਪ੍ਰਯੋਗ ਵੀ ਕਰਦਾ ਹੈ। ਇਸ ਵਿਧੀ ਨਾਲ ਉਸ ਦੀ ਇਹ ਸ੍ਵੈਜੀਵਨੀ ਬੜੀ ਦਿਲਚਸਪ ਅਤੇ ਰੌਚਕ ਬਣ ਗਈ ਹੈ।

ਲੇਖਕ ਨੇ ਇਸ ਪੁਸਤਕ ਦੇ ਬਿਰਤਾਂਤ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਅੱਠ ਅਧਿਆਇ ਹਨ, ਜਿਨ੍ਹਾਂ ਵਿਚੋਂ ਸੱਤ ਅਧਿਆਇ ਉਸ ਦੀ ਵੱਡੀ ਭੈਣ ਸ੍ਰੀਮਤੀ ਹਰਬੰਸ ਕੌਰ ਨੇ ਲਿਖੇ ਹਨ। ਇਨ੍ਹਾਂ ਵਿਚ ਲੇਖਕ ਦੇ ਬਚਪਨ ਦਾ ਵਰਣਨ ਹੈ। ਦੂਜੇ ਭਾਗ ਵਿਚ ਉਸ ਦਾ ਵਿਦਿਆਰਥੀ ਜੀਵਨ ਬਿਆਨ ਕੀਤਾ ਗਿਆ ਹੈ। ਇਸ ਭਾਗ ਵਿਚ ਪੰਜ ਅਧਿਆਇ ਹਨ। ਤੀਜੇ ਭਾਗ ਵਿਚ ਇਕ ਆਈ.ਸੀ.ਐਸ. ਅਫ਼ਸਰ ਵਜੋਂ ਲੇਖਕ ਦੀਆਂ ਭਾਰਤ ਦੇ ਵੱਖ-ਵੱਖ ਭਾਗਾਂ ਵਿਚ ਕੀਤੀਆਂ ਨੌਕਰੀਆਂ ਦੇ ਵੇਰਵੇ ਅੰਕਿਤ ਹੋਏ ਹਨ। ਇਸ ਭਾਗ ਦੇ 18 ਅਧਿਆਇ ਹਨ। ਤੀਜਾ ਭਾਗ ਸਭ ਤੋਂ ਵੱਡਾ ਹੈ, ਇਸ ਦੇ 26 ਅਧਿਆਇ ਹਨ। ਇਨ੍ਹਾਂ ਵਿਚ ਕਾਂਗੜੇ ਦੀ ਚਿੱਤਰਕਲਾ (20 ਲੇਖ) ਅਤੇ ਲੇਖਕ ਦੇ ਅੰਤਿਮ ਵਰ੍ਹਿਆਂ ਦੀਆਂ ਕੁਛ ਫੁਟਕਲ ਘਟਨਾਵਾਂ ਦਾ ਵਰਣਨ ਹੋਇਆ ਹੈ। ਬਿਰਤਾਂਤ ਦੀ ਰਵਾਨੀ ਨੂੰ ਬਣਾਈ ਰੱਖਣ ਲਈ ਮਹਿੰਦਰ ਸਿੰਘ ਰੰਧਾਵਾ ਕਿਸੇ ਵੇਰਵੇ ਦੇ ਵਿਸਤਾਰ ਵਿਚ ਨਹੀਂ ਜਾਂਦਾ ਬਲਕਿ ਸੰਖੇਪਤਾ ਅਤੇ ਸਟੀਕਤਾ ਦੇ ਗੁਣਾਂ ਨੂੰ ਸਾਹਮਣੇ ਰਖਦਾ ਹੈ। ਮੈਟਰਿਕ ਦੀ ਪਰੀਖਿਆ ਪਾਸ ਕਰਨ ਪਿੱਛੋਂ ਕਾਲਜ ਦੀ ਚੋਣ ਦਾ ਵੇਰਵਾ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ :

> ਅਸੀਂ ਦੋਨਾਂ ਭਰਾਵਾਂ ਨੇ 1924 ਵਿਚ ਮੈਟਰਿਕ ਪਾਸ ਕਰ ਲਈ। ਅਸੀਂ ਦੋਵੇਂ ਫਸਟ ਡਿਵੀਜ਼ਨ ਵਿਚ ਪਾਸ ਹੋਏ। ਮੇਰੇ 520 ਨੰਬਰ ਸਨ ਤੇ ਰਾਜਿੰਦਰ ਦੇ 519, ਹੁਣ ਇਹ ਫੈਸਲਾ ਕਰਨਾ ਸੀ ਕਿ ਲਾਹੌਰ ਦੇ ਕਿਸ ਕਾਲਜ ਵਿਚ ਦਾਖ਼ਲ ਹੋਇਆ ਜਾਏ। ਪਿਤਾ ਜੀ ਲਾਹੌਰ ਦੇ ਕਾਲਜ ਦੇਖ ਆਏ ਸਨ। ਸਭ ਤੋਂ ਚੰਗਾ ਗੌਰਮਿੰਟ ਕਾਲਜ ਸੀ ਤੇ ਦੂਸਰੇ ਨੰਬਰ ਤੇ ਐਫ਼.ਸੀ. ਕਾਲਜ ਜਾਂ ਮਿਸ਼ਨ ਕਾਲਜ ਸੀ। ਪਿਤਾ ਜੀ ਕਹਿਣ ਲੱਗੇ ਕਿ ਗੌਰਮਿੰਟ ਕਾਲਜ ਵਿਚ ਦਾਖ਼ਲ ਨਹੀਂ ਹੋਣਾ, ਓਥੇ ਤਾਂ ਅਮੀਰਾਂ ਦੇ ਮੁੰਡੇ ਪੜ੍ਹਦੇ ਹਨ ਤੇ ਨੱਕ ਵੀ ਰੇਸ਼ਮੀ ਰੁਮਾਲਾਂ ਨਾਲ ਪੂੰਝਦੇ ਹਨ। (ਪੰਨਾ 81)

ਆਪਣੇ ਜੀਵਨ-ਬਿਰਤਾਂਤ ਨੂੰ ਦਿਲਚਸਪ ਅਤੇ ਵਿਸ਼ਵਾਸਯੋਗ ਬਣਾਉਣ ਲਈ ਡਾ. ਰੰਧਾਵਾ ਆਪਣੇ ਆਲੇ-ਦੁਆਲੇ ਵਿਚਰਣ ਵਾਲੇ ਹੋਰ ਲੋਕਾਂ ਦੀ ਜੀਵਨ-ਸ਼ੈਲੀ ਨੂੰ ਵੀ ਅੰਕਿਤ ਕਰ ਦਿੰਦਾ ਹੈ। ਇਸ ਨਾਲ ਪਾਤਰਾਂ ਦੀ ਵੰਨ-ਸੁਵੰਨਤਾ ਨਜ਼ਰ ਆਉਣ ਲਗਦੀ ਹੈ। ਆਈ.ਸੀ.ਐਸ. ਅਫ਼ਸਰਾਂ ਦੀ ਸ਼ਖ਼ਸੀਅਤ ਨਾਲ ਸੰਬੰਧਿਤ ਕੁਝ ਦਿਲਚਸਪ ਤੱਥਾਂ ਨੂੰ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ :

> ਬੀ.ਬੀ. ਸਿੰਘ, ਜਿਸਦਾ ਪੂਰਾ ਨਾਂ ਬ੍ਰਿਜਭੂਸ਼ਣ ਸਿੰਘ ਸੀ, ਲਖਨਊ ਸੈਕਰੀਟੇਰੀਅਟ ਵਿਚ ਸੈਕਟਰੀ ਲੱਗਾ ਹੋਇਆ ਸੀ। ਉਸ ਦੀ ਸ਼ਾਦੀ ਆਗਰੇ ਦੇ ਇਕ ਰਜਵਾੜੇ ਰਾਜਪੂਤ ਖ਼ਾਨਦਾਨ ਦੀ ਨਿਹਾਇਤ ਖ਼ੂਬਸੂਰਤ ਲੜਕੀ ਨਾਲ ਹੋਈ ਸੀ। ਉਸ ਦੀ ਸ਼ਾਦੀ ਵਿਚ ਪਰੰਪਰਾ ਅਨੁਸਾਰ, ਬਲੇਸ਼ੀਆ ਨਾਮ ਦੀ ਇਕ ਨੌਜਵਾਨ ਟਹਿਲਣ ਉਸ ਦੀ ਵਹੁਟੀ ਦੇ ਨਾਲ ਭੇਜੀ ਗਈ। ਕੁਝ ਚਿਰ ਰਹਿੰਦਿਆਂ ਹੋਇਆਂ ਬਲੇਸ਼ੀਆ ਦਾ ਉਨ੍ਹਾਂ ਦੇ ਡਰਾਈਵਰ ਨਾਲ ਯਾਰਾਨਾ ਹੋ ਗਿਆ ਤੇ ਉਹ ਗਰਭਵਤੀ ਹੋ ਗਈ। ਉਹ ਆਪਣਾ ਕਸੂਰ ਮੰਨ ਗਈ ਪਰ ਡਰਾਈਵਰ ਨੇ ਇਸ ਬਾਰੇ ਸਾਹਿਬ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। (ਪੰਨਾ 152)

ਡਾ. ਰੰਧਾਵਾ ਆਪਣੀ ਜੀਵਨੀ ਨੂੰ ਬਿਆਨ ਕਰਨ ਵਾਲੇ ਕਾਂਡਾਂ ਦੇ ਆਰੰਭ ਅਤੇ ਅੰਤ ਬੜੀ ਕੁਸ਼ਲਤਾ ਨਾਲ ਕਰਦਾ ਹੈ। ਹਰ ਕਾਂਡ ਕਿਸੇ ਵੱਖਰੇ ਪ੍ਰਸੰਗ ਨਾਲ ਸ਼ੁਰੂ ਹੁੰਦਾ ਹੈ। ਲੇਖਕ ਝਟਪਟ ਕੋਈ ਸੂਚਨਾ ਦੇ ਕੇ ਆਪਣੇ ਹਰ ਕਾਂਡ ਦੇ ਆਰੰਭ ਨੂੰ ਨਾਟਕੀ ਬਣਾ ਲੈਂਦਾ ਹੈ। ਵੇਖੋ :

> ਮਹਾਤਮਾ ਗਾਂਧੀ ਜੁਲਾਈ ਦੇ ਮਹੀਨੇ, 1947 ਵਿਚ ਦਿੱਲੀ ਆ ਗਏ। ਉਨ੍ਹਾਂ ਆਪਣਾ ਵਾਸ ਭੰਗੀ ਕਾਲੋਨੀ ਵਿਚ ਕੀਤਾ ਕਿਉਂਕਿ ਉਹ ਭਾਰਤ ਦੇ ਸਭ ਤੋਂ ਗ਼ਰੀਬ ਇਨਸਾਨਾਂ ਨਾਲ ਦਿਲੀ ਹਮਦਰਦੀ ਰਖਦੇ ਸਨ। (ਪੰਨਾ 186)

ਹਰ ਕਾਂਡ ਦੇ ਅੰਤ ਵਿਚ ਉਹ ਕਿਸੇ ਨਵੇਂ ਰਹੱਸ ਦਾ ਉਦਘਾਟਨ ਕਰ ਜਾਂਦਾ ਹੈ। ਇਸ ਵਿਧੀ ਨਾਲ ਪਾਠਕ ਉਸ ਕਾਂਡ ਵਿਚ ਆਈਆਂ ਘਟਨਾਵਾਂ ਦੇ ਮਹੱਤਵ ਬਾਰੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਗਾਂਧੀ ਜੀ ਦੇ 'ਮਹਾਨ ਬਲੀਦਾਨ' ਨਾਲ ਸੰਬੰਧਿਤ ਅਧਿਆਇ ਨੂੰ ਸਮਾਪਤ ਕਰਦਾ ਹੋਇਆ ਉਹ ਲਿਖਦਾ ਹੈ :

> ਮਹਾਤਮਾ ਦੀ ਸ਼ਹੀਦੀ ਨਾਲ ਸ਼ਰਨਾਰਥੀਆਂ ਨੂੰ ਵੱਡਾ ਧੱਕਾ ਲੱਗਾ। ਹੁਣ ਹਿੰਦ ਸਰਕਾਰ ਦੀ ਹਮਦਰਦੀ ਉਨ੍ਹਾਂ ਨਾਲ ਘਟ ਗਈ। ਜਨਸੰਘੀ, ਜਿਹੜੇ ਮਹਾਤਮਾ ਦੀ ਮੌਤ ਤੇ ਮਿਠਾਈਆਂ ਵੰਡ ਰਹੇ ਸਨ, ਜੂੰਆਂ ਵਾਂਗ ਸੌਂ ਗਏ। ਨਫ਼ਰਤ ਦੀ ਅੱਗ ਦੇ ਭਾਂਬੜ ਮਹਾਤਮਾ ਦੇ ਬਲੀਦਾਨ ਨਾਲ ਹੀ ਦਬ ਗਏ। (ਪੰਨਾ 190)

### 3.4.2 ਅਧਿਆਇ ਵੰਡ

ਆਰੰਭ ਵਿਚ ਇਸ ਪੁਸਤਕ ਵਿਚਲੀ ਸਮੱਗਰੀ ਪੱਤਰ-ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਕਰਨ ਲਈ ਲਿਖੀ ਗਈ ਸੀ, ਇਸ ਕਾਰਨ ਹਰ ਅਧਿਆਇ ਸੰਖੇਪ ਹੈ ਅਤੇ ਚਾਰ-ਪੰਜ ਪੰਨਿਆਂ ਤੋਂ ਨਹੀਂ ਵਧਦਾ। ਇਸ ਵਿਧੀ ਦੇ ਕਾਰਨ *'ਆਪ ਬੀਤੀ'* ਪੁਸਤਕ ਵਿਚ ਸਪਸ਼ਟਤਾ ਅਤੇ ਪੜ੍ਹਨਯੋਗਤਾ (readability) ਕਾਫ਼ੀ ਸੁਚੱਜੀ ਹੋ ਗਈ ਹੈ। ਹਰ ਅਧਿਆਇ ਇਕ ਵੱਖਰੀ ਅਤੇ ਦਿਲਚਸਪ ਕਹਾਣੀ ਵਾਂਗ ਸ਼ੁਰੂ ਹੁੰਦਾ ਹੈ ਅਤੇ ਇੱਛਿਤ ਪ੍ਰਭਾਵ ਛੱਡ ਕੇ ਸਮਾਪਤ ਹੁੰਦਾ ਹੈ। ਲੇਖਕ ਨੇ ਆਪਣੇ ਜੀਵਨ ਵਿਚ ਜਿੰਨੇ ਅਤੇ ਜਿਹੜੇ ਸਥਾਨਾਂ ਉਪਰ ਨੌਕਰੀ ਕੀਤੀ ਸੀ, ਉਥੋਂ ਦੀਆਂ ਮੁਸ਼ਕਿਲਾਂ ਅਤੇ ਸਭਿਆਚਾਰਕ ਆਗ੍ਰਹਿ ਵੀ ਇਸ ਪੁਸਤਕ ਵਿਚ ਆ ਗਏ ਹਨ। ਇਸ ਕਾਰਨ ਪਾਠ ਦੀ ਪ੍ਰਮਾਣਿਕਤਾ ਵਿਚ ਕਾਫ਼ੀ ਵਾਧਾ ਹੋ ਗਿਆ ਹੈ। ਇਸ ਪ੍ਰਸੰਗ ਵਿਚ ਲੇਖਕ ਆਪਣੇ ਪਿੰਡ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ :

> ਕਿੰਨੇ ਸੁਹਣੇ ਹਨ ਹੁਸ਼ਿਆਰਪੁਰ ਦੇ ਪਿੰਡ! ਸਾਰੇ ਭਾਰਤਵਰਸ ਵਿਚ ਇਹ ਹੀ ਇਕ ਇਲਾਕਾ ਹੈ, ਜਿਥੇ ਮੈਦਾਨਾਂ ਤੋਂ ਹਿਮਾਲੀਆ ਦੀਆਂ ਬਰਫ਼ ਨਾਲ ਲੱਦੀਆਂ ਚੋਟੀਆਂ ਏਨੀਆਂ ਸਾਫ਼ ਦਿਖਾਈ ਦਿੰਦੀਆਂ ਹਨ। ਪਿੰਡਾਂ ਦਾ ਸ਼ਿੰਗਾਰ ਨੌਜਵਾਨ ਕੁੜੀਆਂ ਹੁੰਦੀਆਂ ਹਨ। ਬੋਦਲਾਂ ਵਿਚ ਵੀ ਸੋਹਣੀਆਂ ਕੁੜੀਆਂ ਦੀ ਘਾਟ ਨਹੀਂ ਸੀ। ਇਨ੍ਹਾਂ ਵਿਚੋਂ ਸਭ ਤੋਂ ਸੋਹਣੀ ਬੇਲਾ ਸਿੰਘ ਦੀ ਲੜਕੀ ਜੱਸੋ ਸੀ। ਗੋਰਾ ਰੰਗ, ਪਤਲੇ ਬੁੱਲ੍ਹ, ਤਿੱਖਾ ਨੱਕ ਤੇ ਭੂਰੀਆਂ ਅੱਖਾਂ। ਜਦ ਕਾਂਸੀ ਦਾ ਗੜਵਾ ਚੁੱਕੀ ਭੱਤਾ ਲੈ ਕੇ ਨਿਕਲਦੀ ਤਾਂ ਮੇਰੇ ਦਿਲ ਵਿਚ ਬਿਜਲੀ ਜਿਹੀ ਫਿਰ ਜਾਂਦੀ। ਜਦ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਕਿਤਾਬ ਲੈ ਕੇ ਖੇਤਾਂ ਵਿਚ ਪੜ੍ਹਨ ਜਾਣਾ ਤਾਂ ਕਈ ਵਾਰ ਜੱਸੋ ਨਾਲ ਟਾਕਰਾ ਹੋ ਜਾਣਾ। ਉਹਨੇ ਨੀਵੀਂ ਅੱਖ ਨਾਲ ਮੇਰੇ ਵੱਲ ਝਾਕਣਾ ਤੇ ਮੈਂ ਉਹਦੇ ਵੱਲ। ਪਰ ਅਸੀਂ ਕਦੇ ਇਕ ਦੂਸਰੇ ਨਾਲ ਨਾ ਬੋਲੇ। (ਪੰਨਾ 75)

ਡਾ. ਰੰਧਾਵਾ ਨੇ ਹਰ ਅਧਿਆਇ ਦੇ ਕਲਾਤਮਕ ਸੰਗਠਨ ਨੂੰ ਬਰਕਰਾਰ ਰੱਖਿਆ ਹੈ। ਇਨ੍ਹਾਂ ਵਿਚ ਨਾਟਕੀ ਆਰੰਭ, ਸੁਝਾਊ ਅੰਤ ਅਤੇ ਦਿਲਚਸਪ ਸਿਖਰ (Climax) ਦਿਖਾਈ ਦਿੰਦੇ ਹਨ। ਉਤਸੁਕਤਾ ਅਤੇ ਸਸਪੈਂਸ ਨਿਰੰਤਰ ਬਣੇ ਰਹਿੰਦੇ ਹਨ। ਪਾਠਕ, ਇਨ੍ਹਾਂ ਅਧਿਆਵਾਂ ਨੂੰ ਪੜ੍ਹਦਾ ਹੋਇਆ ਇਹ ਜਾਣਨ ਲਈ ਉਤਸੁਕ ਰਹਿੰਦਾ ਹੈ ਕਿ ਅੱਗੇ ਕੀ ਹੋਵੇਗਾ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇਖੋ :

> ਅਲਮੋੜੇ ਦਾ ਡਿਪਟੀ ਕਮਿਸ਼ਨਰ ਧਰਮਵੀਰ ਸੀ। ਉਸ ਦੀ ਪਤਨੀ ਦਯਾ ਟੀ.ਬੀ. ਦੀ ਮਰੀਜ਼ ਸੀ। ਉਹ ਬੜਾ ਰੰਗੀਲਾ ਸੀ ਤੇ ਉਸ ਨੂੰ ਸਹੇਲੀਆਂ ਦੀ ਕੋਈ ਘਾਟ ਨਹੀਂ ਸੀ। ਉਹ ਹਮੇਸ਼ਾ ਖ਼ੁਸ਼ ਰਹਿੰਦਾ ਤੇ ਉਹਦੀ ਕੋਠੀ ਤਾਸ਼ ਦੀ ਜੁੰਡਲੀ ਲੱਗਦੀ ਪਰ ਮੈਨੂੰ ਤਾਸ਼ ਵਿਚ ਕੋਈ ਸ਼ੌਕ ਨਹੀਂ ਸੀ। ਉਹ ਮੇਰਾ ਸੱਚਾ ਦੋਸਤ ਬਣਿਆ। ਧਰਮਵੀਰ ਦੀ ਦੋਸਤੀ ਨੂੰ ਮੈਂ ਕਦੇ ਵੀ ਭੁੱਲ ਨਹੀਂ ਸਕਦਾ। (ਪੰਨਾ 127)

### 3.4.3 ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ

ਮਹਿੰਦਰ ਸਿੰਘ ਰੰਧਾਵਾ ਦੇ ਜੀਵਨ ਉਪਰ ਪ੍ਰਕਿਰਤੀ ਦਾ ਬਹੁਤ ਪ੍ਰਭਾਵ ਰਿਹਾ ਹੈ। ਮੱਧਯੁਗੀਨ ਸੰਤਾਂ ਵਾਂਗ ਉਹ ਚਾਹੁੰਦਾ ਸੀ ਕਿ ਪ੍ਰਕਿਰਤੀ ਦੇ ਵੱਧ ਤੋਂ ਵੱਧ ਨੇੜੇ ਰਿਹਾ ਜਾਵੇ। ਉਸ ਨੇ ਰੀਟਾਇਰ ਹੋਣ ਪਿੱਛੋਂ ਖਰੜ ਵਿਚ ਬਣੀ ਗਾਰਡਨ ਕਾਲੋਨੀ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਇਹ ਕੋਠੀ ਇਕ ਬਾਗ਼ ਵਿਚ ਬਣੀ ਹੋਈ ਹੈ। ਜਿਸ ਵਿਚੋਂ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਬਾਗ਼ ਸਾਫ਼ ਦਿਖਾਈ ਦਿੰਦੇ ਹਨ। ਬਾਗ਼ ਵਿਚ ਇਕ ਟਿਊਬਵੈੱਲ ਲੱਗਾ ਹੋਇਆ ਹੈ। ਗਰਮੀ-ਸਰਦੀ ਉਹ ਇਸ ਟਿਊਬਵੈੱਲ ਦੀ ਮੋਟੀ ਧਾਰ ਹੇਠ ਇਸ਼ਨਾਨ ਕਰਦਾ ਸੀ। ਉਸ ਦਾ ਵਿਚਾਰ ਸੀ ਕਿ ਪ੍ਰਕਿਰਤੀ ਮਨੁੱਖੀ ਹਿਰਦੈ ਨੂੰ ਵਿਸ਼ਾਲ, ਸੰਵੇਦਨਸ਼ੀਲ ਅਤੇ ਦਿਆਲੂ ਬਣਾ ਦਿੰਦੀ ਹੈ। ਪ੍ਰਕਿਰਤੀ ਦੇ ਨੇੜੇ ਰਹਿਣ ਵਾਲਾ ਮਨੁੱਖ ਨਫ਼ਰਤ, ਸਾੜੇ ਅਤੇ ਤੰਗਦਿਲੀ ਦੇ ਭਾਵਾਂ ਤੋਂ ਉਪਰ ਉਠ ਜਾਂਦਾ ਹੈ। ਆਈ.ਸੀ.ਐਸ. ਦੀ ਅਫ਼ਸਰੀ ਦੌਰਾਨ ਉਹ ਜਿਹੜੇ ਵੀ ਹੈੱਡ-ਕੁਆਰਟਰ ਉਪਰ ਰਿਹਾ, ਉਸ ਨੇ ਕੋਸ਼ਿਸ਼ ਕੀਤੀ ਕਿ ਉਸ ਦੀ ਕੋਠੀ ਦੇ ਆਲੇ-ਦੁਆਲੇ ਰੁੱਖ-ਬੂਟੇ, ਚਸ਼ਮੇ ਜਾਂ ਪਹਾੜ ਨਜ਼ਰ ਆਉਂਦੇ ਰਹਿਣ। ਉਹ ਲਿਖਦਾ ਹੈ :

> ਫ਼ੈਜ਼ਾਬਾਦ ਵਿਚ ਸਾਨੂੰ ਇਕ ਬੰਗਲਾ 40 ਰੁਪਏ ਮਹੀਨੇ ਵਿਚ ਮਿਲ ਗਿਆ। ਇਸ ਵਿਚ ਚਾਰ ਛੋਟੇ ਅਤੇ ਦੋ ਵੱਡੇ ਕਮਰੇ ਸਨ। ਕੋਲ ਹੀ ਗੁਪਤਚਰ ਘਾਟ ਸੀ ਜਿਥੇ ਸ੍ਰੀ ਰਾਮ ਚੰਦਰ ਜੀ ਜੋਤੀ ਜੋਤਿ ਸਮਾਏ। ਗੁਪਤਚਰ ਘਾਟ ਸਰਜੂ ਦਰਿਆ ਦੇ ਕੰਢੇ ਹੈ ਤੇ ਏਥੇ ਸ਼ਾਮ ਨੂੰ ਸੂਰਜ ਡੁੱਬਣ ਦਾ ਨਜ਼ਾਰਾ ਦੇਖਣ ਦੇ ਕਾਬਿਲ ਹੈ। ਅਸਮਾਨ ਲਾਲ ਹੋ ਜਾਂਦਾ ਹੈ ਤੇ ਢਲਦੇ ਹੋਏ ਸੂਰਜ ਦਾ ਪਰਛਾਵਾਂ ਦਰਿਆ ਦੇ ਪਾਣੀ ਵਿਚ ਬੜਾ ਸੁੰਦਰ ਮਾਲੂਮ ਹੁੰਦਾ। ਸੂਰਜ ਡੁੱਬਣ ਵੇਲੇ ਮੈਂ ਅਕਸਰ ਗੁਪਤ ਘਾਟ ਵੱਲ ਸੈਰ ਕਰਨ ਜਾਂਦਾ ਤੇ ਦਰਿਆ ਦੇ ਕੰਢੇ ਬੈਠ ਕੇ ਇਹ ਅਦੁਤੀ ਨਜ਼ਾਰਾ ਮਾਣਦਾ। (ਪੰਨਾ 118)

ਇਸ ਪੁਸਤਕ ਵਿਚ ਪ੍ਰਕਿਰਤੀ ਦੇ ਨਾਲ-ਨਾਲ ਮਨੁੱਖੀ ਜੀਵਨ ਦੇ ਵੀ ਬਹੁਤ ਸਾਰੇ ਦਿਲਚਸਪ ਦ੍ਰਿਸ਼ ਅੰਕਿਤ ਹੋਏ ਹਨ। ਲੇਖਕ ਆਪਣੇ ਪਰਿਵਾਰਕ ਜੀਵਨ ਦੀ ਕਹਾਣੀ ਨੂੰ ਵੱਖ-ਵੱਖ ਦ੍ਰਿਸ਼ਾਂ ਦੇ ਮਾਧਿਅਮ ਦੁਆਰਾ ਪੇਸ਼ ਕਰਦਾ ਹੈ। ਹੋਸਟਲ ਜੀਵਨ ਦੇ ਦ੍ਰਿਸ਼ ਸਭ ਤੋਂ ਦਿਲਚਸਪ ਹਨ। ਇਕ ਉਦਾਹਰਣ ਦੇਖੋ :

> ਸਾਡੀ ਰਿਹਾਇਸ਼ ਦਾ ਇੰਤਜ਼ਾਮ ਨਿਊਟਨ ਹਾਲ ਵਿਚ ਹੋਇਆ। ਇਹ ਹੋਸਟਲ ਦੋ-ਮੰਜ਼ਲਾ ਸੀ ਤੇ ਹਰ ਕਮਰੇ ਵਿਚ ਚਾਰ-ਚਾਰ ਮੁੰਡੇ ਸਨ। ਇਸ ਵਿਚ ਬੜੀ ਤਕਲੀਫ਼ ਸੀ। ਜਦ ਇਕ ਨੇ ਪੜ੍ਹਨਾ ਹੁੰਦਾ ਤਾਂ ਦੂਸਰਾ ਸੌਣਾ ਚਾਹੁੰਦਾ ਤੇ ਕਹਿੰਦਾ ਬਿਜਲੀ ਬੁਝਾ ਦਿਉ। ਗੁਸਲਖਾਨੇ ਹੇਠਲੀ ਮੰਜ਼ਿਲ ਤੇ ਸਨ ਤੇ ਰਾਤ ਨੂੰ ਮੁੰਡੇ ਪਿਸ਼ਾਬ ਵੀ ਤਾਕੀਆਂ ਵਿਚ ਖੜੇ ਹੋ ਕੇ ਹੀ ਕਰਦੇ। (ਪੰਨਾ 81)

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਆਵਾਜਾਈ ਦੇ ਆਧੁਨਿਕ ਸਾਧਨ ਵਿਕਸਿਤ ਨਹੀਂ ਸਨ ਹੋਏ। ਵੱਡੇ ਸ਼ਹਿਰਾਂ ਨੂੰ ਜੋੜਨ ਵਾਲੇ ਰਾਜ-ਮਾਰਗ ਜ਼ਰੂਰ ਪੱਕੇ ਬਣੇ ਹੋਏ ਸਨ ਪਰੰਤੂ ਪਿੰਡਾਂ ਤੇ ਸ਼ਹਿਰਾਂ ਦੇ ਦਰਮਿਆਨ ਕੱਚੇ ਮਾਰਗ ਹੀ ਸਨ ਅਤੇ ਕਈ ਵਾਰ ਤਾਂ ਪਹਿਆਂ ਜਾਂ ਪਗਡੰਡੀਆਂ ਦਾ ਸਹਾਰਾ ਲੈਣਾ ਪੈਂਦਾ ਸੀ। ਭਾਵੇਂ ਹਵਾਈ ਜਹਾਜ਼ਾਂ ਦਾ ਨਿਰਮਾਣ ਹੋ ਗਿਆ ਸੀ ਪਰ ਇਹ ਫੌਜੀ ਹਮਲਿਆਂ ਲਈ ਹੀ ਵਰਤੇ ਜਾਂਦੇ ਸਨ। ਲੇਖਕ ਨੇ ਪਹਿਲੀ ਵਾਰ 1945 ਵਿਚ ਹਵਾਈ ਸਫ਼ਰ ਕੀਤਾ ਸੀ। ਅਫ਼ਸਰ ਲੋਕ ਆਪਣੇ ਜ਼ਿਲਿਆਂ ਦਾ ਦੌਰਾ ਕਰਨ ਵਾਸਤੇ ਅਤੇ ਲੋਕਾਂ ਦੇ ਦੁਖ-ਤਕਲੀਫ਼ਾਂ ਸੁਣਨ ਵਾਸਤੇ ਅਕਸਰ ਹੀ ਘੋੜਿਆਂ ਦੀ ਸਵਾਰੀ ਕਰਦੇ ਸਨ। ਇਸ ਪ੍ਰਸੰਗ ਵਿਚ ਇਕ ਰੌਚਕ ਦ੍ਰਿਸ਼ ਦੇਖੋ :

> ਇਕ ਵਾਰ ਮੈਂ ਦੇਓਬੰਦ ਥਾਣੇ ਦਾ ਮੁਆਇਨਾ ਕਰਨ ਗਿਆ। ਥਾਣੇਦਾਰ ਨੇ ਆਪਣੀ ਘੋੜੀ ਰੇਲਵੇ ਸਟੇਸ਼ਨ ਤੇ ਮੇਰੇ ਲਈ ਭੇਜ ਦਿੱਤੀ। ਘੋੜੀ ਤੇ ਬੈਠਣ ਦੀ ਦੇਰ ਸੀ ਕਿ ਉਹ ਸਰਪਟ ਦੌੜ ਪਈ ਅਤੇ ਬੇਕਾਬੂ ਹੋ ਗਈ। ਸੜਕਾਂ ਉਪਰ ਦਰਖਤਾਂ ਦੇ ਟਾਹਣੇ ਬਹੁਤ ਝੁਕੇ ਹੋਏ ਸਨ। ਮੈਂ ਸਿਰ ਨੀਵਾਂ ਕਰ ਲਿਆ ਤੇ ਲੱਤਾਂ ਘੋੜੀ ਦੇ ਜਿਸਮ ਨਾਲ ਚਮੇੜ ਲਈਆਂ। ਘੋੜੀ ਸਿੱਧੀ ਥਾਣੇ ਜਾ ਕੇ ਰੁਕੀ। ਇਸ ਵਾਕਏ ਦੇ ਪਿਛੋਂ ਮੈਂ ਫੈਸਲਾ ਕਰ ਲਿਆ ਕਿ ਕਦੇ ਕਿਸੇ ਥਾਣੇਦਾਰ ਦੀ ਘੋੜੀ ਤੇ ਨਹੀਂ ਚੜ੍ਹਨਾ। ਥਾਣੇਦਾਰ ਘੋੜੀ ਨੂੰ ਆਮ ਤੌਰ ਤੇ ਨੁਮਾਇਸ਼ ਲਈ ਹੀ ਰੱਖਦੇ ਹਨ ਤੇ ਬੱਝੀਆਂ ਰਹਿਣ ਕਰ ਕੇ ਇਹ ਬੜੀਆਂ ਖ਼ਤਰਨਾਕ ਹੋ ਜਾਂਦੀਆਂ ਹਨ।
>
> (ਪੰਨਾ 115)

### 3.5.1 ਬੋਲੀ

ਡਾ. ਮਹਿੰਦਰ ਸਿੰਘ ਰੰਧਾਵਾ ਪੰਜਾਬ ਦੇ ਦੁਆਬਾ ਖੇਤਰ ਅਤੇ ਜ਼ਿਲਾ ਹੁਸ਼ਿਆਰਪੁਰ ਦਾ ਜੰਮਪਲ ਸੀ ਪਰ ਉਸ ਦੇ ਪਿਤਾ

ਤਹਿਸੀਲਦਾਰ ਸ਼ੇਰ ਸਿੰਘ ਦਾ ਤਬਾਦਲਾ ਅਕਸਰ ਹੀ ਮਾਲਵੇ ਦੇ ਪਿੰਡਾਂ ਵਿਚ ਵੀ ਹੁੰਦਾ ਰਹਿੰਦਾ ਸੀ। ਕਾਲਜ ਦੀ ਪੜ੍ਹਾਈ ਉਸ ਨੇ ਲਾਹੌਰ ਤੋਂ ਕੀਤੀ ਜੋ ਮਾਝੀ ਬੋਲੀ ਦਾ ਵੱਡਾ ਕੇਂਦਰ ਸੀ। ਆਪਣੀ ਉਮਰ ਦੇ ਆਖਰੀ ਵਰ੍ਹਿਆਂ ਵਿਚ ਉਹ ਪੁਆਧ ਦੇ ਇਕ ਪਿੰਡ ਖਰੜ ਵਿਚ ਆ ਵੱਸਿਆ। ਇਉਂ ਉਸਦੀ ਬੋਲੀ ਸਮੁੱਚੇ ਪੰਜਾਬ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਵਿਚ ਆਂਚਲਿਕ ਰੰਗ ਬਹੁਤ ਘੱਟ ਨਜ਼ਰ ਆਉਂਦਾ ਹੈ। ਦਫ਼ਤਰੀ ਕਾਰਵਿਹਾਰ ਲਈ ਉਹ ਅੰਗਰੇਜ਼ੀ ਭਾਸ਼ਾ ਦਾ ਪ੍ਰਯੋਗ ਕਰਦਾ ਸੀ। ਇਸ ਲਈ ਉਸ ਦੀ ਬੋਲੀ ਵਿਚ ਅੰਗਰੇਜ਼ੀ ਸ਼ਬਦਾਵਲੀ ਕਾਫ਼ੀ ਨਜ਼ਰ ਆਉਂਦੀ ਹੈ। ਕੁਝ ਸ਼ਬਦ ਦੇਖੋ : ਐਕਸੀਡੈਂਟ, ਕਾਰੈਕਟਰ, ਟਿਊਬਵੈਲ, ਫਸਟ ਕਲਾਸ ਮੈਜਿਸਟ੍ਰੇਟ, ਇੰਡੀਅਨ ਫਾਰਮਿੰਗ, ਮੀਟਿੰਗ, ਰੈਂਡਮ ਸਾਂਪਲਿੰਗ, ਐਡਮਿਨਿਸਟ੍ਰੇਸ਼ਨ, ਸੈਂਟਰਲ ਸੈਕਰੈਟ੍ਰੀਏਟ, ਰੀਪੋਰਟ, ਅਪਾਇੰਟਮੈਂਟ, ਐਕਸ਼ਨ, ਬੋਗਸ, ਮੋਜ਼ਾਇਕ, ਟੂਰਿਸਟ ਅਫ਼ਸਰ... ਇਤਿਆਦਿ। ਉਨ੍ਹਾਂ ਦਿਨਾਂ ਵਿਚ ਉੱਤਰੀ ਭਾਰਤ ਦੇ ਦਫ਼ਤਰਾਂ ਵਿਚ ਉਰਦੂ ਭਾਸ਼ਾ ਦਾ ਬੋਲਬਾਲਾ ਸੀ। ਇਸ ਕਾਰਨ ਸੁਭਾਵਿਕ ਹੀ ਡਾ. ਰੰਧਾਵਾ ਉਰਦੂ ਦੇ ਬਹੁਤ ਸਾਰੇ ਸ਼ਬਦ ਵਰਤ ਲੈਂਦਾ ਹੈ। ਉਰਦੂ ਸ਼ਬਦਾਵਲੀ ਦੇਖੋ : ਤਅੱਲਕੇਦਾਰ, ਸ਼ਾਮੇ-ਅਵਧ, ਮਸ਼ਹੂਰ, ਕਾਬਿਲ, ਤਾਰੀਫ਼, ਬੇਤੁਕੇ-ਇਲਜ਼ਾਮ, ਮੁਤਅੱਲਕ, ਮੁਖ਼ਾਲਫ਼ਤ, ਬੇਆਬਰੂ, ਨਿਹਾਇਤ, ਲੜਕਪਨ, ਮੁਸਾਹਬ, ਨਜ਼ਰਾਨਾ, ਬਰਦਾਸ਼ਤ, ਫ਼ਾਅਸ਼-ਗਾਲੀਆਂ, ਪਰਵਰਿਸ਼, ਪਨਾਹਗਜ਼ੀਨ ਆਦਿਕ। ਕਈ ਵਾਰ ਤਾਂ ਪੂਰੇ ਦੇ ਪੂਰੇ ਪ੍ਰਸੰਗ ਹੀ ਉਰਦੂ ਭਾਸ਼ਾ ਵਿਚ ਬਿਆਨ ਕੀਤੇ ਗਏ ਹਨ। ਜਿਵੇਂ :

> ਹਜ਼ੂਰ ਨੇ ਫਰਮਾਇਆ : ਯਹਾਂ ਕੋਈ ਗਾਨੇ ਵਾਲਾ ਹੈ ? ਇਸ ਖ਼ਿਆਲ ਕੋ ਮੱਦੇ-ਨਜ਼ਰ ਰਖਤੇ ਹੂਏ ਮੈਨੇ ਏਕ ਗਾਨੇ ਵਾਲਾ ਮਰਦ ਔਰ ਏਕ ਗਾਨੇ ਵਾਲੀ ਰੰਡੀ ਕੋ ਬੁਲਾਇਆ ਥਾ। ਮਰਦ ਗਾਨੇ ਵਾਲਾ ਚੂੰਕਿ ਦਿਨ ਮੇਂ ਆ ਗਯਾ ਥਾ ਜਿਸ ਕੇ ਮੁਤਅੱਲਕ ਮੇਨੇ ਦਰਿਆਫ਼ਤ ਕੀਆ ਥਾ ਕਿ ਅਗਰਹੁਕਮ ਹੋ ਤੋ ਗਾਨੇ ਕੇ ਵਾਸਤੇ ਬੁਲਾਯਾ ਜਾਏ। ਹਸਬਲ ਹੁਕਮ ਇਸ ਆਦਮੀ ਨੇ ਗਾਨਾ ਸ਼ੁਰੂ ਕਰ ਦੀਆ। ਖਲਾਫ਼ੇ ਉਮੀਦ ਤਕਰੀਬਨ ਦਸ ਬਜੇ ਰਾਤ ਵੋ ਰੰਡੀ ਭੀ ਆ ਗਈ। (ਪੰਨਾ 147)

### 3.5.2 ਵਾਕ-ਬਣਤਰ

ਡਾ. ਮਹਿੰਦਰ ਸਿੰਘ ਰੰਧਾਵਾ ਆਪਣੀ ਜੀਵਨ-ਕਹਾਣੀ ਦੀ ਬਿਰਤਾਂਤਕਾਰੀ ਲਈ ਛੋਟੇ ਅਤੇ ਸਰਲ ਵਾਕਾਂ ਦਾ ਪ੍ਰਯੋਗ ਕਰਦਾ ਹੈ ਤਾਂ ਜੋ ਸੰਚਾਰ (communication) ਦੀ ਕੋਈ ਸਮੱਸਿਆ ਨਾ ਰਹੇ। ਮੂਲ ਰੂਪ ਵਿਚ ਸਾਹਿੱਤ, ਸੰਚਾਰ ਦੇ ਦਬਾਵਾਂ ਵਿਚੋਂ ਉਪਜੀ ਕਲਾ ਹੀ ਹੈ। ਇਸ ਕਾਰਨ ਸੰਚਾਰ ਦੀ ਪ੍ਰਕਿਰਿਆ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਵਿਆਕਰਣ ਪੱਖੋਂ ਵੀ ਉਹ ਵਾਕ-ਬਣਤਰਾਂ ਪ੍ਰਤੀ ਕਾਫ਼ੀ ਸਜਗ ਰਹਿੰਦਾ ਹੈ। ਆਪਣੇ ਵਾਕਾਂ ਨੂੰ ਉਹ ਪ੍ਰਸੰਗ ਅਨੁਸਾਰ ਛੋਟੇ-ਛੋਟੇ ਪੈਰ੍ਹਿਆਂ ਵਿਚ ਤਰਤੀਬ ਦਿੰਦਾ ਹੈ। ਉਸ ਦੁਆਰਾ ਪੈਰ੍ਹਾ-ਵੰਡ ਕੀਤੇ ਕੁਝ ਵਾਕਾਂ ਦੀ ਤਰਤੀਬ ਦੇਖੋ :

> ਮੇਰਾ ਦਫ਼ਤਰ ਨੌਰਥ ਬਲਾਕ ਵਿਚ ਇਕ ਛੋਟੇ ਜਿਹੇ ਕਮਰੇ ਵਿਚ ਸੀ। ਇਸ ਵਿਚ ਲੱਕੜੀ ਦੀ ਪਾਰਟੀਸ਼ਨ ਸੀ। ਦਿਲ ਵਿਚ ਕਈ ਵਾਰੀ ਅਫ਼ਸੋਸ ਪੈਦਾ ਹੋਇਆ ਕਿ ਡਿਪਟੀ ਕਮਿਸ਼ਨਰੀ ਛੱਡ ਕੇ ਬੜੀ ਗ਼ਲਤੀ ਕੀਤੀ। ਰਾਏ ਬਰੇਲੀ ਵਿਚ ਕਿੰਨਾ ਖੁੱਲ੍ਹਾ ਮਕਾਨ ਸੀ, ਜਿਸ ਦਾ ਕਿਰਾਇਆ ਵੀ 40 ਰੁਪਏ ਮਹੀਨਾ ਤੇ ਸਾਰੇ ਜ਼ਿਲ੍ਹੇ ਦੀ ਬਾਦਸ਼ਾਹੀ। (ਪੰਨਾ 157)

ਡਾ. ਰੰਧਾਵਾ ਵਿਸ਼ੈ ਦੀ ਮੰਗ ਅਨੁਸਾਰ ਆਪਣੇ ਵਾਕਾਂ ਨੂੰ ਪ੍ਰਸ਼ਨ-ਉੱਤਰ ਵਿਧੀ ਅਨੁਸਾਰ ਤਰਤੀਬ ਦੇ ਦਿੰਦਾ ਹੈ ਤਾਂ ਜੋ ਪਾਠਕਾਂ ਨੂੰ ਉਸ ਦੀਆਂ ਤਕਨੀਕੀ ਜਾਂ ਗੁੰਝਲਦਾਰ ਗੱਲਾਂ ਦੀ ਠੀਕ-ਠੀਕ ਸਮਝ ਆ ਜਾਵੇ। ਇਸ ਵੰਨਗੀ ਦੇ ਕੁਝ ਵਾਕ ਦੇਖੋ :

> ਕਾਂਗੜਾ ਕਲਾ ਤੇ ਮੁਗ਼ਲ ਕਲਾ ਦੀ ਕੀ ਪਛਾਣ ਹੈ? ਲੀਕ ਦੀ ਬਰੀਕੀ ਤਾਂ ਦੋਹਾਂ ਵਿਚ ਇਕੋ ਜਿਹੀ ਹੈ ਪਰ ਕਾਂਗੜਾ ਕਲਾ ਵਿਚ ਪਹਾੜ, ਦਰਿਆ ਤੇ ਜੰਗਲ ਵਿਖਾਏ ਗਏ ਹਨ ਤੇ ਮੁਗ਼ਲ ਕਲਾ ਵਿਚ ਉਤਰੀ ਹਿੰਦ ਦੇ ਪੱਧਰੇ ਮੈਦਾਨ ਹੀ ਦਿਸਦੇ ਹਨ। ਪ੍ਰਕਿਰਤੀ ਪਿਆਰ, ਜੋ ਕਾਂਗੜਾ ਕਲਾ ਵਿਚ ਵਿਖਾਈ ਦਿੰਦਾ ਹੈ, ਉਹ ਮੁਗ਼ਲ ਕਲਾ ਵਿਚ ਨਹੀਂ। ਕਾਂਗੜਾ ਕਲਾ ਦਾ ਮੁਖ ਲੱਛਣ ਇਹ ਹੈ ਕਿ ਇਹ ਹਿੰਦੂ ਕਲਾ ਹੈ ਤੇ ਵੈਸ਼ਨਵ ਧਰਮ ਤੇ ਕ੍ਰਿਸ਼ਨ ਜੀ ਦੀ ਪ੍ਰੇਮ-ਲੀਲ੍ਹਾ ਦੀ ਝਲਕ ਇਸ ਵਿਚ ਪਾਈ ਜਾਂਦੀ ਹੈ। ਮੁਗ਼ਲ ਕਲਾ ਵਿਚ ਮੁਗ਼ਲ ਬਾਦਸ਼ਾਹ ਤੇ ਉਨ੍ਹਾਂ ਦੇ ਦਰਬਾਰੀ ਹੀ ਦਿਖਾਈ ਦਿੰਦੇ ਹਨ। ਦਰਬਾਰੀ ਕਲਾ ਕਦੇ ਵੀ ਉੱਚੀ ਕਲਾ ਨਹੀਂ ਹੋ ਸਕਦੀ। (ਪੰਨਾ 290)

### 3.6.1 ਵਸਤੂਮੁਖ ਸ਼ੈਲੀ

ਇਕ ਵਿਗਿਆਨਕ ਹੋਣ ਦੇ ਕਾਰਨ ਡਾ. ਮਹਿੰਦਰ ਸਿੰਘ ਰੰਧਾਵਾ ਵਸਤੂਮੁਖ ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਕਿਸੇ ਘਟਨਾ ਜਾਂ ਸਥਿਤੀ ਦੀ ਵਿਆਖਿਆ ਕਰਨ ਸਮੇਂ ਉਹ ਆਪਣੇ ਪੂਰਵਾਗ੍ਰਹਿ ਜਾਂ ਵਿਚਾਰ ਇਸ ਵਿਚ ਨਹੀਂ ਘੁਸੇੜਦਾ ਬਲਕਿ ਕੋਈ ਸਥਿਤੀ

ਜਾਂ ਘਟਨਾ ਉਸਦੇ ਦਰਪੇਸ਼ ਕਿਵੇਂ ਹੋਈ-ਬੀਤੀ ਸੀ, ਉਸੇ ਨੂੰ ਬਿਆਨ ਕਰਦਾ ਹੈ। ਇਸ ਵਿਧੀ ਨਾਲ ਪਾਠਕ ਆਪਣੇ ਨਿਰਣੇ ਲੈਣ ਵਿਚ ਸੁਤੰਤਰ ਰਹਿੰਦਾ ਹੈ। ਇਸ ਪ੍ਰਕਾਰ ਦੀ ਸ਼ੈਲੀ ਦਾ ਇਕ ਪ੍ਰਮਾਣ ਦੇਖੋ :

> ਆਪਣੇ ਮਾਤਹਿਤ ਅਫ਼ਸਰਾਂ ਨੂੰ ਠੀਕ ਰੱਖਣ ਖਾਤਰ ਮੈਂ ਇਹ ਪੌਲਿਸੀ ਵਰਤਦਾ ਸਾਂ ਕਿ ਮੈਂ ਉਨ੍ਹਾਂ ਨੂੰ ਕਿਸੇ-ਨਾ-ਕਿਸੇ ਕੰਮ ਵਿਚ ਮਸਰੂਫ਼ ਰੱਖਦਾ ਕਿਉਂਕਿ ਵਿਹਲੇ ਅਫ਼ਸਰ ਹੀ ਸਾਜ਼ਿਸ਼ਾਂ ਕਰਦੇ ਹਨ। ਇਸ ਕਰਕੇ ਮੈਂ ਗਰਾਮ ਸੁਧਾਰ ਦਾ ਕੰਮ ਪਿੰਡਾਂ ਵਿਚ ਬਹੁਤ ਚਮਕਾਇਆ ਤੇ ਕਈ ਪੰਚਾਇਤ-ਘਰ ਤੇ ਸਕੂਲ ਲੋਕਾਂ ਦੀ ਮਿਲਵਰਤਣ ਨਾਲ ਬਣਾਏ। (ਪੰਨਾ 144)

ਵਸਤੂਮੁਖ ਸ਼ੈਲੀ ਦਾ ਇਕ ਹੋਰ ਲੱਛਣ, ਸ਼ੈਲੀ ਦਾ ਸਾਦਾ ਅਤੇ ਸਰਲ ਹੋਣਾ ਹੈ। ਬਹੁਤੇ ਵਾਰਤਕਕਾਰ ਗੱਦ ਵਿਚ ਵੀ ਅਲੰਕਾਰਾਂ ਅਤੇ ਬਿੰਬਾਂ ਦਾ ਪ੍ਰਯੋਗ ਕਰਦੇ ਰਹਿੰਦੇ ਹਨ। ਇਨ੍ਹਾਂ ਵਿਧੀਆਂ ਨਾਲ ਸ਼ੈਲੀ ਜਟਿਲ ਅਤੇ ਦੁਰਬੋਧ ਹੋ ਜਾਂਦੀ ਹੈ। ਲੇਖਕ ਦੀ ਮਨਸ਼ਾ (intention) ਬਾਰੇ ਸਾਫ਼-ਸਾਫ਼ ਪਤਾ ਨਹੀਂ ਚਲਦਾ ਪਰੰਤੂ ਡਾ. ਰੰਧਾਵਾ ਆਪਣੇ ਪਾਠਕਾਂ ਨਾਲ ਲੁਕਾ-ਛਿਪੀ ਦਾ ਖੇਡ ਖੇਡਣ ਤੋਂ ਗੁਰੇਜ਼ ਕਰਦਾ ਹੈ। ਉਸਦੀ ਸ਼ਖ਼ਸੀਅਤ ਵੀ ਬੜੀ ਸਾਫ਼ ਅਤੇ ਸਪਸ਼ਟ ਸੀ। ਉਹ ਹਰ ਇਕ ਨੂੰ ਖਰੀ-ਖਰੀ ਗੱਲ ਉਸ ਦੇ ਮੂੰਹ ਉਪਰ ਹੀ ਕਹਿ ਦਿੰਦਾ ਸੀ। ਸ਼ੈਲੀ ਹੀ ਸ਼ਖ਼ਸੀਅਤ ਹੈ (Style is the man himself) ਦਾ ਕਥਨ ਉਸਦੀ ਗੱਦ-ਸ਼ੈਲੀ ਉਪਰ ਪੂਰਾ-ਪੂਰਾ ਢੁਕਦਾ ਹੈ। ਇਕ ਉਦਾਹਰਣ ਦੇਖੋ :

> ਪਾਰਟੀਸ਼ਨ ਦਾ ਫੈਸਲਾ ਹੁੰਦੇ ਹੀ ਪੰਜਾਬ ਦੇ ਮੁਸਲਮਾਨ, ਪੁਲਸੀਏ ਤੋਂ ਮੈਜਿਸਟ੍ਰੇਟ ਤਕ, ਪਾਕਿਸਤਾਨ ਚਲੇ ਗਏ। ਉਨ੍ਹਾਂ ਦੇ ਜਾਣ ਨਾਲ ਹੀ ਦਿੱਲੀ ਦੀ ਐਡਮਿਨਿਸਟ੍ਰੇਸ਼ਨ ਦਾ ਢਾਂਚਾ ਹਿੱਲ ਗਿਆ। ਹਿੰਦੂ-ਸਿੱਖ ਪੁਲਸੀਏ ਜਿਹੜੇ ਮਗ਼ਰਬੀ (ਪੱਛਮੀ) ਪਾਕਿਸਤਾਨ ਤੋਂ ਆਏ ਸਨ, ਉਥੋਂ ਮੁਸਲਮਾਨਾਂ ਦੇ ਹੱਥੋਂ ਤਕਲੀਫ਼ ਉਠਾ ਕੇ ਆਏ ਸਨ, ਇਸ ਕਾਰਨ ਉਨ੍ਹਾਂ ਦੀ ਦਿੱਲੀ ਦੇ ਮੁਸਲਮਾਨਾਂ ਨਾਲ ਕੋਈ ਹਮਦਰਦੀ ਨਹੀਂ ਸੀ। ਸੋ ਮੁਸਲਮਾਨ ਯਤੀਮ ਜਿਹੇ ਹੋ ਗਏ। (ਪੰਨਾ 176)

ਇਕ ਕੁਸ਼ਲ-ਵਿਗਿਆਨੀ ਜਾਂ ਇਤਿਹਾਸਕਾਰ ਵਾਂਗ ਡਾ. ਰੰਧਾਵਾ ਅੰਕੜਿਆਂ ਅਤੇ ਤਿੱਥ-ਤਰੀਕਾਂ ਦਾ ਬੜਾ ਖ਼ਿਆਲ ਰਖਦਾ ਹੈ। ਕੋਈ ਵੀ ਗੱਲ (statement) ਅੰਦਾਜ਼ੇ ਨਾਲ ਨਹੀਂ ਲਿਖਦਾ। ਸਗੋਂ ਕੋਸ਼ਿਸ਼ ਕਰਦਾ ਹੈ ਕਿ ਹਰ ਗੱਲ ਸਹੀ ਅਤੇ ਪ੍ਰਮਾਣਾਂ ਸਹਿਤ ਪੇਸ਼ ਕੀਤੀ ਜਾਵੇ। ਇਸ ਵਿਧੀ ਨਾਲ ਉਸ ਦੀ ਇਹ ਸ੍ਵੈਜੀਵਨੀ ਵਿਸ਼ਵਾਸਯੋਗ ਅਤੇ ਪ੍ਰਮਾਣਿਕ ਬਣ ਗਈ ਹੈ। ਦੇਖੋ :

> ਮਹਿਮੂਦ ਗਜ਼ਨਵੀ ਨੇ 1009 ਵਿਚ ਕਾਂਗੜੇ ਦੇ ਕਿਲ੍ਹੇ ਨੂੰ ਫ਼ਤਹਿ ਕੀਤਾ। ਇਹ ਉਸਦਾ ਚੌਥਾ ਹਮਲਾ ਸੀ। ਮਹਿਮੂਦ ਨੇ ਜੈਨਤੀ ਦੇਵੀ ਦੀ ਪਹਾੜੀ ਤੋਂ ਆਪਣੀਆਂ ਤੋਪਾਂ ਨਾਲ ਕਿਲ੍ਹੇ ਉਤੇ ਗੋਲਾਬਾਰੀ ਕੀਤੀ। ਇਤਨੀ ਉੱਚੀ ਪਹਾੜੀ ਉਤੇ ਤੋਪਾਂ ਦਾ ਲਿਜਾਣਾ ਅਤਿਅੰਤ ਕਠਿਨ ਕੰਮ ਹੋਵੇਗਾ। ਮਹਿਮੂਦ ਗਜ਼ਨਵੀ ਨੇ ਇਥੋਂ ਸੱਤ ਲੱਖ ਸੋਨੇ ਦੇ ਦੀਨਾਰ, ਸੱਤ ਸੌ ਮਣ ਸੋਨੇ-ਚਾਂਦੀ ਦੇ ਭਾਂਡੇ, ਦੋ ਸੌ ਮਣ ਖਾਲਸ ਸੋਨਾ, ਦੋ ਸੌ ਮਣ ਕੱਚੀ ਚਾਂਦੀ, ਵੀਹ ਮਣ ਸੁੱਚੇ ਮੋਤੀ, ਜਿਨ੍ਹਾਂ ਵਿਚ ਹੀਰੇ, ਜਵਾਹਰਾਤ ਤੇ ਪੰਨੇ ਸ਼ਾਮਿਲ ਸਨ, ਲੁੱਟੇ। ਉਨ੍ਹਾਂ ਦਿਨਾਂ ਵਿਚ ਇਸ ਨੂੰ ਭੀਮ ਪਾਂਡਵ ਦੇ ਨਾਮ ਤੇ ਭੀਮਨਗਰ ਕਿਹਾ ਜਾਂਦਾ ਸੀ। ਮਹਿਮੂਦ ਤੁਗ਼ਲਕ ਨੇ 1337 ਈ. ਵਿਚ ਇਸ ਕਿਲ੍ਹੇ ਉਤੇ ਕਬਜ਼ਾ ਕੀਤਾ। (ਪੰਨਾ 297)

### 3.6.2 ਹਾਸ-ਵਿਅੰਗ

ਹਾਸ-ਵਿਅੰਗ, ਵਾਰਤਕ ਸ਼ੈਲੀ ਦੀ ਬੋਝਲ ਪ੍ਰਕਿਰਤੀ ਨੂੰ ਹਲਕਾ-ਫੁਲਕਾ ਅਤੇ ਰੌਚਕ ਬਣਾ ਦਿੰਦਾ ਹੈ। ਹਾਸ-ਰਸ ਪਾਠਕ ਦੇ ਮਨ ਵਿਚ ਉਤਸ਼ਾਹ ਭਰਦਾ ਹੈ ਅਤੇ ਉਹ ਜੀਵਨ ਦੀਆਂ ਵਿਸੰਗਤੀਆਂ ਅਤੇ ਚੁਣੌਤੀਆਂ ਨਾਲ ਜੂਝਣ ਵਾਸਤੇ ਤਤਪਰ ਹੋ ਜਾਂਦਾ ਹੈ। ਵਿਅੰਗ (Satire) ਸਮਾਜ ਦੀਆਂ ਕੁਰੀਤੀਆਂ ਅਤੇ ਕਰਮ-ਕਾਂਡਾਂ ਨੂੰ ਪਰਾਜਿਤ ਕਰਨ ਵਾਸਤੇ ਇਕ ਹਥਿਆਰ ਦੀ ਭੂਮਿਕਾ ਨਿਭਾਉਂਦਾ ਹੈ। ਡਾ. ਰੰਧਾਵਾ ਦੇ ਇਨ੍ਹਾਂ ਲੇਖਾਂ ਵਿਚ ਕਈ ਥਾਂ ਬੌਧਿਕ ਪ੍ਰਕਾਰ ਦੇ ਹਾਸ-ਰਸ ਦੀ ਵਿਅੰਜਨਾ ਹੋਈ ਹੈ। ਇਕ ਉਦਾਹਰਣ ਦੇਖੋ :

> ਕਦੇ ਕਦੇ ਇਨਸਾਨੀ ਤੇ ਕੁਦਰਤੀ ਨਜ਼ਾਰਿਆਂ ਵਿਚ ਘਾਲਾ-ਮਾਲਾ ਵੀ ਹੋ ਜਾਂਦਾ ਹੈ। ਮੈਂ ਦਰਿਆ ਦੇ ਕਿਨਾਰੇ ਬੈਠ ਕੇ ਸਾਹਮਣੇ ਦਿਆਰ ਦੇ ਜੰਗਲ ਦੇਖਦਾ ਸੀ। ਮੈਂ ਦੇਖਿਆ ਕਿ ਸਾਹਮਣੇ ਇਕ ਵੱਡੇ ਸਾਰੇ ਪੱਥਰ ਤੇ ਇਕ ਮੋਟੀ ਜਿਹੀ ਔਰਤ ਕੱਪੜੇ ਧੋ ਰਹੀ ਸੀ। ਇਕ ਘੰਟੇ ਬਾਅਦ ਇਕ ਆਦਮੀ ਆਇਆ ਤੇ ਕਹਿਣ ਲੱਗਾ ਤੁਸੀਂ ਮੇਰੀ ਧਰਮ-ਪਤਨੀ ਵੱਲ ਦੇਖ ਰਹੇ ਹੋ। ਮੈਂ ਜਵਾਬ ਦਿੱਤਾ ਕਿ ਮੇਰੀ ਧਰਮ ਪਤਨੀ ਮੇਰੇ ਨਾਲ ਹੈ ਤੇ

> ਉਸ ਮੋਟੀ ਜਿਹੀ ਤੀਵੀਂ ਦੇ ਮੁਕਾਬਲੇ ਜ਼ਿਆਦਾ ਖ਼ੂਬਸੂਰਤ ਹੈ। ਜੇ ਸ਼ੱਕ ਹੈ ਤਾਂ ਦੇਖ ਲੈ ਅਤੇ ਮੁਕਾਬਲਾ ਕਰ ਲੈ। (ਪੰਨਾ 139)

ਵਿਅੰਗ, ਸਮਾਜ ਦੀ ਕਿਸੇ ਬੁਰਾਈ ਨੂੰ ਦੂਰ ਕਰਨ ਦੇ ਇਰਾਦੇ ਨਾਲ ਕੀਤਾ ਜਾਂਦਾ ਹੈ। ਇਸੇ ਕਾਰਨ ਕਿਹਾ ਜਾਂਦਾ ਹੈ ਕਿ ਵਿਅੰਗ ਯਥਾਰਥ ਵੱਲ ਜਾਣ ਦਾ ਸਿੱਧਾ ਅਤੇ ਛੋਟਾ ਰਸਤਾ ਹੈ। (Satire is a short-cut to reality.) ਅੰਗਰੇਜ਼ੀ ਰਾਜ ਵਿਚ ਪੜ੍ਹੇ-ਲਿਖੇ ਲੋਕ, ਅੰਗਰੇਜ਼ ਔਰਤਾਂ ਨਾਲ ਵਿਆਹ ਕਰਨਾ ਵਡਿਆਈ ਵਾਲੀ ਗੱਲ ਸਮਝਦੇ ਸਨ ਪਰ ਕਈ ਵਾਰ ਉਹ ਚਿੱਟੀ ਚਮੜੀ ਦੇ ਭੁਲੇਖੇ ਬਦਸੂਰਤ ਔਰਤਾਂ ਨਾਲ ਵਿਆਹ ਕਰ ਬੈਠਦੇ ਸਨ। ਇਸ ਤੱਥ ਵੱਲ ਸੰਕੇਤ ਕਰਦਾ ਹੋਇਆ ਲੇਖਕ ਲਿਖਦਾ ਹੈ :

> ਖੇਤੀਬਾੜੀ ਮੰਤਰੀ ਸਰ ਜੋਗਿੰਦਰ ਸਿੰਘ ਨਿਹਾਇਤ ਕਲਚਰਡ ਤੇ ਸ਼ਰੀਫ਼ ਇਨਸਾਨ ਸੀ। ਉਸ ਨੇ ਅੰਗਰੇਜ਼ੀ ਵਿਚ ਵੀ ਕਈ ਕਿਤਾਬਾਂ ਲਿਖੀਆਂ। ਜਦ ਮੈਂ ਦਫ਼ਤਰ ਤੋਂ ਘਰ ਜਾਂਦਾ ਤਾਂ ਸਰ ਜੋਗਿੰਦਰ ਸਿੰਘ ਜ਼ਰੂਰ ਮਿਲਦਾ। ਆਮ ਤੌਰ ਤੇ ਉਸਦੇ ਦੋਸਤ ਉਸ ਨੂੰ 'ਜੋਗੀ' ਕਹਿੰਦੇ ਸਨ। ਉਸ ਨੇ ਇਕ ਅੰਗਰੇਜ਼ ਔਰਤ ਨਾਲ ਸ਼ਾਦੀ ਕੀਤੀ ਹੋਈ ਸੀ। ਉਹ ਬਹੁਤ ਬੁੱਢੀ ਤੇ ਬਦਸ਼ਕਲ ਸੀ। ਉਸ ਨੂੰ ਦੇਖ ਕੇ ਮੇਰੇ ਦਿਲ ਵਿਚ ਬੜਾ ਅਫ਼ਸੋਸ ਪੈਦਾ ਹੁੰਦਾ ਕਿ ਕਿੰਨਾ ਸ਼ਰੀਫ਼ ਆਦਮੀ ਹੈ ਤੇ ਇਸ ਚੁੜੇਲ ਦੇ ਕਾਬੂ ਕਿਵੇਂ ਆ ਗਿਆ? ਗ਼ਲਤੀਆਂ ਤਾਂ ਅਸੀਂ ਸਾਰੇ ਕਰਦੇ ਹਾਂ ਪਰ ਜੋਗੀ ਨੇ ਤਾਂ ਬੜੀ ਭਾਰੀ ਗ਼ਲਤੀ ਕੀਤੀ। (ਪੰਨਾ 157)

### 3.6.3 ਕਾਵਿਕ ਰੰਗਣ

ਡਾ. ਮਹਿੰਦਰ ਸਿੰਘ ਰੰਧਾਵਾ ਬੌਧਿਕ ਪ੍ਰਕਿਰਤੀ ਦਾ ਤਰਕਸ਼ੀਲ ਵਿਅਕਤੀ ਸੀ। ਉਹ ਜਜ਼ਬਿਆਂ ਨਾਲੋਂ ਬੁੱਧੀ ਨੂੰ ਵਧੇਰੇ ਮਹੱਤਵ ਦਿੰਦਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਆਧੁਨਿਕ ਯੁੱਗ ਵਿਚ ਪ੍ਰਗਤੀ ਕਰਨ ਵਾਸਤੇ ਅਤੇ ਸਮਾਜ ਦੇ ਉੱਥਾਨ ਲਈ ਬੁੱਧੀ ਦੀ ਵੱਧ ਅਹਿਮੀਅਤ ਹੈ। ਫਿਰ ਵੀ ਕੋਈ ਇਨਸਾਨ ਆਪਣੇ ਜਜ਼ਬਿਆਂ ਨੂੰ ਪੂਰੀ ਤਰ੍ਹਾਂ ਨਾਲ ਨਜ਼ਰਅੰਦਾਜ਼ ਨਹੀਂ ਕਰ ਸਕਦਾ ਅਤੇ ਕਦੇ-ਨਾ-ਕਦੇ ਇਨ੍ਹਾਂ ਦਾ ਅਚਾਨਕ (Spontaneous) ਇਜ਼ਹਾਰ ਕਰਨ ਲਈ ਬੇਬਸ ਹੋ ਜਾਂਦਾ ਹੈ। ਜਜ਼ਬਿਆਂ ਦੀ ਗ੍ਰਿਫ਼ਤ ਵਿਚ ਆਇਆ ਵਿਅਕਤੀ ਕਾਵਿਕ ਅੰਦਾਜ਼ ਵਿਚ ਗੱਲ ਕਰਨ ਲਗਦਾ ਹੈ। ਉਸ ਦੀਆਂ ਵਾਕ-ਬਣਤਰਾਂ ਕਵਿਤਾ ਵਾਂਗ ਅਲੰਕਾਰਿਕ ਅਤੇ ਬਿੰਬਾਤਮਕ ਹੋ ਜਾਂਦੀਆਂ ਹਨ। ਕਾਵਿਕ ਰੰਗਣ ਵਾਲੀ ਸ਼ੈਲੀ ਦਾ ਇਕ ਨਮੂਨਾ ਵੇਖੋ :

> ਫੱਗਣ ਚੇਤ ਦੇ ਮਹੀਨੇ ਖੇਤਾਂ ਵਿਚ ਖ਼ੂਬ ਬਹਾਰਾਂ ਹੋਣੀਆਂ। ਸਰ੍ਹੋਂ ਦੇ ਪੀਲੇ ਫੁੱਲਾਂ ਨਾਲ ਕਣਕ ਦੇ ਖੇਤ ਇੰਜ ਲੱਗਣੇ ਜਿਵੇਂ ਕੋਈ ਸਾਵੀ ਤਸਵੀਰ ਪੀਲੇ ਚੌਖਟੇ ਵਿਚ ਜੜੀ ਹੋਵੇ। ਸਾਗ ਤੋੜਨ ਵਾਲੀਆਂ ਦੇ ਲਾਲ, ਪੀਲੇ, ਨੀਲੇ ਦੁਪੱਟੇ ਹਰੀਆਂ ਫਸਲਾਂ ਵਿਚ ਕਿੰਨੇ ਸੁਹਣੇ ਲੱਗਦੇ। ਮੁੰਡਿਆਂ ਨੇ ਛੋਲਿਆਂ ਦੀਆਂ ਟਾਂਟਾਂ ਦੇ ਪਟਾਕੇ ਵਜਾਉਣੇ ਤੇ ਜੌਆਂ ਦੀਆਂ ਕੂੰਬਲਾਂ ਦੀਆਂ ਪੀਪਣੀਆਂ। ਨੰਗੇ ਪੈਰੀਂ-ਠੰਡੀ ਰੇਤ ਤੇ ਚੱਲਣਾ ਤਾਂ ਹੋਰ ਵੀ ਸੁਆਦ ਆਉਣਾ। (ਪੰਨਾ 72)

ਡਾ. ਰੰਧਾਵਾ ਸੁਹਜ-ਸੰਵੇਦਨਾ ਦਾ ਆਸ਼ਕ ਸੀ। ਉਹ ਕੁਦਰਤ ਅਤੇ ਪ੍ਰਕਿਰਤੀ ਦੀ ਹਰ ਸੁੰਦਰ ਚੀਜ਼ ਨੂੰ ਰੱਜ ਕੇ ਪਿਆਰ ਕਰਨ ਵਾਲਾ ਵਿਅਕਤੀ ਸੀ। ਇਹੀ ਕਾਰਨ ਹੈ ਕਿ ਉਹ ਸਾਹਿੱਤ, ਚਿੱਤਰ ਕਲਾ, ਭਵਨ-ਨਿਰਮਾਣ ਅਤੇ ਬੁੱਤ-ਤਰਾਸ਼ੀ ਵਰਗੀ ਹਰ ਕਲਾ ਨੂੰ ਪ੍ਰਫੁਲਿਤ ਵੇਖਣਾ ਲੋਚਦਾ ਹੈ। ਆਪਣੀ ਅਫ਼ਸਰੀ ਦੇ ਦਿਨਾਂ ਵਿਚ ਜਦੋਂ ਉਸ ਨੂੰ ਕਿਸੇ ਕਲਾ-ਕ੍ਰਿਤ ਬਾਰੇ ਪਤਾ ਚਲਣਾ ਤਾਂ ਉਸਨੇ ਫੌਰਨ ਉਸ ਨੂੰ ਦੇਖਣ ਅਤੇ ਮਾਣਨ ਲਈ ਰਵਾਨਾ ਹੋ ਜਾਣਾ। ਇਥੋਂ ਉਸਦੀ ਕਾਵਿਕ ਤਬੀਅਤ ਦਾ ਪਤਾ ਚੱਲਦਾ ਹੈ :

> ਕਾਂਗੜਾ ਸ਼ੈਲੀ ਦੇ ਚਿੱਤਰਾਂ ਵਿਚ ਕੁਝ ਤੇ ਧਾਰਮਿਕ ਚਿੱਤਰ ਹਨ ਤੇ ਕੁਝ ਅਜਿਹੇ ਹਨ, ਜਿਨ੍ਹਾਂ ਨੂੰ ਸ਼ਿੰਗਾਰ ਰਸ ਦੀ ਕਿਰਤ ਕਿਹਾ ਜਾ ਸਕਦਾ ਹੈ। ਇਹ ਚਿੱਤਰ ਕਾਂਗੜਾ ਸ਼ੈਲੀ ਦੇ ਬਾਕੀ ਚਿੱਤਰਾਂ ਨਾਲੋਂ ਬਿਲਕੁਲ ਵੱਖਰੇ ਹਨ। ਇਨ੍ਹਾਂ ਦੇ ਰੰਗਾਂ ਦੀ ਚੋਣ ਸ਼ੋਖ ਹੈ ਤੇ ਇਨ੍ਹਾਂ ਦੇ ਕਲਾਕਾਰਾਂ ਨੇ ਲਾਲ, ਨੀਲੇ ਤੇ ਪੀਲੇ ਰੰਗ ਦੀ ਬੜੀ ਵਰਤੋਂ ਕੀਤੀ ਹੈ। ਇਹ ਸ਼ਿੰਗਾਰ ਰਸ ਦੇ ਅਤਿ ਸੁੰਦਰ ਨਮੂਨੇ ਹਨ। ਇਨ੍ਹਾਂ ਚਿੱਤਰਾਂ ਵਿਚ ਔਰਤਾਂ ਦੇ ਕੱਪੜਿਆਂ ਦੇ ਰੰਗ ਲਾਲ ਜਾਂ ਪੀਲੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਗੁਲਾਬੀ ਚਿਹਰੇ ਤੇ ਚੰਬੇਲੀ ਵਰਗੇ ਕੋਮਲ ਅੰਗ ਨਿੱਖਰ-ਨਿੱਖਰ ਪੈਂਦੇ ਹਨ। ਇਨ੍ਹਾਂ ਚਿੱਤਰਾਂ ਵਿਚ ਮਰਦ ਅਕਸਰ ਚੋਬਰ ਤੇ ਗੱਭਰੂ ਹੁੰਦੇ ਹਨ ਤੇ ਔਰਤਾਂ ਨਸ਼ੀਲੀਆਂ, ਕਾਮਨੀਆਂ। (ਪੰਨਾ 234)

### 3.6.4 ਨਾਟਕੀ ਵਰਣਨ

ਨਾਟਕ ਸਾਹਿੱਤ ਦਾ ਸਭ ਤੋਂ ਸਜੀਵ ਰੂਪ ਹੈ ਕਿਉਂਕਿ ਇਸ ਵਿਚ ਲੇਖਕ ਆਪ ਕੁਝ ਨਹੀਂ ਬੋਲਦਾ ਬਲਕਿ ਜੀਵਨ ਦੇ

ਵੱਖ-ਵੱਖ ਖੇਤਰਾਂ ਵਿਚੋਂ ਆਏ ਕਿਰਦਾਰ ਦਰਸ਼ਕਾਂ ਦੇ ਸਾਹਮਣੇ ਆ ਕੇ ਖ਼ੁਦ ਆਪਣੇ ਉਦਗਾਰਾਂ ਦਾ ਇਜ਼ਹਾਰ ਕਰਦੇ ਹਨ। ਇਸ ਸੂਰਤ ਵਿਚ ਦਰਸ਼ਕਾਂ ਨੂੰ ਦੋਹਰਾ ਆਨੰਦ ਪ੍ਰਾਪਤ ਹੋਣ ਲਗਦਾ ਹੈ। ਉਹ ਦੇਖਦੇ ਵੀ ਹਨ ਅਤੇ ਸੁਣਦੇ ਵੀ ਹਨ। ਡਾ. ਰੰਧਾਵਾ ਨੇ ਆਪਣੀ ਸ੍ਵੈਜੀਵਨੀ ਦੇ ਕਈ ਅੰਸ਼ਾਂ ਨੂੰ ਵਧੇਰੇ ਰੌਚਕ ਬਣਾਉਣ ਲਈ ਨਾਟਕਾਂ ਵਾਲੀ ਵਾਰਤਾਲਾਪਮਈ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਇਕ ਉਦਾਹਰਣ ਦੇਖੋ :

> ਮੈਂ ਪੁੱਛਿਆ, "ਲਾਲਾ ਜੀ ਤੁਹਾਨੂੰ ਯਾਦ ਹੈ ਕਿ ਜਨਵਰੀ 1932 ਵਿਚ ਇਕ ਸਿੱਖ ਨੌਜਵਾਨ ਤੁਹਾਡੀ ਕੋਠੀ ਵੇਖਣ ਆਇਆ ਸੀ ?"
>
> "ਹਾਂ ਜੀ।"!
>
> "ਉਸ ਨੇ ਤੁਹਾਨੂੰ 10 ਰੁਪਏ ਪੇਸ਼ਗੀ ਦਿੱਤੇ ਸਨ ਜੋ ਤੁਸੀਂ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ।"
>
> ਲਾਲਾ ਜੀ ਦਾ ਮੂੰਹ ਫੱਕ ਹੋ ਗਿਆ ਤੇ ਇਕ ਰੰਗ ਆਏ, ਦੂਸਰਾ ਜਾਏ ਪਰ ਉਹ ਬੋਲਿਆ ਕੁਝ ਨਹੀਂ।
>
> ਮੈਂ ਕਿਹਾ, "ਉਹ ਸਿੱਖ ਨੌਜਵਾਨ ਮੈਂ ਹੀ ਹਾਂ। ਤੁਹਾਨੂੰ ਘਬਰਾਉਣ ਦੀ ਲੋੜ ਨਹੀਂ। ਤੁਸੀਂ 500 ਰੁਪਏ ਮਹਿਰੌਲੀ ਦੀ ਲਾਇਬਰੇਰੀ ਲਈ ਜਮ੍ਹਾ ਕਰਵਾਉ ਤੇ ਤੁਹਾਡਾ ਪੁਰਾਣਾ 1932 ਦਾ ਕਰਜ਼ਾ ਮੁਆਫ਼।" ਲਾਲਾ ਜੀ ਨੇ ਤੁਰੰਤ ਹੀ ਚੰਦਾ ਦਿੱਤਾ ਤੇ ਆਪਣੀ ਜਾਨ ਦੀ ਖਲਾਸੀ ਕਰਾਈ। (ਪੰਨਾ 96)

### 3.7 ਨਿਸ਼ਕਰਸ਼

'ਆਪ ਬੀਤੀ' ਇਕ ਬੜੀ ਰੌਚਕ, ਉਤਸੁਕਤਾ ਭਰਪੂਰ ਅਤੇ ਪ੍ਰੇਰਣਾਦਾਇਕ ਸ੍ਵੈਜੀਵਨੀ ਹੈ। ਡਾ. ਰੰਧਾਵਾ ਨੇ ਇਸ ਨੂੰ ਬਿਰਤਾਂਤ, ਸ਼ੈਲੀ ਅਤੇ ਸ਼ਬਦਾਵਲੀ ਦੇ ਪੱਖੋਂ ਪੂਰੀ ਤਰ੍ਹਾਂ ਸਿੰਗਾਰ-ਸੰਵਾਰ ਕੇ ਪੇਸ਼ ਕੀਤਾ ਹੈ। ਇਹ ਪੁਸਤਕ ਪੰਜਾਬੀ ਦੇ ਹਜ਼ਾਰਾਂ ਪਾਠਕਾਂ ਨੇ ਪੜ੍ਹੀ ਹੈ ਅਤੇ ਇਸਦੇ ਪ੍ਰਵਚਨ ਤੋਂ ਅਗਵਾਈ ਲਈ ਹੈ। ਇਸ ਦਾ ਸਾਹਿਤਕ ਮਹੱਤਵ ਨਿਰਵਿਵਾਦ ਹੈ।

- ਪ੍ਰੋ. ਰਾਜਬੀਰ ਕੌਰ

# IV. ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਵਾਰਤਕ ਨੂੰ ਦੇਣ ਅਤੇ ਸਾਹਿਤਕ ਸਥਾਨ

## 4.1 ਉਦੇਸ਼

ਇਸ ਪਾਠ ਦਾ ਉਦੇਸ਼ ਆਪਣੇ ਵਿਦਿਆਰਥੀਆਂ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਰਚਿਤ *'ਆਪ ਬੀਤੀ'* ਦੇ ਆਧਾਰ ਉੱਤੇ ਪੰਜਾਬੀ ਵਾਰਤਕ ਨੂੰ ਉਸ ਦੀ ਦੇਣ ਬਾਰੇ ਜਾਗਰੂਕ ਕਰਨਾ ਅਤੇ ਪੰਜਾਬੀ ਸਾਹਿੱਤ ਵਿਚ ਉਸਦਾ ਸਥਾਨ ਨਿਸ਼ਚਿਤ ਕਰਨਾ ਹੈ। ਹਰ ਲੇਖਕ ਦਾ ਅਨੁਭਵ ਨਵੀਨ ਅਤੇ ਮੌਲਿਕ ਹੁੰਦਾ ਹੈ ਪਰ ਜੇ ਇਹ ਪ੍ਰਗਤੀਸ਼ੀਲ ਵੀ ਹੋਵੇ ਤਾਂ ਉਹ ਆਪਣੇ ਸਮਾਜ ਨੂੰ ਕੋਈ ਸੇਧ ਜ਼ਰੂਰ ਦੇ ਸਕਦਾ ਹੈ। ਡਾ. ਰੰਧਾਵਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਛੋਟੇ ਜਿਹੇ ਪਿੰਡ ਤੋਂ ਉੱਠ ਕੇ ਭਾਰਤ ਦੀਆਂ ਪ੍ਰਸ਼ਾਸਕੀ ਸੇਵਾਵਾਂ ਦੇ ਸਿਖਰ ਤੱਕ ਜਾ ਪਹੁੰਚਿਆ। ਉੱਤਰੀ ਭਾਰਤ ਅਤੇ ਵਿਸ਼ੇਸ਼ ਕਰ ਪੰਜਾਬ ਦੇ ਨਵ-ਨਿਰਮਾਣ ਵਿਚ ਉਸ ਨੇ ਵੱਡਮੁੱਲਾ ਯੋਗਦਾਨ ਪਾਇਆ। ਉਸ ਨੇ ਆਪਣੇ ਪੁਰਸ਼ਾਰਥ ਨੂੰ ਦਰਸਾਉਣ ਵਾਲੀ ਇਕ ਪੁਸਤਕ *'ਆਪ ਬੀਤੀ'* ਦੀ ਰਚਨਾ ਵੀ ਕਰ ਦਿੱਤੀ ਤਾਂ ਜੋ ਪੰਜਾਬ ਦੇ ਨੌਜਵਾਨ ਇਸ ਪੁਸਤਕ ਤੋਂ ਸੇਧ ਲੈ ਕੇ ਆਪਣੇ ਟੀਚੇ ਨਿਸ਼ਚਿਤ ਕਰ ਲੈਣ ਅਤੇ ਪੰਜਾਬ ਨੂੰ ਇਕ ਵਿਕਸਿਤ ਸਟੇਟ ਬਣਾਉਣ ਦੇ ਪ੍ਰਾਜੈਕਟ ਵਿਚ ਵਧ-ਚੜ੍ਹ ਕੇ ਹਿੱਸਾ ਪਾਉਣ। ਉਸ ਦੀ ਇਹ ਪੁਸਤਕ ਪੜ੍ਹਨ ਵਿਚ ਬੜੀ ਰੌਚਕ, ਪ੍ਰੇਰਨਾਭਰਪੂਰ ਅਤੇ ਪ੍ਰਗਤੀਸ਼ੀਲ ਹੈ। ਉਸ ਨੂੰ ਵਾਰਤਕ ਲਿਖਣ ਦੀਆਂ ਵਿਧੀਆਂ ਅਤੇ ਸਾਹਿਤਕ ਪਰੰਪਰਾਵਾਂ ਦਾ ਪੂਰਾ-ਪੂਰਾ ਗਿਆਨ ਹੈ। ਇਹੀ ਕਾਰਨ ਹੈ ਕਿ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਉਸਦਾ ਯੋਗਦਾਨ ਵਡਮੁੱਲਾ ਅਤੇ ਉਲੇਖਯੋਗ ਹੈ। ਪੰਜਾਬੀ ਵਾਰਤਕ ਸਾਹਿਤ ਵਿਚ ਉਸਦਾ ਇਕ ਵਿਲੱਖਣ ਸਥਾਨ ਭੀ ਹੈ।

## 4.2 ਰੂਪ ਰੇਖਾ

*'ਆਪ ਬੀਤੀ'* ਦੇ ਸਾਹਿਤਕ ਮਹੱਤਵ ਬਾਰੇ ਆਪਣੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਅਸੀਂ ਆਪਣੇ ਇਸ ਅਧਿਐਨ ਨੂੰ ਦੋ ਭਾਗਾਂ ਵਿਚ ਵੰਡਿਆ ਹੈ, ਜਿਨ੍ਹਾਂ ਦੇ ਅੱਗੋਂ ਕੁਝ ਉਪਭਾਗ ਵੀ ਹਨ। ਸਮੁੱਚਾ ਅਧਿਐਨ-ਪ੍ਰਬੰਧ ਇਸ ਪ੍ਰਕਾਰ ਹੈ :

1. **ਡਾ. ਰੰਧਾਵਾ ਦੀ ਪੰਜਾਬੀ ਵਾਰਤਕ ਨੂੰ ਦੇਣ**
   (ੳ) ਅਨੁਭਵ ਅਤੇ ਵਿਚਾਰਧਾਰਕ ਪਰਿਪੇਖ।
   (ਅ) ਸਾਹਿਤਕ ਅਤੇ ਸ਼ਿਲਪਗਤ ਪਰਿਪੇਖ।
2. **ਡਾ. ਰੰਧਾਵਾ ਦਾ ਪੰਜਾਬੀ ਸਾਹਿਤ ਵਿਚ ਸਥਾਨ**
   (ੳ) ਪੰਜਾਬੀ ਵਿਚ ਸ੍ਵੈਜੀਵਨੀ ਸਾਹਿਤ
   (ਅ) *'ਆਪ ਬੀਤੀ'* ਦੀ ਵਿਲੱਖਣਤਾ।

## 4.3 ਭੂਮਿਕਾ

ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਵਿਦਿਆਰਥੀ ਜੀਵਨ ਵਿਚ ਹੀ ਸਾਹਿਤਕ ਪੁਸਤਕਾਂ ਪੜ੍ਹਨ ਵਿਚ ਦਿਲਚਸਪੀ ਹੋ ਗਈ ਸੀ। ਉਹ ਆਪਣੇ ਪਾਠਕ੍ਰਮ ਦੀਆਂ ਪੁਸਤਕਾਂ ਪੜ੍ਹਨ ਦੇ ਨਾਲ-ਨਾਲ ਅੰਗਰੇਜ਼ੀ ਸਾਹਿਤ ਵਿਸ਼ੇਸ਼ ਕਰ ਗਲਪ ਅਤੇ ਨਿਬੰਧ-ਸਾਹਿੱਤ ਪੜ੍ਹਦਾ ਰਹਿੰਦਾ ਸੀ। ਉਹ ਆਪਣੇ ਹਾਣੀ ਮੁੰਡਿਆਂ ਨਾਲ ਰਲ ਕੇ ਖੇਡਣ-ਕੁੱਦਣ ਦੀ ਬਜਾਇ ਸਾਹਿਤਕ ਪੁਸਤਕਾਂ ਪੜ੍ਹਦਾ ਰਹਿੰਦਾ ਅਤੇ ਇਕ ਨਵੀਂ ਦੁਨੀਆਂ ਵਸਾ ਲੈਂਦਾ ਸੀ। ਬਾਅਦ ਵਿਚ ਆਈ.ਸੀ.ਐਸ. ਅਫ਼ਸਰ ਬਣ ਜਾਣ ਉਪਰੰਤ ਉਸ ਨੂੰ ਕੁਝ ਵਕਤ ਮਿਲਣ ਲੱਗਾ ਤਾਂ ਉਹ ਆਪ ਵੀ ਕੁਝ-ਨਾ-ਕੁਝ ਲਿਖਨ ਲੱਗ ਪਿਆ। ਉਸ ਦੀਆਂ ਬਹੁਤੀਆਂ ਪੁਸਤਕਾਂ ਅੰਗਰੇਜ਼ੀ ਵਿਚ ਲਿਖੀਆਂ ਗਈਆਂ। ਪੰਜਾਬੀ ਵਿਚ ਆਪਣੀ ਸ੍ਵੈਜੀਵਨੀ *'ਆਪ ਬੀਤੀ'* ਲਿਖਣ ਦੇ ਨਾਲ-ਨਾਲ ਉਸ ਨੇ ਪੰਜਾਬੀ ਲੋਕ ਗੀਤਾਂ ਅਤੇ ਕਾਂਗੜੇ ਦੀ ਲੋਕ ਕਲਾ ਨੂੰ ਇਕੱਤਰ ਅਤੇ ਸੰਗ੍ਰਹਿਤ ਕਰਨ ਦਾ ਵਡਮੁੱਲਾ ਕਾਰਜ ਕੀਤਾ। ਇਹ ਸਾਰੀਆਂ ਪੁਸਤਕਾਂ ਪੰਜਾਬੀ ਸਾਹਿੱਤ ਦੇ ਭੰਡਾਰ ਨੂੰ ਹੋਰ ਅਮੀਰ ਬਣਾਉਂਦੀਆਂ ਹਨ।

### 4.4.1 ਪੰਜਾਬੀ ਵਾਰਤਕ ਨੂੰ ਦੇਣ

ਡਾ. ਮਹਿੰਦਰ ਸਿੰਘ ਰੰਧਾਵਾ ਦੀ ਪੁਸਤਕ 'ਆਪ ਬੀਤੀ' ਪੰਜਾਬੀ ਸ੍ਵੈਜੀਵਨੀ ਸਾਹਿੱਤ ਵਿਚ ਇਕ ਵਡਮੁੱਲਾ ਵਾਧਾ ਕਰਦੀ ਹੈ। ਡਾ. ਰੰਧਾਵਾ ਪੰਜਾਬ ਦਾ ਇਕ ਯੁੱਗ-ਪੁਰਸ਼ ਸੀ। ਉਸ ਨੇ ਪੰਜਾਬ ਦੇ ਇਤਿਹਾਸ ਵਿਚ ਉਲੇਖਯੋਗ ਭੂਮਿਕਾ ਨਿਭਾਈ। 1947 ਦੇ ਦਿਨਾਂ ਵਿਚ ਉਹ ਦਿੱਲੀ ਦਾ ਡਿਪਟੀ ਕਮਿਸ਼ਨਰ ਸੀ। ਪੂਰੇ ਪੰਜਾਬ ਵਾਂਗ ਦਿੱਲੀ ਵਿਚ ਵੀ ਦੰਗੇ ਭੜਕ ਪਏ ਸਨ। ਇਨ੍ਹਾਂ ਦੰਗਿਆਂ ਨੂੰ ਰੋਕਣ ਅਤੇ ਮਾਨਵਤਾਵਾਦ ਨੂੰ ਬਰਕਰਾਰ ਰੱਖਣ ਹਿਤ ਉਸ ਨੇ ਬਹੁਤ ਨਿੱਗਰ ਕੰਮ ਕੀਤਾ। ਇਨ੍ਹਾਂ ਦੰਗਿਆਂ ਤੋਂ ਕੁਝ ਸਮਾਂ ਬਾਅਦ ਹੀ ਦਿੱਲੀ ਵਿਖੇ ਮਹਾਤਮਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। ਇਸ ਸਮੇਂ ਵੀ ਡਾ. ਰੰਧਾਵਾ ਨੇ ਆਪਣੀ ਕਾਰਜ-ਕੁਸ਼ਲਤਾ ਨਾਲ ਹਾਲਾਤ ਉਪਰ ਕਾਬੂ ਪਾਇਆ। ਬਾਅਦ ਵਿਚ ਸ਼ਰਨਾਰਥੀਆਂ ਦੇ ਪੁਨਰ-ਵਸੇਬੇ, ਪੰਜਾਬ ਦੀ ਜ਼ਮੀਨ ਦੀ ਨਵੇਂ-ਸਿਰਿਉਂ ਚੱਕਬੰਦੀ ਅਤੇ ਚੰਡੀਗੜ੍ਹ ਦੀ ਲੈਂਡ-ਸਕੇਪ ਨੂੰ ਸੰਵਾਰਨ-ਨਿਖਾਰਨ ਵਿਚ ਪਾਏ ਗਏ ਉਸ ਦੇ ਯੋਗਦਾਨ ਨੂੰ ਕੋਈ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਏਨੇ ਪਰਾਕ੍ਰਮੀ ਮਨੁੱਖ ਦੀ ਸ੍ਵੈਜੀਵਨੀ ਪਾਠਕਾਂ ਨੂੰ ਪ੍ਰੇਰਿਤ ਕਰਦੀ ਹੈ। ਇਹੀ ਕਾਰਨ ਹੈ ਕਿ *'ਆਪ ਬੀਤੀ'* ਪੁਸਤਕ ਨੂੰ ਨਿਰੰਤਰ ਪੜ੍ਹਿਆ ਜਾ ਰਿਹਾ ਹੈ।

### 4.4.2 ਅਨੁਭਵ ਅਤੇ ਵਿਚਾਰਧਾਰਕ ਪਰਿਪੇਖ

ਮਹਿੰਦਰ ਸਿੰਘ ਰੰਧਾਵਾ ਦਾ ਪਿਤਾ ਸ਼ੇਰ ਸਿੰਘ ਅੰਗਰੇਜ਼ੀ ਰਾਜ ਵਿਚ ਇਕ ਤਹਿਸੀਲਦਾਰ ਸੀ। ਉਸ ਦੀ ਸਮਾਜ ਵਿਚ ਕਾਫ਼ੀ ਇੱਜ਼ਤ ਸੀ। ਆਪਣੀ ਨੌਕਰੀ ਦੇ ਦੌਰਾਨ ਉਹ ਜਿੱਥੇ ਕਿਧਰੇ ਵੀ ਰਿਹਾ, ਮਹਿੰਦਰ ਸਿੰਘ ਅਤੇ ਜੋਗਿੰਦਰ ਸਿੰਘ (ਜੌੜੇ ਭਰਾ) ਨੂੰ ਉਹ ਆਪਣੇ ਨਾਲ ਹੀ ਰੱਖਦਾ ਸੀ ਤਾਂ ਜੋ ਉਹ ਚੰਗੇ ਸਕੂਲਾਂ ਵਿਚ ਪੜ੍ਹਾਈ ਕਰ ਸਕਣ। ਉਸ ਦੇ ਜੱਦੀ ਪਿੰਡ ਬੋਦਲਾਂ ਵਿਚ ਪੜ੍ਹਾਈ ਦਾ ਇੰਤਜ਼ਾਮ ਨਹੀਂ ਸੀ। ਸ਼ੇਰ ਸਿੰਘ ਪੰਜਾਬ ਦੀਆਂ ਤਹਿਸੀਲਾਂ ਦੇ ਜਿਸ ਹੈਡਕੁਆਰਟਰ ਵਿਖੇ ਜਾਂਦਾ, ਉਥੋਂ ਦੇ ਧਨਾਢ ਅਤੇ ਜਾਗੀਰਦਾਰ ਲੋਕ ਉਸ ਨੂੰ ਹੱਥਾਂ ਉਪਰ ਚੁੱਕ ਲੈਂਦੇ। ਮਹਿੰਦਰ-ਜੋਗਿੰਦਰ ਨੂੰ ਵੀ ਖ਼ੂਬ ਲਾਡ ਲਡਾਇਆ ਜਾਂਦਾ। ਲੋਕਾਂ ਵੱਲੋਂ ਮਿਲਣ ਵਾਲੇ ਇਸ ਮਾਨ-ਸਤਿਕਾਰ ਨੇ ਇਨ੍ਹਾਂ ਦੋਹਾਂ ਭਰਾਵਾਂ ਦੇ ਮਨ ਵਿਚ ਸ੍ਵੈਭਿਮਾਨ ਦੇ ਭਾਵ ਜਾਗ੍ਰਿਤ ਕਰ ਦਿੱਤੇ। ਉਹ ਆਪਣੇ ਆਉਣ ਵਾਲੇ ਜੀਵਨ ਬਾਰੇ ਚੰਗੇ ਸੁਪਨੇ ਦੇਖਣ ਲੱਗ ਪਏ। ਉਹ ਚਾਹੁੰਦੇ ਸਨ ਕਿ ਪਿਤਾ ਨਾਲੋਂ ਵੀ ਵੱਧ ਤਰੱਕੀ ਕਰ ਜਾਣ ਅਤੇ ਉਨ੍ਹਾਂ ਦਾ ਉਸ ਨਾਲੋਂ ਵੀ ਵੱਧ ਮਾਨ-ਸਤਿਕਾਰ ਹੋਵੇ। ਮਹਿੰਦਰ ਸਿੰਘ ਕਦੇ ਡਿਪਟੀ ਕਮਿਸ਼ਨਰ ਬਣਨ ਬਾਰੇ ਸੋਚਦਾ ਅਤੇ ਕਦੇ ਪੰਜਾਬ ਦਾ ਗਵਰਨਰ ਬਣਨ ਦੀ ਕਲਪਨਾ ਕਰਦਾ। ਉਸ ਦੀ ਇਸ ਲੋਚਾ ਦਾ ਵਰਣਨ ਕਰਦੀ ਹੋਈ ਵੱਡੀ ਭੈਣ ਬੀਬੀ ਹਰਬੰਸ ਕੌਰ ਲਿਖਦੀ ਹੈ ਕਿ ਉਹ ਹਮੇਸ਼ਾ ਉੱਚੇ-ਉੱਚੇ ਆਦਰਸ਼ ਮਿਥਦਾ ਰਹਿੰਦਾ ਸੀ। ਦੇਖੋ :

> ਮਹਿੰਦਰ ਨੂੰ ਨੰਗੇ ਪੈਰੀਂ ਤੁਰਨਾ ਪਸੰਦ ਸੀ। ਮੈਂ ਕਹਿਣਾ, "ਨੰਗੇ ਪੈਰੀਂ ਨਾ ਤੁਰਿਆ ਕਰ।" ਮਹਿੰਦਰ ਨੇ ਕਹਿਣਾ, "ਫੇਰ ਮੈਨੂੰ ਨੰਗੇ ਪੈਰੀਂ ਕੀਹਨੇ ਫਿਰਨ ਦੇਣਾ ਏਂ, ਜਦ ਮੈਂ ਡਿਪਟੀ ਕਮਿਸ਼ਨਰ ਬਣ ਗਿਆ ?" ਅਸੀਂ ਬੜੇ ਹੈਰਾਨ ਹੁੰਦੇ ਪਰ ਇਹਨੇ ਜੋ ਕਿਹਾ ਕਰ ਕੇ ਵਿਖਾਇਆ। (ਪੰਨਾ 65)
>
> ਇਕ ਦਿਨ ਪਿਤਾ ਜੀ ਮਹਿੰਦਰ ਦਾ ਲਿਖਿਆ ਕਾਰਡ ਫੜੀ ਆਉਣ। ਮੈਨੂੰ ਕਹਿਣ ਲੱਗੇ, "ਕਾਕੋ ਆਹ ਕਾਰਡ ਪੜ੍ਹ ਕੀ ਲਿਖਿਆ ਹੈ !" ਮੈਂ ਪੜ੍ਹਿਆ ਤਾਂ ਲਿਖਿਆ ਸੀ : ਤੁਹਾਡਾ ਬੇਟਾ, ਮਹਿੰਦਰ ਸਿੰਘ ਰੰਧਾਵਾ, ਗਵਰਨਰ ਪੰਜਾਬ। ਪਿਤਾ ਜੀ ਬਹੁਤ ਖ਼ੁਸ਼ ਹੋਏ ਕਿ ਮੇਰਾ ਬੱਚਾ ਕਿਤਨੀ ਵੱਡੀ ਉਮੀਦ ਰਖਦਾ ਹੈ। (ਪੰਨਾ 59)

ਮਹਿੰਦਰ ਸਿੰਘ ਰੰਧਾਵਾ ਆਪਣੇ ਪਿਤਾ ਦੇ ਹਰ ਦੂਜੇ-ਤੀਜੇ ਵਰ੍ਹੇ ਹੋਣ ਵਾਲੇ ਤਬਾਦਲਿਆਂ ਦੇ ਕਾਰਨ ਕਦੇ ਵੀ ਇਕ ਸਥਾਨ ਉਪਰ ਟਿਕ ਕੇ ਨਾ ਰਿਹਾ। ਕਦੇ ਬੋਦਲਾਂ, ਕਦੇ ਫਲੌਰ, ਕਦੇ ਕਰਤਾਰਪੁਰ, ਕਦੇ ਜ਼ੀਰਾ, ਕਦੇ ਸਮਰਾਲਾ ਅਤੇ ਕਦੇ ਮੁਕਤਸਰ। ਮੁਕਤਸਰ ਦੇ ਖਾਲਸਾ ਹਾਈ ਸਕੂਲ ਤੋਂ ਉਸਨੇ ਮੈਟ੍ਰਿਕ ਦੀ ਪਰੀਖਿਆ ਫਸਟ ਡਵੀਜਨ ਵਿਚ ਪਾਸ ਕੀਤੀ ਸੀ। ਕਾਲਜ ਦੇ ਛੇ ਵਰ੍ਹੇ ਉਸ ਨੇ ਲਾਹੌਰ ਲਗਾਏ। ਦੋ ਵਰ੍ਹੇ ਮਿਸ਼ਨ ਕਾਲਜ ਵਿਚ ਅਤੇ ਚਾਰ ਵਰ੍ਹੇ ਗੌਰਮਿੰਟ ਕਾਲਜ ਵਿਚ। ਇਸ ਤੋਂ ਬਾਅਦ ਆਈ.ਸੀ.ਐਸ. ਦੀ ਟ੍ਰੇਨਿੰਗ ਵਾਸਤੇ ਉਹ ਦੋ ਵਰ੍ਹੇ ਇੰਗਲੈਂਡ ਵਿਚ ਰਿਹਾ। ਆਈ.ਸੀ.ਐਸ. ਅਫ਼ਸਰ ਨਿਯੁਕਤ ਹੋਣ ਪਿਛੋਂ ਵੀ ਹਰ ਦੋ-ਢਾਈ ਵਰ੍ਹਿਆਂ ਬਾਅਦ ਉਸਦਾ ਤਬਾਦਲਾ ਹੋ ਜਾਂਦਾ ਸੀ। ਸਥਾਨ ਵਿਚ ਪਰਿਵਰਤਨ ਹੁੰਦੇ ਰਹਿਣ ਕਾਰਨ ਉਸ ਦੀ ਪ੍ਰਵਿਰਤੀ ਘੁਮੱਕੜ ਵਿਅਕਤੀ ਦੀ ਬਣ ਗਈ। ਇਹੋ ਜਿਹਾ ਆਦਮੀ ਇਕ ਜਗ੍ਹਾ ਟਿਕ ਕੇ ਨਹੀਂ ਬੈਠ ਸਕਦਾ। ਉਸ ਨੂੰ ਯਾਤਰਾ ਵਿਚੋਂ ਹੀ ਪੂਰਨ ਆਨੰਦ ਆਉਂਦਾ ਹੈ। ਯਾਤਰਾਵਾਂ, ਬੰਦੇ ਦੇ ਪੂਰਵਾਗ੍ਰਹਿ ਅਤੇ ਹਠਧਰਮੀ ਤੋੜ ਦਿੰਦੀਆਂ ਹਨ। ਇਹੋ ਜਿਹਾ ਵਿਅਕਤੀ ਉਦਾਰ ਅਤੇ ਦਿਆਲੂ ਬਣ ਜਾਂਦਾ ਹੈ। ਉਸ ਨੂੰ ਇਹ ਬੋਧ ਹੋ ਜਾਂਦਾ ਹੈ ਕਿ ਜੀਵਨ ਚੱਲੋ-ਚੱਲੀ ਦਾ ਨਾਮ ਹੈ। ਇੱਥੇ ਕਿਸੇ ਨੇ ਵੀ ਸਦਾ ਵਾਸਤੇ ਨਹੀਂ ਰਹਿਣਾ। ਫਿਰ ਲੋਭ-ਲਾਲਚ ਕੈਸਾ ? ਧਨ-ਜਾਇਦਾਦ ਇਕੱਠਾ ਕਰੀ ਜਾਣ ਦੇ ਕੀ ਲਾਭ ? ਇਸ ਪ੍ਰਕਾਰ ਦੀ ਫ਼ਿਤਰਤ ਨੇ ਮਹਿੰਦਰ ਸਿੰਘ ਰੰਧਾਵਾ ਨੂੰ ਈਮਾਨਦਾਰ

ਅਤੇ ਪਰਸਵਾਰਥੀ ਅਫ਼ਸਰ ਬਣਾ ਦਿੱਤਾ। ਜਲੰਧਰ ਵਿਚ ਬੈਠ ਕੇ ਉਸ ਨੇ ਪਾਕਿਸਤਾਨ ਤੋਂ ਉੱਜੜ ਕੇ ਆਏ ਸ਼ਰਨਾਰਥੀਆਂ ਨੂੰ ਲੱਖਾਂ ਏਕੜ ਜ਼ਮੀਨ ਵੰਡ ਦਿੱਤੀ। ਦਿੱਲੀ ਵਿਖੇ ਸ਼ਰਨਾਰਥੀਆਂ ਅਤੇ ਹੋਰ ਲੋੜਵੰਦਾਂ ਨੂੰ ਹਜ਼ਾਰਾਂ ਪਲਾਟ ਅਲਾਟ ਕਰ ਛੱਡੇ। ਚੰਡੀਗੜ੍ਹ ਦੇ ਨਵ-ਨਿਰਮਾਣ ਸਮੇਂ ਵੀ ਪੂਰੀ ਜ਼ਮੀਨ ਉੱਪਰ ਉਸਦਾ ਹੁਕਮ ਚੱਲਦਾ ਸੀ। ਜੇ ਉਹ ਲੋਭੀ ਪ੍ਰਕਿਰਤੀ ਦਾ ਅਫ਼ਸਰ ਹੁੰਦਾ (ਜਿਵੇਂ ਅੱਜ ਕਲ੍ਹ ਦੇ ਅਫ਼ਸਰ ਪਾਏ ਜਾਂਦੇ ਹਨ) ਤਾਂ ਉਸਨੇ ਸੈਂਕੜੇ ਏਕੜ ਜ਼ਮੀਨ ਅਤੇ ਦਰਜਨਾਂ ਰਿਹਾਇਸ਼ੀ ਪਲਾਟ ਆਪਣੇ ਨਾਮ ਲੁਆ ਲੈਣੇ ਸਨ ਪਰ ਜਦੋਂ ਉਹ ਰੀਟਾਇਰ ਹੋਇਆ ਤਾਂ ਖਰੜ ਵਿਚ ਉਸਦੀ ਜੱਦੀ 16 ਏਕੜ ਜ਼ਮੀਨ ਤੋਂ ਬਿਨਾਂ ਉਸ ਪਾਸ ਹੋਰ ਕੁਝ ਵੀ ਨਹੀਂ ਸੀ। ਆਪਣੇ ਆਖਰੀ ਵਰ੍ਹੇ ਉਸ ਨੇ ਇਸ ਛੋਟੇ ਜਿਹੇ ਨਗਰ ਵਿਚ ਬਿਤਾਏ ਅਤੇ ਇਥੇ ਹੀ ਉਹ ਤਿੰਨ ਮਾਰਚ 1986 ਨੂੰ ਅਕਾਲ ਚਲਾਣਾ ਕਰ ਗਿਆ। ਜਾਂਦਾ ਹੋਇਆ ਭਾਰਤੀ ਅਫ਼ਸਰਸ਼ਾਹੀ ਦੇ ਇਤਿਹਾਸ ਵਿਚ ਉਹ ਇਕ ਨਵਾਂ ਅਧਿਆਇ ਲਿਖ ਗਿਆ।

ਡਾ. ਰੰਧਾਵਾ ਆਪਹੁਦਰੇ ਅਤੇ ਲਾਲਚੀ ਮਨੁੱਖਾਂ ਵੱਲੋਂ ਵਿਗਾੜੇ ਸਮਾਜਿਕ ਅਤੇ ਸਭਿਆਚਾਰਕ ਪ੍ਰਬੰਧ ਨੂੰ ਠੀਕ ਕਰਨ ਵਾਸਤੇ ਸਦਾ ਤਤਪਰ ਰਹਿੰਦਾ ਸੀ। ਆਜ਼ਾਦੀ ਤੋਂ ਪਹਿਲਾਂ ਯੂ.ਪੀ. ਵਿਚ ਐੱਸ.ਡੀ.ਐਮ. ਅਤੇ ਡਿਪਟੀ ਕਮਿਸ਼ਨਰ ਰਹਿੰਦਿਆਂ ਹੋਇਆਂ ਉਸਨੇ ਗਰਾਮ ਸੁਧਾਰ ਸਕੀਮਾਂ ਲਈ ਡਟ ਕੇ ਕੰਮ ਕੀਤਾ। ਗਰੀਬ ਕਾਸ਼ਤਕਾਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਵਾਸਤੇ ਅਨੇਕ ਨਵੇਂ ਉਪਰਾਲੇ ਕੀਤੇ। 1946 ਈ. ਵਿਚ ਉਹ ਡਿਪਟੀ ਕਮਿਸ਼ਨਰ ਵਜੋਂ ਦਿੱਲੀ ਆ ਗਿਆ। ਸਰਦਾਰ ਪਟੇਲ ਅਤੇ ਪੰਡਤ ਨਹਿਰੂ, ਦੋਵੇਂ ਉਸ ਦੀ ਵਿਸ਼ੇਸ਼ ਕਦਰ ਕਰਦੇ ਸਨ। ਇੱਥੇ ਰਹਿੰਦਿਆਂ ਹੋਇਆਂ ਉਸ ਨੇ ਫਿਰਕੂ ਫਸਾਦਾਂ ਨੂੰ ਠੱਲ੍ਹ ਪਾਈ। ਉਸ ਨੇ ਇਕ ਟੈਕਸੀ ਕਿਰਾਏ 'ਤੇ ਲੈ ਰੱਖੀ ਸੀ ਅਤੇ ਜਿੱਥੇ ਵੀ ਫ਼ਸਾਦ ਹੁੰਦੇ, ਉਹ ਫੌਰਨ ਉਥੇ ਪਹੁੰਚ ਜਾਂਦਾ ਸੀ। ਉਹ ਆਪਣੇ ਨਾਲ ਦੋ ਬਾਡੀਗਾਰਡਜ਼ ਰੱਖਦਾ ਸੀ, ਜਿਨ੍ਹਾਂ ਪਾਸ ਸਟੇਨ ਗੰਨਾਂ ਸਨ। ਇਨ੍ਹਾਂ ਦਿਨਾਂ ਵਿਚ ਹਾਲਾਤ ਬਹੁਤ ਖ਼ਰਾਬ ਸਨ ਪਰ ਉਸ ਦਾ ਵਿਚਾਰ ਸੀ ਕਿ ਆਦਮੀ ਮੁਸ਼ਕਿਲਾਂ ਦੂਰ ਕਰਨ ਵਾਸਤੇ ਪੈਦਾ ਹੋਇਆ ਹੈ ਤੇ ਕੁੱਝ ਆਦਮੀਆਂ ਨੂੰ ਖ਼ਤਰੇ ਦਾ ਮੁਕਾਬਲਾ ਕਰਨਾ ਹੀ ਚਾਹੀਦਾ ਹੈ ਨਹੀਂ ਤਾਂ ਚੰਗੀ ਜ਼ਿੰਦਗੀ ਖ਼ਤਮ ਹੋ ਜਾਵੇਗੀ ਅਤੇ ਗੁੰਡਾ-ਅਨਸਰ ਪ੍ਰਧਾਨ ਹੋ ਜਾਵੇਗਾ। ਜਿਵੇਂ ਬਾਗ਼ 'ਚੋਂ ਗੋਡੀ ਕਰ ਕੇ ਜੰਗਲੀ ਬੂਟੀਆਂ ਕੱਢਣੀਆਂ ਜ਼ਰੂਰੀ ਹਨ, ਇਸੇ ਤਰ੍ਹਾਂ ਹੀ ਸੁਸਾਇਟੀ 'ਚੋਂ ਗੁੰਡਾ-ਅਨਸਰ ਕੱਢਣਾ ਜ਼ਰੂਰੀ ਹੈ।

ਦਿੱਲੀ ਦੇ ਮਾਹੌਲ ਨੂੰ ਠੀਕ ਕਰਨ ਉਪਰੰਤ ਗੋਪੀ ਚੰਦ ਭਾਰਗੋ ਮੁੱਖ ਮੰਤਰੀ ਪੰਜਾਬ ਨੇ ਡਾ. ਰੰਧਾਵਾ ਨੂੰ ਸਥਾਨਕ ਸਰਕਾਰ ਦਾ ਸਕੱਤਰ ਨਿਯੁਕਤ ਕਰ ਦਿੱਤਾ। ਇਥੇ ਉਸ ਨੇ ਉਜੜੇ ਪੰਜਾਬੀਆਂ ਦੇ ਪੁਨਰ-ਵਸੇਬੇ ਲਈ ਬੜਾ ਇਤਿਹਾਸਕ ਕਾਰਜ ਕੀਤਾ। ਇਹ ਕੰਮ ਐਸਾ ਸੀ ਕਿ ਇਸਦਾ ਬਦਲ ਸਮੁੱਚੀ ਇਨਸਾਨੀ ਤਵਾਰੀਖ਼ ਵਿਚ ਨਹੀਂ ਮਿਲਦਾ। 40 ਲੱਖ ਲੋਕਾਂ ਨੂੰ ਦੋ ਸਾਲਾਂ ਵਿਚ ਆਬਾਦ ਕਰ ਦੇਣਾ ਬੜਾ ਵੱਡਾ ਕੰਮ ਸੀ। ਮਾਰਚ 1951 ਵਿਚ ਪੁਨਰ-ਵਸੇਬੇ ਦੀ ਸਕੀਮ ਮੁੱਕ ਗਈ ਤਾਂ ਲੇਖਕ ਨੇ ਪੰਜਾਬ ਵਿਚ ਲਾਇਬਰੇਰੀਆਂ ਦਾ ਜਾਲ ਵਿਛਾ ਦਿੱਤਾ ਅਤੇ ਪੰਜਾਬੀ ਲੋਕਾਂ ਨੂੰ ਪੁਸਤਕ-ਸਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। 1953 ਈ. ਵਿਚ ਪਿੰਡਾਂ ਦੀ ਉੱਨਤੀ ਲਈ ਕਮਿਊਨਿਟੀ ਡੀਵੈਲਪਮੈਂਟ ਸਕੀਮ ਸ਼ੁਰੂ ਕੀਤੀ ਗਈ। ਸ. ਪ੍ਰਤਾਪ ਸਿੰਘ ਕੈਰੋਂ ਨੇ ਉਸ ਨੂੰ ਪੰਜਾਬ ਦਾ ਵਿਕਾਸ ਕਮਿਸ਼ਨਰ ਨਿਯੁਕਤ ਕਰ ਦਿੱਤਾ। ਇਸ ਪੋਸਟ ਉਪਰ ਰਹਿੰਦਿਆਂ ਹੋਇਆਂ ਉਸਨੇ ਚੱਕਬੰਦੀ ਦੀ ਸਕੀਮ ਨੂੰ ਸਿਰੇ ਚਾੜ੍ਹਿਆ। ਉਸ ਅਨੁਸਾਰ ਇਹ ਚੱਕਬੰਦੀ ਦੀ ਸਕੀਮ ਹੀ ਸੀ ਜਿਸ ਨੇ ਪੰਜਾਬ ਦਾ ਨਕਸ਼ਾ ਬਦਲ ਕੇ ਰੱਖ ਦਿੱਤਾ। ਜ਼ਿਮੀਦਾਰਾਂ ਦੇ ਖੇਤ, ਜੋ ਦੂਰ-ਦੁਰਾਡੇ ਖਿੱਲਰੇ ਹੋਏ ਸਨ, ਇਕੱਠੇ ਕੀਤੇ ਗਏ ਅਤੇ ਚੱਕ ਬਣਾਏ ਗਏ। ਨਾਲ ਹੀ ਪਿੰਡਾਂ ਤੇ ਸ਼ਹਿਰਾਂ ਨੂੰ ਜੋੜਨ ਵਾਲੀਆਂ ਕੱਚੀਆਂ ਸੜਕਾਂ ਵੀ ਬਣਾਈਆਂ ਗਈਆਂ। ਇਸ ਸਕੀਮ ਵਿਚ ਮੁੱਢਲਾ ਅਸੂਲ ਇਹ ਸੀ ਕਿ ਜਿੱਥੇ ਕਿਸੇ ਕਿਸਾਨ ਦੀ ਸਭ ਤੋਂ ਵੱਧ ਜ਼ਮੀਨ ਹੈ, ਉਥੇ ਹੀ ਉਸਦਾ ਚੱਕ ਬਣਾਇਆ ਜਾਵੇ। ਸੜਕਾਂ ਦੀ ਸਕੀਮ ਬਾਰੇ ਵੀ ਪਿੰਡਾਂ ਵਿਚ ਬਹੁਤ ਉਤਸ਼ਾਹ ਸੀ। ਸਾਰੇ ਪੰਜਾਬ ਵਿਚ ਹਜ਼ਾਰਾਂ ਪੇਂਡੂਆਂ ਨੇ ਇਨ੍ਹਾਂ ਸੜਕਾਂ ਉਪਰ ਮਿੱਟੀ ਪਾਈ। ਇਨ੍ਹਾਂ ਹੀ ਦਿਨਾਂ ਵਿਚ ਸ. ਪ੍ਰਤਾਪ ਸਿੰਘ ਕੈਰੋਂ ਨੇ ਅਸਤੀਫ਼ਾ ਦੇ ਦਿਤਾ ਅਤੇ ਬਾਅਦ ਵਿਚ ਉਸ ਦੀ ਹੱਤਿਆ ਹੋ ਗਈ। ਇਸ ਕਾਰਨ ਮਹਿੰਦਰ ਸਿੰਘ ਰੰਧਾਵਾ ਆਪਣਾ ਕੰਮ ਖ਼ਤਮ ਕਰ ਕੇ ਦਿੱਲੀ ਆ ਗਿਆ। ਥੋੜ੍ਹੇ ਸਮੇਂ ਬਾਅਦ ਉਹ ਦਿੱਲੀ ਵਿਚ ਖੇਤੀਬਾੜੀ ਖੋਜ ਕੌਂਸਲ ਦਾ ਮੀਤ ਪ੍ਰਧਾਨ ਬਣ ਗਿਆ ਅਤੇ ਇੱਥੇ ਆ ਕੇ ਪੰਜਾਬ ਵਿਚ ਹਰੇ ਇਨਕਲਾਬ ਦਾ ਮੁੱਢ ਬੰਨ੍ਹਣ ਲਈ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਬਣਵਾ ਦਿੱਤੀ। ਬਾਅਦ ਵਿਚ ਉਹ ਇਸ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਵੀ ਬਣਿਆ।

ਸਤੰਬਰ 1966 ਵਿਚ ਚੰਡੀਗੜ੍ਹ ਨੂੰ ਯੂਨੀਅਨ ਟੈਰੀਟਰੀ ਬਣਾ ਦਿਤਾ ਗਿਆ ਅਤੇ ਡਾ. ਰੰਧਾਵਾ ਇਸ ਦਾ ਚੀਫ਼ ਕਮਿਸ਼ਨਰ ਨਿਯੁਕਤ ਹੋ ਗਿਆ। ਉਹ ਖਰੜ ਵਿਚ ਬਣੀ ਆਪਣੀ ਕੋਠੀ ਵਿਚ ਰਹਿਣ ਲੱਗਾ ਅਤੇ ਆਪਣਾ ਦਫ਼ਤਰ ਇਸਟੇਟ ਆਫ਼ਿਸ ਵਿਚ ਬਣਾ ਲਿਆ। ਚੰਡੀਗੜ੍ਹ ਵਿਚ ਉਸ ਨੇ ਕਈ ਮਿਊਜ਼ੀਅਮ ਬਣਾਏ। ਸੜਕਾਂ ਉਪਰ ਸ਼ਿੰਗਾਰ-ਰੁੱਖ ਲਾਏ। ਇਕ ਰੋਜ਼-ਗਾਰਡਨ ਵੀ ਬਣਵਾਇਆ ਜਿਸ ਦਾ ਨਾਮ ਬਾਅਦ ਵਿਚ ਜ਼ਾਕਿਰ ਹੁਸੈਨ ਦੇ ਨਾਮ ਉਪਰ ਰੱਖ ਦਿੱਤਾ ਗਿਆ। ਇਸ ਨਾਮਕਰਣ ਉਪਰ ਟਿੱਪਣੀ ਕਰਦਾ ਹੋਇਆ ਉਹ ਲਿਖਦਾ ਹੈ, "ਸਾਡੇ ਮੁਲਕ ਵਿਚ ਖੁਸ਼ਾਮਦ ਦਾ ਬਹੁਤ ਰਿਵਾਜ਼ ਹੈ। ਜੋ ਮੌਕੇ ਦਾ ਹਾਕਮ ਹੋਵੇ, ਲੋਕ ਜਾਇਜ਼-

ਨਾਜਾਇਜ਼ ਢੰਗ ਨਾਲ ਉਸ ਨੂੰ ਖ਼ੁਸ਼ ਕਰਦੇ ਰਹਿੰਦੇ ਹਨ।" (ਪੰਨਾ 383) ਇਸ ਬਾਗ ਦੇ ਗੇਟ ਉਪਰ ਉਸਨੇ ਭਾਈ ਵੀਰ ਸਿੰਘ ਦੀ ਪ੍ਰਸਿੱਧ ਰੁਬਾਈ ਨੂੰ 'ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ' ਉਕਰਵਾਇਆ। ਬਾਅਦ ਵਿਚ ਕੁਝ ਲੋਕ ਉਸਨੂੰ ਮਿਲਣ ਆਏ ਅਤੇ ਕਿਹਾ ਕਿ ਇੱਥੇ ਹਿੰਦੀ ਕਵਿਤਾ ਵੀ ਲਾਉਣੀ ਚਾਹੀਦੀ ਹੈ। ਲੋਕਾਂ ਦੀ ਫਿਰਕਾਪ੍ਰਸਤੀ ਵੇਖ ਕੇ ਉਹ ਦੰਗ ਰਹਿ ਗਿਆ। ਡਾ. ਰੰਧਾਵਾ ਜਿੰਨੀ ਦੇਰ ਤਕ ਅਫ਼ਸਰ ਰਿਹਾ ਅਤੇ ਜਿੱਥੇ ਵੀ ਰਿਹਾ, ਉਸ ਨੇ ਪੂਰੀ ਦਿਆਨਤਦਾਰੀ, ਨਿਰਪੱਖਤਾ ਅਤੇ ਸੁਹਿਰਦਤਾ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ। ਉਸਦੀ ਵਿਚਾਰਧਾਰਾ ਲੋਕਪੱਖੀ ਅਤੇ ਕਲਿਆਣਕਾਰੀ ਸੀ।

### 4.4.3 ਸਾਹਿਤਕ ਪਰਿਪੇਖ

ਡਾ. ਮਹਿੰਦਰ ਸਿੰਘ ਰੰਧਾਵਾ ਨੇ ਆਪਣੀ ਜੀਵਨ-ਕਹਾਣੀ ਨੂੰ ਸਾਹਿਤਕ ਗੁਣਾਂ-ਲੱਛਣਾਂ ਨਾਲ ਸ਼ਿੰਗਾਰਨ ਲਈ ਪੂਰੀ ਮਿਹਨਤ ਕੀਤੀ ਹੈ। ਸਭ ਤੋਂ ਪਹਿਲਾਂ ਇਸ ਜੀਵਨੀ ਨੂੰ ਲਿਖਣ ਦਾ ਸੁਝਾਅ ਡਾ. ਦਲੀਪ ਸਿੰਘ ਦੀਪ ਨੇ ਦਿੱਤਾ ਸੀ ਜੋ ਪੀ.ਏ.ਯੂ. ਵਿਚ ਪੰਜਾਬੀ ਸਾਹਿੱਤ ਦਾ ਅਧਿਆਪਕ ਸੀ। ਡਾ. ਰੰਧਾਵਾ ਉਨ੍ਹਾਂ ਦਿਨਾਂ ਵਿਚ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਸੀ। ਜੇ ਉਹ ਚਾਹੁੰਦਾ ਤਾਂ ਡਾ. ਦੀਪ ਨੂੰ ਇਹ ਅਸਾਈਨਮੈਂਟ ਦੇ ਕੇ ਆਪਣੇ ਆਪ ਨੂੰ ਮਹਿਮਾਮੰਡਿਤ ਕਰਵਾ ਸਕਦਾ ਸੀ ਪਰ ਡਾ. ਰੰਧਾਵਾ ਸੱਚ ਦੱਸਣ ਦਾ ਹਿਮਾਇਤੀ ਸੀ। ਇਸ ਕਾਰਨ ਉਸ ਨੇ ਇਸ ਸ੍ਵੈਜੀਵਨੀ ਨੂੰ ਖ਼ੁਦ ਲਿਖਣ ਦਾ ਫ਼ੈਸਲਾ ਕੀਤਾ। ਇਹ ਸ੍ਵੈਜੀਵਨੀ ਨਵੰਬਰ 1976 ਤੋਂ ਅਕਤੂਬਰ 1978 'ਆਰਸੀ' ਮੈਗਜ਼ੀਨ ਵਿਚ ਲੜੀਵਾਰ ਛਪਦੀ ਰਹੀ। ਇਸ ਸਮੇਂ ਤਕ ਲੇਖਕ ਪੀ.ਏ.ਯੂ. ਤੋਂ ਸੇਵਾਮੁਕਤ ਹੋ ਚੁੱਕਾ ਸੀ। ਪਹਿਲੀ ਵਾਰ ਇਹ ਸ੍ਵੈਜੀਵਨੀ 1949 ਈ. ਤਕ ਖ਼ਤਮ ਹੋ ਗਈ ਸੀ। ਬਾਅਦ ਵਾਲੇ ਚੈਪਟਰ ਲੇਖਕ ਨੇ 1982 ਵਿਚ ਲਿਖਣੇ ਸ਼ੁਰੂ ਕੀਤੇ ਅਤੇ 1985 ਵਿਚ ਇਹ ਕੰਮ ਖ਼ਤਮ ਹੋਇਆ। ਡਾ. ਰੰਧਾਵਾ ਨੇ ਕੋਸ਼ਿਸ਼ ਕੀਤੀ ਹੈ ਕਿ ਆਪਣੀ ਜੀਵਨੀ-ਕਹਾਣੀ ਨੂੰ ਬਿਆਨ ਕਰਦਿਆਂ ਹੋਇਆਂ ਸੱਚ ਉਤੇ ਪਹਿਰਾ ਦਿੱਤਾ ਜਾਵੇ। ਆਪਣੇ ਬਾਰੇ ਜਾਂ ਕਿਸੇ ਹੋਰ ਦੇ ਬਾਰੇ ਵਿਚ ਕੋਈ ਮਿਥਿਆ ਗੱਲ ਨਾ ਲਿਖੀ ਜਾਵੇ। ਇਕ ਚੰਗੀ ਸਾਹਿਤਕ ਸ੍ਵੈਜੀਵਨੀ ਦਾ ਸਭ ਤੋਂ ਵੱਡਾ ਲੱਛਣ ਇਹੀ ਹੁੰਦਾ ਹੈ।

### 4.4.4 ਤਾਰੀਖਾਂ, ਮਹੀਨਿਆਂ ਅਤੇ ਸੰਨ-ਸੰਮਤ ਦੇ ਵੇਰਵੇ

ਇਕ ਸ੍ਵੈਜੀਵਨੀਕਾਰ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਉਹ ਹਰ ਘਟਨਾ ਦੀ ਤਾਰੀਖ਼ ਅਤੇ ਸੰਨ-ਸੰਮਤ ਦਾ ਵੇਰਵਾ ਜ਼ਰੂਰ ਦੇਵੇ। ਨਹੀਂ ਤਾਂ ਬਿਆਨ ਕੀਤੀਆਂ ਗਈਆਂ ਘਟਨਾਵਾਂ ਦਾ ਮਹੱਤਵ ਘਟ ਜਾਂਦਾ ਹੈ। ਪੰਜਾਬੀ ਦੇ ਬਹੁਤੇ ਸ੍ਵੈਜੀਵਨੀਕਾਰ ਇਸ ਜ਼ਰੂਰਤ ਵੱਲ ਧਿਆਨ ਨਹੀਂ ਦਿੰਦੇ। ਆਪਣੀ ਲਿਖਤ ਵਿਚ ਦੋ-ਚਾਰ ਤਿੱਥ-ਤਾਰੀਖ਼ਾਂ ਦੇ ਕੇ ਬਾਕੀ ਸਾਰਾ ਵਰਣਨ ਇਨ੍ਹਾਂ ਤੋਂ ਬਿਨਾਂ ਹੀ ਕਰੀ ਜਾਂਦੇ ਹਨ। ਡਾ. ਰੰਧਾਵਾ ਨੇ ਇਹ ਭੁੱਲ ਨਹੀਂ ਕੀਤੀ। ਇਕ ਵਿਗਿਆਨਕ ਹੋਣ ਦੀ ਸੂਰਤ ਵਿਚ ਉਹ ਅੰਕੜਿਆਂ ਦੇ ਮਹੱਤਵ ਨੂੰ ਜਾਣਦਾ ਸੀ। ਇਹੀ ਕਾਰਨ ਹੈ ਕਿ ਇਸ ਸ੍ਵੈਜੀਵਨੀ ਵਿਚ ਬਹੁਤ ਸਾਰੇ ਅੰਕੜੇ ਦ੍ਰਿਸ਼ਟੀਗੋਚਰ ਹੁੰਦੇ ਹਨ। ਕੋਈ ਵੀ ਜਗਿਆਸੂ ਇਨ੍ਹਾਂ ਅੰਕੜਿਆਂ ਦੀ ਪ੍ਰਮਾਣਿਕਤਾ ਬਾਰੇ ਜਾਂਚ-ਪੜਤਾਲ ਕਰ ਸਕਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਸ੍ਵੈਜੀਵਨੀ ਦਾ ਇਕ ਅੰਸ਼ ਦੇਖੋ :

> ਆਈ.ਸੀ.ਐਸ. ਦੇ ਮੁਕਾਬਲੇ ਦਾ ਇਮਤਿਹਾਨ 11 ਤੋਂ 26 ਜਨਵਰੀ 1931 ਵਿਚ ਮੈਟਕਾਫ਼ ਹਾਊਸ ਦਿੱਲੀ ਹੋਣਾ ਸੀ। ਕਿਸੇ ਜ਼ਮਾਨੇ ਵਿਚ ਇਹ ਸਥਾਨ ਜੋ ਜਮਨਾ ਦੇ ਕੰਢੇ ਪੁਰਾਣੀ ਦਿੱਲੀ ਵਿਚ ਹੈ, ਮੈਟਕਾਫ਼ ਦਾ ਜਾਤੀ ਮਕਾਨ ਸੀ। ਰੀਟਾਇਰ ਹੋਣ ਪਿਛੋਂ ਉਹ ਗੌਰਮਿੰਟ ਨੂੰ ਦੇ ਗਿਆ। ਇਸ ਇਮਤਿਹਾਨ ਵਿਚ ਮੇਰਾ ਉਨ੍ਹੀਵਾਂ ਨੰਬਰ ਆਇਆ 173 ਉਮੀਦਵਾਰਾਂ ਵਿਚੋਂ ਬੋਟਨੀ, ਜ਼ੁਆਲੋਜੀ ਵਿਚੋਂ ਜਿਨ੍ਹਾਂ ਮੈਨੂੰ ਕਾਫ਼ੀ ਉਮੀਦ ਸੀ, ਘੱਟ ਨੰਬਰ ਆਏ। (ਪੰਨਾ 94)

### 4.4.5 ਕਲਪਨਾ (imagination)

ਸਾਹਿੱਤ ਵਿਚ ਕਲਪਨਾ ਦਾ ਬਹੁਤ ਮਹੱਤਵ ਹੈ। ਵਿਅਕਤੀ ਨੂੰ ਜੋ ਚੀਜ਼ਾਂ ਵਾਸਤਵ ਵਿਚ ਉਪਲਬਧ ਨਹੀਂ ਹੁੰਦੀਆਂ, ਉਹ ਉਨ੍ਹਾਂ ਦੀ ਕਲਪਨਾ ਕਰ ਲੈਂਦਾ ਹੈ। ਸਿਮ੍ਰਤੀ (memory) ਜੀਵਨ ਦੇ ਬਹੁਤ ਸਾਰੇ ਵੇਰਵਿਆਂ ਨੂੰ ਸਾਂਭ ਕੇ ਰੱਖਦੀ ਹੈ ਅਤੇ ਇਨਸਾਨ ਨੂੰ ਜਦੋਂ ਕਿਸੇ ਵੇਰਵੇ ਦੀ ਜ਼ਰੂਰਤ ਪੈਂਦੀ ਹੈ ਤਾਂ ਉਹ ਵੇਰਵਾ ਆਪਣੇ ਆਪ ਸਿਮ੍ਰਤੀ-ਭੰਡਾਰ ਵਿਚੋਂ ਉੱਠ ਕੇ ਬਾਹਰ ਆ ਜਾਂਦਾ ਹੈ। ਬਚਪਨ ਅਤੇ ਚੜ੍ਹਦੀ ਜਵਾਨੀ ਵਿਚ ਉਰਦੂ ਅਤੇ ਅੰਗਰੇਜ਼ੀ ਸਾਹਿੱਤ ਪੜ੍ਹਦਾ ਰਹਿਣ ਕਰ ਕੇ ਉਸ ਦੀ ਕਲਪਨਾ ਕਾਫ਼ੀ ਸ਼ਕਤੀਸ਼ਾਲੀ ਹੋ ਗਈ ਸੀ। ਉਸ ਦੀ ਕਲਪਨਾ ਦਾ ਇਕ ਚਮਤਕਾਰ ਵੇਖੋ :

> ਮੇਰੇ ਖਿਆਲ ਵਿਚ ਕਿਸੇ ਦੁਕਾਨਦਾਰ ਦਾ ਲੀਡਰ ਬਣਨਾ ਅਸੰਭਵ ਹੈ ਕਿਉਂਕਿ ਲੀਡਰ ਗਿਣਤੀਆਂ-ਮਿਣਤੀਆਂ ਵਿਚ ਨਹੀਂ ਪੈ ਸਕਦਾ। ਲੀਡਰ ਨੂੰ ਹਮੇਸ਼ਾਂ ਨਫ਼ਾ-ਨੁਕਸਾਨ ਹੀ ਨਹੀਂ ਸੋਚਣਾ ਚਾਹੀਦਾ। ਇਸ ਤੋਂ

> ਮੈਨੂੰ ਛੋਟੂ ਰਾਮ ਦਾ ਮਖ਼ੌਲ ਯਾਦ ਆਉਂਦਾ ਹੈ। ਕਿਸੇ ਲਾਲਾ ਜੀ ਤੋਂ ਮਰਨ ਸਮੇਂ ਪੁੱਛਿਆ ਗਿਆ ਕਿ ਸਵਰਗ ਵਿਚ ਜਾਣਾ ਹੈ ਜਾਂ ਨਰਕ ਵਿਚ ? ਉੱਤਰ ਦਿੱਤਾ ਉਥੇ ਭੇਜ ਦਿਉ ਜਿਥੇ ਮੁਨਾਫ਼ਾ ਜ਼ਿਆਦਾ ਹੁੰਦਾ ਹੋਵੇ। (ਪੰਨਾ 184)

### 4.4.6 ਭਾਵਨਾ (emotion)

ਵਿਗਿਆਨਕ ਲੋਕ ਜ਼ਿਆਦਾ ਭਾਵਨਾਤਮਕ ਨਹੀਂ ਹੁੰਦੇ ਬਲਕਿ ਬੌਧਿਕ ਹੁੰਦੇ ਹਨ ਪਰੰਤੂ ਡਾ. ਰੰਧਾਵਾ ਭਾਵਨਾ ਅਤੇ ਬੌਧਿਕਤਾ ਦਾ ਸੁੰਦਰ ਸੁਮੇਲ ਸੀ। ਉਹ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਸਮੇਂ ਸੰਕੋਚ ਨਹੀਂ ਸੀ ਕਰਦਾ। *'ਆਪ ਬੀਤੀ'* ਵਿਚ ਭਾਵਨਾਵਾਂ ਦਾ ਉਚਿਤ ਨਿਰੂਪਣ ਹੋਣ ਕਰਕੇ ਇਹ ਸ੍ਵੈਜੀਵਨੀ ਪਾਠਕਾਂ ਦੇ ਮਨਾਂ ਵਿਚ ਵਿਭਿੰਨ ਪ੍ਰਕਾਰ ਦੇ ਰਸਾਂ ਦਾ ਵੀ ਸੰਚਾਰ ਕਰਦੀ ਹੈ। ਸ਼ਿੰਗਾਰ, ਕਰੁਣਾ, ਬੀਰ, ਹਾਸ ਅਤੇ ਅਦਭੁਤ ਆਦਿਕ ਬਹੁਤ ਸਾਰੇ ਰਸ ਇਸ ਰਚਨਾ ਵਿਚ ਦੇਖੇ-ਮਾਣੇ ਜਾ ਸਕਦੇ ਹਨ :

> ਕੁਦਰਤ ਦੀ ਖ਼ੂਬਸੂਰਤੀ, ਪਹਾੜਾਂ ਦੀ ਚੁੱਪ, ਦੁਨੀਆਂ ਦੇ ਸਭ ਝਗੜੇ-ਝੇੜੇ ਭੁਲਾ ਦਿੰਦੀ ਹੈ। ਮਨੁੱਖ ਮਹਿਸੂਸ ਕਰਦਾ ਹੈ ਕਿ ਉਹ ਵੱਡੀ ਤਾਕਤ, ਜਿਸ ਨੇ ਇਹ ਸਾਰਾ ਖੇਲ੍ਹ ਰਚਾਇਆ ਹੈ, ਪਹਾੜਾਂ ਤੇ ਜੰਗਲਾਂ ਦੀ ਸ਼ਾਂਤੀ ਵਿਚ ਹੀ ਵਸਦੀ ਹੈ। ਅਸੀਂ ਇਸ ਸੂਖਸ਼ਮ ਰੂਹ ਨੂੰ ਗੁਰਦੁਆਰਿਆਂ, ਮੰਦਰਾਂ ਵਿਚੋਂ ਲਾਊਡ ਸਪੀਕਰਾਂ ਦਾ ਸ਼ੋਰ ਮਚਾ ਕੇ ਦੂਰ ਭਜਾ ਦਿੰਦੇ ਹਾਂ। ਜਿਵੇਂ ਸਾਡੇ ਲੋਕ ਤਾਲੀ ਮਾਰ ਕੇ ਬਨੇਰੇ ਤੋਂ ਕਾਂ ਉਡਾ ਦਿੰਦੇ ਹਨ। ਮਜ਼ਹਬ ਦੇ ਜਨੂੰਨੀ ਇਸ ਪਵਿੱਤਰ ਸੁੰਦਰਤਾ ਨੂੰ ਗਿਰਜਿਆਂ, ਮੰਦਰਾਂ ਤੇ ਮਸੀਤਾਂ ਦੀ ਚਾਰ ਦੀਵਾਰੀ ਵਿਚ ਘੇਰਨ ਦੀ ਕੋਸ਼ਿਸ਼ ਕਰਦੇ ਹਨ ਪਰ ਇਸ ਨੂੰ ਪਾ ਨਹੀਂ ਸਕਦੇ। (ਪੰਨਾ 237)

### 4.4.7 ਸ਼ੈਲੀ ਅਤੇ ਸ਼ਬਦਾਵਲੀ (Style & diction)

ਸਾਹਿੱਤ ਰਚਨਾ ਵਿਚ ਸ਼ੈਲੀ (style) ਦਾ ਬਹੁਤ ਮਹਤਵ ਹੈ। 'ਸਟਾਈਲ' ਸ਼ਬਦ ਦੀ ਉਤਪਤੀ ਇਕ ਲਾਤੀਨੀ ਸ਼ਬਦ 'ਸਟਾਈਲੋ' (Stylo) ਵਿਚੋਂ ਹੋਈ ਹੈ। ਜਿਸ ਦੇ ਅਰਥ ਹਨ : ਲਿਖਣ ਵਾਲੀ ਨੋਕਦਾਰ ਕਲਮ। ਪਿਛਲੇ ਜ਼ਮਾਨੇ ਉਪਰ ਰੁੱਖਾਂ ਦੇ ਛਿਲਕਿਆਂ, ਪੱਥਰ ਦੇ ਟੁਕੜਿਆਂ ਜਾਂ ਮੋਮ ਉਪਰ ਕਿਸੇ ਤਿੱਖੀ ਚੁੰਝ ਵਾਲੀ ਕਲਮ ਨਾਲ ਲਿਖਿਆ ਜਾਂਦਾ ਸੀ। ਅਜੋਕੇ ਦੌਰ ਵਿਚ ਉਸ ਵਿਧੀ ਨੂੰ ਚੰਗਾ ਸਟਾਈਲ (ਸ਼ੈਲੀ) ਕਿਹਾ ਜਾਂਦਾ ਹੈ। ਜੋ ਪੜ੍ਹਨ-ਸੁਣਨ ਵਾਲਿਆਂ ਦੇ ਸਿੱਧਾ ਸੀਨੇ ਉਪਰ ਉਕਰਿਆ ਜਾਵੇ। ਸ਼ੈਲੀ ਦਾ ਇਕ ਹੋਰ ਗੁਣ, ਇਸ ਵਿਚ ਲੇਖਕ ਦੀ ਸ਼ਖ਼ਸੀਅਤ ਦੀ ਅਭਿਵਿਅਕਤੀ ਵੀ ਹੈ। ਇਕ ਅੰਗਰੇਜ਼ ਲੇਖਕ ਬਫ਼ਨ (Buffon) ਨੇ ਸ਼ੈਲੀ ਨੂੰ ਪਰਿਭਾਸ਼ਿਤ ਕਰਦਿਆਂ ਹੋਇਆ ਲਿਖਿਆ ਸੀ, "Style is the man himself." ਜਿਸ ਤਰ੍ਹਾਂ ਹਰ ਵਿਅਕਤੀ ਦੀ ਸ਼ਖ਼ਸੀਅਤ ਵੱਖ-ਵੱਖ ਹੁੰਦੀ ਹੈ, ਉਸੇ ਪ੍ਰਕਾਰ ਲੇਖਕਾਂ ਦੀ ਸ਼ੈਲੀ ਵੀ ਨਿੱਖੜਵੀਂ ਅਤੇ ਨਿਆਰੀ ਹੋਣੀ ਚਾਹੀਦੀ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ਼ੈਲੀ ਉਸ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਨਾਲ ਪ੍ਰਕਾਸ਼ਮਾਨ ਕਰ ਦਿੰਦੀ ਹੈ। ਉਹ ਜਿਸ ਤਰ੍ਹਾਂ ਦਾ ਸੁਦ੍ਰਿੜ੍ਹ ਅਤੇ ਸਾਫ਼ਗੋਅ (ਖਰੀ-ਖਰੀ ਗੱਲ ਕਹਿਣ ਵਾਲਾ) ਅਫ਼ਸਰ ਸੀ, ਉਸ ਦੀ ਸ਼ੈਲੀ ਵੀ ਉਸੇ ਤਰ੍ਹਾਂ ਸਪੱਸ਼ਟ ਅਤੇ ਸੁਦ੍ਰਿੜ੍ਹ ਹੈ। ਉਹ ਜੋ ਕੁਝ ਕਹਿੰਦਾ ਹੈ, ਪਾਠਕਾਂ ਨੂੰ ਪੂਰੀ ਤਰ੍ਹਾਂ ਨਾਲ ਸਮਝ ਆ ਜਾਂਦਾ ਹੈ। ਉਸ ਦੀ ਸ਼ੈਲੀ ਕਿਸੇ ਪ੍ਰਕਾਰ ਦਾ ਭਰਮ-ਭੁਲੇਖਾ ਨਹੀਂ ਸਿਰਜਦੀ। ਇਕ ਉਦਾਹਰਣ ਦੇਖੋ :

> ਕਾਂਗੜੇ ਦੇ ਜਿਤਨੇ ਵੀ ਚਿੱਤਰਕਾਰ ਹਨ, ਸਭ ਇਹੀ ਸ਼ਿਕਾਇਤ ਕਰ ਰਹੇ ਹਨ ਕਿ ਹੁਣ ਉਨ੍ਹਾਂ ਦੀ ਕੋਈ ਸਰਪ੍ਰਸਤੀ ਨਹੀਂ ਕਰਦਾ। ਉਨ੍ਹਾਂ ਦੇ ਉਦਾਸ ਚਿਹਰਿਆਂ ਤੇ ਭੁੱਖੀਆਂ ਨਜ਼ਰਾਂ ਤੋਂ ਮੈਨੂੰ ਲੱਗਦਾ ਸੀ ਕਿ ਜੋ ਕੁਝ ਉਹ ਕਹਿ ਰਹੇ ਹਨ ਗ਼ਲਤ ਨਹੀਂ। ਤਾਂ ਵੀ ਇਨ੍ਹਾਂ ਲੋਕਾਂ ਵਿਚ ਬਹੁਤ ਸ੍ਵੈਭਰੋਸਾ ਹੈ। ਉਹ ਮੰਨਦੇ ਹਨ ਕਿ ਜੇ ਉਨ੍ਹਾਂ ਨੂੰ ਵੀ ਉਹੀ ਮੌਕੇ ਦਿੱਤੇ ਜਾਣ, ਜਿਹੜੇ ਉਨ੍ਹਾਂ ਦੇ ਵਡੇਰਿਆਂ ਨੂੰ ਮਿਲੇ ਸਨ ਤਾਂ ਉਹ ਵੀ ਉਨ੍ਹਾਂ ਵਰਗਾ ਕੰਮ ਕਰ ਸਕਦੇ ਹਨ। ਉਹ ਆਪਣੇ ਮੂੰਹੋਂ ਭਾਵੇਂ ਕੁਝ ਵੀ ਕਹਿਣ, ਇਸ ਵਿਚ ਇਨਕਾਰ ਨਹੀਂ ਕਿ ਅਜ ਕਲ੍ਹ ਦੇ ਚਿਤਰਕਾਰਾਂ ਦਾ ਕੰਮ ਪੁਰਾਣੇ ਚਿਤਰਕਾਰਾਂ ਤੋਂ ਬਹੁਤ ਨਖਿੱਧ ਹੈ। (ਪੰਨਾ 305)

ਡਾ. ਰੰਧਾਵਾ ਦੀ ਸ਼ੈਲੀ ਦੀਆਂ ਕਈ ਵੰਨਗੀਆਂ ਹਨ : 1. ਵਸਤੂਮੁਖ ਸ਼ੈਲੀ, 2. ਸੁਹਜਮਈ ਸ਼ੈਲੀ, 3. ਵਾਰਤਾਲਾਪਮਈ ਸ਼ੈਲੀ, 4. ਵਿਅੰਗਾਤਮਕ ਸ਼ੈਲੀ, 5. ਵਿਸ਼ਲੇਸ਼ਣਾਤਮਕ ਸ਼ੈਲੀ। ਵਿਸ਼ੈ ਦੀ ਮੰਗ ਅਨੁਸਾਰ ਉਹ ਆਪਣੇ ਸ਼ੈਲੀਆਂ ਵਿਚ ਬਦਲਾਉ ਕਰਦਾ ਜਾਂਦਾ ਹੈ ਪਰੰਤੂ ਇਹ ਬਦਲਾਉ ਏਨੇ ਸਹਿਜ-ਸੁਭਾਵਿਕ ਰੂਪ ਵਿਚ ਵਾਪਰਦੇ ਹਨ ਕਿ ਪਾਠਕਾਂ ਨੂੰ ਪਤਾ ਵੀ ਨਹੀਂ ਚਲਦਾ। ਇਸ ਦਾ ਕਾਰਨ ਉਸ ਦੀ ਉਦਾਰ ਅਤੇ ਸੁਦ੍ਰਿੜ੍ਹ ਸ਼ਖ਼ਸੀਅਤ ਹੈ। ਲੇਖਕ ਦੀ ਸ਼ਬਦਾਵਲੀ ਵਿਚ ਹਿੰਦੁਸਤਾਨ ਦੀ ਆਤਮਾ ਸਮਾਈ ਹੋਈ ਹੈ। ਉਸ ਦੀ ਸ਼ਬਦਾਵਲੀ ਕੇਂਦਰੀ ਪੰਜਾਬੀ ਬੋਲੀ ਵਿਚੋਂ ਲਈ ਗਈ ਹੈ ਪਰ ਇਸ ਵਿਚ ਅੰਗਰੇਜ਼ੀ, ਉਰਦੂ ਅਤੇ ਹਿੰਦੀ ਦੇ ਬਹੁਤ ਸਾਰੇ

ਸ਼ਬਦਾਂ ਦਾ ਛਿੱਟਾ ਦਿੱਤਾ ਗਿਆ ਹੈ। ਇਸ ਕਾਰਨ ਇਹ ਸਮਝਣ ਵਿਚ ਬਹੁਤ ਆਸਾਨ ਹੋ ਗਈ ਹੈ। ਇਸ ਵਿਚ ਸੰਚਾਰ ਦੀ ਸਮੱਸਿਆ ਬਿਲਕੁੱਲ ਨਹੀਂ ਹੈ। ਇਕ ਉਦਾਹਰਣ ਦੇਖੋ :

> ਚੰਡੀਗੜ੍ਹ ਪ੍ਰਾਜੈਕਟ ਮੁਤੱਲਕ ਸਾਰੀ ਦੁਨੀਆਂ ਵਿਚ ਦਿਲਚਸਪੀ ਹੈ। ਮੈਂ ਸੋਚਿਆ ਇਸ ਵਿਚ ਮਿਊਜ਼ੀਅਮ ਬਣਾਇਆ ਜਾਵੇ ਜਿਸ ਵਿਚ ਚੰਡੀਗੜ੍ਹ ਦੀਆਂ ਸਾਰੀਆਂ ਮਹੱਤਵਪੂਰਨ ਇਮਾਰਤਾਂ ਦੀਆਂ ਤਸਵੀਰਾਂ ਹੋਣ। ਇਹ ਮਿਊਜ਼ੀਅਮ ਉਸ ਨਵੀਂ ਬਿਲਡਿੰਗ ਵਿਚ ਸਥਾਪਤ ਕੀਤਾ ਗਿਆ ਜਿਥੇ ਅੱਜ ਕਲ੍ਹ ਚੀਫ਼ ਕਮਿਸ਼ਨਰ ਤੇ ਆਰਕੀਟੈਕਟਾਂ ਦਾ ਦਫ਼ਤਰ ਹੈ। ਇਸ ਮਿਊਜ਼ੀਅਮ ਦੇ ਕੋਨੇ ਵਿਚ ਜਾਨਰੇ ਦੇ ਘਰ ਦਾ ਸਮਾਨ ਵੀ ਹੈ। ਮੈਂ ਸੋਚਦਾ ਹਾਂ ਕਿ ਕਾਰਬੂਜ਼ੀਏਰ ਦੇ ਬਾਅਦ ਜਾਨਰੇ ਨੇ ਸਭ ਤੋਂ ਜ਼ਰੂਰੀ ਕੰਮ ਬੜੀ ਲਗਨ ਨਾਲ ਕੀਤਾ ਪਰ ਸ਼ਰਮ ਦੀ ਗੱਲ ਹੈ ਕਿ ਉਸ ਦੀ ਕਿਸੇ ਨੇ ਕਦਰ ਨਾ ਪਾਈ। (ਪੰਨਾ 380)

### 4.5.1 ਡਾ. ਰੰਧਾਵਾ ਦਾ ਪੰਜਾਬੀ ਵਾਰਤਕ ਵਿਚ ਸਥਾਨ

ਪੰਜਾਬੀ ਵਿਚ ਸ੍ਵੈਜੀਵਨੀ ਸਾਹਿਤ ਕਾਫ਼ੀ ਮਾਤਰਾ ਵਿਚ ਲਿਖਿਆ ਗਿਆ ਹੈ। 'ਐਨਸਾਈਕਲੋਪੇਡੀਆ ਬ੍ਰਿਟੈਨਿਕਾ' ਅਨੁਸਾਰ 'ਸ੍ਵੈਜੀਵਨੀ' ਉਸ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਕੋਈ ਰਚਨਾਕਾਰ ਆਪਣੇ ਜੀਵਨ ਬਾਰੇ ਆਪ ਲਿਖੇ। 'ਡਿਕਸ਼ਨਰੀ ਆਫ਼ ਵਰਲਡ ਲਿਟਰੇਰੀ ਟਰਮਜ਼' ਅਨੁਸਾਰ 'ਸ੍ਵੈਜੀਵਨੀ' ਲੇਖਕ ਦੇ ਜੀਵਨ ਨਾਲ ਸੰਬੰਧਿਤ ਉਹ ਬਿਰਤਾਂਤ ਹੁੰਦਾ ਹੈ ਜਿਸ ਵਿਚ ਵਿਸਤਾਰ ਸਹਿਤ ਪਿਛੋਕੜ ਦੀ ਥਾਂ ਤੇ, ਅੰਦਰਲੀ ਮਨੋਦਸ਼ਾ ਅਤੇ ਜੀਵਨ ਦੀ ਮਹਾਨਤਾ ਉਤੇ ਬਲ ਦਿੱਤਾ ਜਾਂਦਾ ਹੈ। ਡਾ. ਮਹਿੰਦਰ ਪਾਲ ਕੋਹਲੀ ਅਨੁਸਾਰ ਆਤਮਕਥਾ ਕਿਸੇ ਲੇਖਕ ਦੇ ਜੀਵਨ ਦਾ ਕ੍ਰਮਬੱਧ ਬਿਰਤਾਂਤ ਹੁੰਦਾ ਹੈ। ਇਸ ਵਿਧਾ ਰਾਹੀਂ ਲੇਖਕ ਆਪਣੇ ਜੀਵਨ ਅਨੁਭਵ ਨੂੰ ਸੱਚੇ ਅਤੇ ਸ਼ੁੱਧ ਰੂਪ ਵਿਚ ਅਭਿਵਿਅਕਤ ਕਰਨ ਦਾ ਪ੍ਰਯਾਸ ਕਰਦਾ ਹੈ ਅਤੇ ਆਪਣੇ ਤਜਰਬਿਆਂ ਨੂੰ ਪੇਸ਼ ਕਰਦਾ ਹੈ। ਇਸੇ ਕਾਰਨ ਮਹਾਤਮਾ ਗਾਂਧੀ ਨੇ ਆਪਣੀ ਸ੍ਵੈਜੀਵਨੀ ਦਾ ਨਾਮ *'ਮਾਈ ਐਕਸਪੈਰੀਮੈਂਟਸ ਵਿਦ ਟਰੁਥ'* ਰੱਖਿਆ ਸੀ। ਪੰਜਾਬੀ, ਵਿਚ ਸ੍ਵੈਜੀਵਨੀ ਲਿਖਣ ਦੀ ਪਰੰਪਰਾ ਗੁਰੂ ਗੋਬਿੰਦ ਸਿੰਘ ਦੀ ਮਹਾਨ ਰਚਨਾ *'ਬਚਿਤ੍ਰ ਨਾਟਕ'* ਨਾਲ ਸ਼ੁਰੂ ਹੁੰਦੀ ਹੈ। ਇਸ ਵਿਚ ਇਕ ਪ੍ਰਮਾਣਿਕ ਸ੍ਵੈਜੀਵਨੀ ਵਾਲੇ ਸਾਰੇ ਗੁਣ-ਤੱਤ ਮੌਜੂਦ ਹਨ।

ਆਧੁਨਿਕ ਕਾਲ ਵਿਚ ਪ੍ਰੋ. ਪੂਰਨ ਸਿੰਘ (*ਜੀਵਨ ਦੇ ਰਾਹਾਂ ਤੇ*), ਪ੍ਰਿੰਸੀਪਲ ਸਾਹਿਬ ਸਿੰਘ (*ਮੇਰੀ ਜੀਵਨ ਕਹਾਣੀ*), ਸ. ਗੁਰਬਖਸ਼ ਸਿੰਘ ਪ੍ਰੀਤਲੜੀ (*ਮੇਰੀ ਜੀਵਨ ਕਹਾਣੀ*), ਸ. ਨਾਨਕ ਸਿੰਘ (*ਮੇਰੀ ਦੁਨੀਆਂ*), ਅੰਮ੍ਰਿਤਾ ਪ੍ਰੀਤਮ (*ਰਸੀਦੀ ਟਿਕਟ*), ਸ. ਮਹਿੰਦਰ ਸਿੰਘ ਜੋਸ਼ੀ (*ਮੇਰੇ ਪੱਤੇ ਮੇਰੀ ਖੇਡ*), ਸ. ਸੰਤੋਖ ਸਿੰਘ ਧੀਰ (*ਬ੍ਰਿਹਸਪ੍ਰਤੀ*), ਡਾ. ਦਲੀਪ ਕੌਰ ਟਿਵਾਣਾ (*ਨੰਗੇ ਪੈਰਾਂ ਦਾ ਸਫ਼ਰ*), ਅਜੀਤ ਕੌਰ (*ਖ਼ਾਨਾਬਦੋਸ਼*) ਅਤੇ ਵਣਜਾਰਾ ਬੇਦੀ (*ਗਲੀਏ ਚਿਕੜ ਦੂਰਿ ਘਰੁ*) ਆਦਿ ਲੇਖਕਾਂ ਦੀਆਂ ਸ੍ਵੈਜੀਵਨੀਆਂ ਕਾਫ਼ੀ ਪ੍ਰਸਿੱਧ ਹੋਈਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਸਾਹਿਤਕ ਸ੍ਵੈਜੀਵਨੀਆਂ ਦੀ ਇਕ ਲੜੀ ਸ਼ੁਰੂ ਕੀਤੀ ਗਈ ਹੈ। ਜਿਸ ਦੇ ਅੰਤਰਗਤ ਪ੍ਰੋ. ਅਜਮੇਰ ਸਿੰਘ ਔਲਖ, ਚਰਨਦਾਸ ਸਿੱਧੂ, ਰਾਮ ਸਰੂਪ ਅਣਖੀ ਅਤੇ ਹੋਰ ਬਹੁਤ ਸਾਰੇ ਲੇਖਕਾਂ ਦੀਆਂ ਸ੍ਵੈਜੀਵਨੀਆਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਡਾ. ਜਸਵੰਤ ਸਿੰਘ ਨੇਕੀ ਨੇ ਕਵਿਤਾ ਦੇ ਮਾਧਿਅਮ ਰਾਹੀਂ ਆਪਣੀ ਸ੍ਵੈਜੀਵਨੀ 'ਕੋਈ ਨਾਉਂ ਨਾ ਜਾਣੇ ਮੇਰਾ' ਦੀ ਰਚਨਾ ਕੀਤੀ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ੍ਵੈਜੀਵਨੀ *'ਆਪ ਬੀਤੀ'* ਇਨ੍ਹਾਂ ਸਾਰੀਆਂ ਸਵੈਜੀਵਨੀਆਂ ਵਿਚ ਇਕ ਮਹੱਤਵਪੂਰਨ ਸਥਾਨ ਰਖਦੀ ਹੈ। ਇਸ ਵਿਚ ਵੀਹਵੀਂ ਸਦੀ ਦੇ ਭਾਰਤ ਦੀਆਂ ਚੁਣੌਤੀਆਂ, ਆਜ਼ਾਦੀ ਦਾ ਸੰਘਰਸ਼ ਅਤੇ ਆਜ਼ਾਦ ਭਾਰਤ ਦੇ ਨਵ-ਨਿਰਮਾਣ ਦੀ ਗੌਰਵ-ਗਾਥਾ ਅੰਕਿਤ ਹੈ। ਇਹ ਸ੍ਵੈਜੀਵਨੀ ਜਿੰਨੀ ਡਾ. ਰੰਧਾਵਾ ਦੀ ਹੈ, ਉਨੀ ਹੀ ਸਮੁੱਚੇ ਪੰਜਾਬ ਅਤੇ ਪੰਜਾਬੀਆਂ ਦੀ ਵੀ ਹੈ। ਦੇਸ਼-ਵੰਡ ਦਾ ਸੰਤਾਪ, ਸ਼ਰਨਾਰਥੀਆਂ ਦਾ ਪੁਨਰ-ਵਸੇਬਾ, ਘਰਾਂ ਅਤੇ ਜ਼ਮੀਨਾਂ ਦੀ ਅਲਾਟਮੈਂਟ, ਪੰਜਾਬ ਵਿਚ ਚੱਕਬੰਦੀ ਅਤੇ ਸੜਕਾਂ ਦਾ ਜਾਲ, ਪਿੰਡਾਂ ਵਿਚ ਲਾਇਬਰੇਰੀਆਂ ਦੀ ਸਥਾਪਨਾ, ਚੰਡੀਗੜ੍ਹ ਦੀ ਸੰਭਾਲ ਅਤੇ ਸੁੰਦਰੀਕਰਨ ਆਦਿਕ ਵਿਸ਼ਿਆਂ ਨੇ ਇਸ ਪੁਸਤਕ ਦਾ ਮਹੱਤਵ ਕਿਸੇ ਵਿਅਕਤੀ ਵਿਸ਼ੇਸ਼ ਤਕ ਨਹੀਂ ਰਹਿਣ ਦਿੱਤਾ ਬਲਕਿ ਸਮੁੱਚੇ ਪੰਜਾਬ ਤਕ ਫੈਲਾਅ ਦਿੱਤਾ ਹੈ। ਏਨੇ ਵਿਸ਼ਾਲ ਅਤੇ ਵਿਰਾਟ ਕੈਨਵਸ ਦੀ ਸ੍ਵੈਜੀਵਨੀ ਆਧੁਨਿਕ ਪੰਜਾਬੀ ਸਾਹਿੱਤ ਵਿਚ ਹੋਰ ਕੋਈ ਨਹੀਂ। ਇਸ ਲਈ ਇਸ ਦਾ ਸਤਿਕਾਰ ਕਰਨਾ ਬਣਦਾ ਹੈ।

### 4.5.2 'ਆਪ ਬੀਤੀ' ਦੀ ਵਿਲੱਖਣਤਾ

'ਆਪ ਬੀਤੀ' ਪੰਜਾਬੀ ਸ੍ਵੈਜੀਵਨੀ ਸਾਹਿੱਤ ਵਿਚ ਇਕ ਵਿਲੱਖਣ ਸਥਾਨ ਰੱਖਣ ਵਾਲੀ ਰਚਨਾ ਹੈ। ਇਸ ਦੇ ਕਰਤਾ ਡਾ. ਮਹਿੰਦਰ ਸਿੰਘ ਰੰਧਾਵਾ ਨੇ ਇਹ ਸ੍ਵੈਜੀਵਨੀ ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿਚ ਲਿਖੀ ਸੀ। ਇਸ ਵਿਚ 1908 ਈ. ਤੋਂ ਲੈ

ਕੇ 1985 ਤਕ ਦੇ ਵੇਰਵੇ ਸੰਕਲਿਤ ਹਨ। ਲੇਖਕ ਦਾ ਪਿਤਾ ਸ. ਸ਼ੇਰ ਸਿੰਘ ਇਕ ਸਰਕਾਰੀ ਅਫ਼ਸਰ (ਤਹਿਸੀਲਦਾਰ) ਸੀ। ਦੋ-ਤਿੰਨ ਵਰ੍ਹਿਆਂ ਬਾਅਦ ਉਸ ਦਾ ਤਬਾਦਲਾ ਹੁੰਦਾ ਰਹਿੰਦਾ ਸੀ। ਲੇਖਕ ਦਾ ਆਪਣਾ ਪਿੰਡ ਬੋਦਲਾਂ (ਜ਼ਿਲ੍ਹਾ ਹੁਸ਼ਿਆਰਪੁਰ), ਦੁਆਬੇ ਦਾ ਇਕ ਛੋਟਾ ਜਿਹਾ ਪਿੰਡ ਸੀ ਪਰੰਤੂ ਉਸ ਦੇ ਪਿਤਾ ਦੀ ਨਿਯੁਕਤੀ ਕਿਸੇ ਜ਼ਿਲ੍ਹੇ ਜਾਂ ਤਹਿਸੀਲ ਦੇ ਹੈੱਡ-ਕੁਆਰਟਰ ਉਪਰ ਹੀ ਹੋ ਸਕਦੀ ਸੀ। ਹਰ ਤਹਿਸੀਲ ਵਿਚ ਕੋਈ ਚੰਗਾ ਸਕੂਲ ਵੀ ਹੁੰਦਾ ਸੀ। ਇਸ ਲਈ ਮਹਿੰਦਰ ਸਿੰਘ ਅਤੇ ਉਸ ਦਾ ਭਰਾ ਆਪਣੇ ਪਿਤਾ ਦੇ ਨਾਲ ਹੀ ਰਹਿੰਦੇ ਸਨ। ਇਸ ਪ੍ਰਕਾਰ ਲੇਖਕ ਨੇ ਪੜ੍ਹਾਈ ਦੌਰਾਨ ਜ਼ੀਰਾ, ਸਮਰਾਲਾ, ਨਵਾਂ ਸ਼ਹਿਰ, ਕਰਤਾਰਪੁਰ, ਊਨਾ, ਫਲੌਰ, ਮੁਕਤਸਰ ਅਤੇ ਲਾਹੌਰ ਵਰਗੇ ਬਹੁਤ ਸਾਰੇ ਸ਼ਹਿਰ ਗਾਹ ਮਾਰੇ ਸਨ। ਵੱਖ-ਵੱਖ ਸ਼ਹਿਰਾਂ ਵਿਚ ਨਿਵਾਸ ਕਰਨ ਨਾਲ ਲੇਖਕ ਦਾ ਅਨੁਭਵ ਬਹੁਤ ਵਿਸ਼ਾਲ ਹੋ ਗਿਆ ਸੀ। ਉਸ ਦੀ ਸ਼ਖ਼ਸੀਅਤ ਸੰਤੁਲਿਤ ਅਤੇ ਗਹਿਰ-ਗੰਭੀਰ ਬਣ ਗਈ ਸੀ। ਉਸ ਦੀ ਲੇਖਣੀ ਵਿਚ ਸ਼ਖ਼ਸੀਅਤ ਦੇ ਇਹ ਪੱਖ ਦੇਖੇ ਜਾ ਸਕਦੇ ਹਨ।

### 4.5.3 ਇਤਿਹਾਸਕ ਕਾਲਕ੍ਰਮ ਨੂੰ ਤਰਜੀਹ

ਆਧੁਨਿਕ ਯੁੱਗ ਵਿਚ ਉਸੇ ਲਿਖਤ ਵੱਲ ਧਿਆਨ ਦਿੱਤਾ ਜਾਂਦਾ ਹੈ, ਜਿਸ ਉਪਰ ਇਤਿਹਾਸਕ ਕਾਲਕ੍ਰਮ ਦੀ ਛਾਪ ਲੱਗੀ ਹੋਵੇ। ਪਾਠਕ ਇਸ ਤੱਥ ਤੋਂ ਸੁਪਰਿਚਿਤ ਹਨ ਕਿ ਜੀਵਨ ਦਾ ਹਰ ਵੇਰਵਾ ਇਤਿਹਾਸ ਨਾਲ ਜੁੜ ਕੇ ਹੀ ਸਾਰਥਿਕ ਹੁੰਦਾ ਹੈ। ਪੁਰਾਤਨ ਸਮੇਂ ਦਾ ਬਹੁਤ ਸਾਰਾ ਸਾਹਿਤ ਇਸੇ ਲਈ ਅਪ੍ਰਾਸੰਗਿਕ ਹੋ ਗਿਆ ਹੈ ਕਿਉਂਕਿ ਉਸ ਵਿਚੋਂ ਇਤਿਹਾਸ ਨਜ਼ਰ ਨਹੀਂ ਆਉਂਦਾ। ਮਿਥਿਹਾਸ ਨੂੰ ਪੜ੍ਹਨ ਅਤੇ ਸਮਝਣ (ਡੀ-ਕੋਡ) ਦੀ ਅਜੇ ਸਾਡੇ ਲੋਕਾਂ ਨੂੰ ਜਾਚ ਨਹੀਂ ਆਈ। ਮਹਿੰਦਰ ਸਿੰਘ ਰੰਧਾਵਾ ਇਸ ਸ੍ਵੈਜੀਵਨੀ ਨੂੰ 1908 ਈ. ਤੋਂ ਸ਼ੁਰੂ ਕਰਦਾ ਹੈ ਅਤੇ ਸਹਿਜੇ-ਸਹਿਜੇ, ਕਾਲਕ੍ਰਮ ਅਨੁਸਾਰ ਅੱਗੇ ਵਧਦਾ ਹੋਇਆ ਇਸ ਨੂੰ 1985 ਈ. ਤਕ ਲੈ ਆਉਂਦਾ ਹੈ। ਉਸ ਨੂੰ ਹਰ ਸਥਾਨ (ਸ਼ਹਿਰ ਜਾਂ ਪਿੰਡ), ਅਤੇ ਸੰਨ-ਸੰਮਤ ਯਾਦ ਹੈ, ਜਿਸ ਬਾਰੇ ਉਹ ਆਪਣੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹੈ। ਉਦਾਹਰਣ ਲਈ ਜਦੋਂ ਉਹ 1924 ਈ. ਦੇ ਮੁਕਤਸਰ ਸ਼ਹਿਰ ਬਾਰੇ ਲਿਖਦਾ ਹੈ ਤਾਂ ਏਨੇ ਸੁਚੱਜੇ ਚਿੱਤਰ ਖਿੱਚਦਾ ਹੈ ਕਿ ਮੁਕਤਸਰ ਸ਼ਹਿਰ ਵਿਚ ਰਹਿਣ ਵਾਲੇ ਲੋਕ ਵੀ ਨਹੀਂ ਜਾਣਦੇ ਹੋਣਗੇ। ਖਾਲਸਾ ਹਾਈ ਸਕੂਲ ਦਾ ਹੈੱਡਮਾਸਟਰ ਹਰਭਗਤ ਸਿੰਘ, ਮੁਕਤਸਰ ਦਾ ਭਾਈ-ਪਰਿਵਾਰ ਅਤੇ ਗੁਰਦੁਆਰਾ ਸਾਹਿਬ ਦੇ ਪੁਜਾਰੀ ਆਦਿ ਸਭ ਸਾਡੀਆਂ ਅੱਖਾਂ ਦੇ ਸਾਹਮਣੇ ਜ਼ਿੰਦਾ-ਜਾਵੇਦ ਹੋ ਜਾਂਦੇ ਹਨ। ਕਰਤਾਰਪੁਰ ਸਾਹਿਬ ਦਾ ਸੋਢੀ ਪਰਿਵਾਰ, ਆਨੰਦਪੁਰ ਸਾਹਿਬ ਦੇ ਮੇਲੇ ਅਤੇ ਬੋਦਲਾਂ ਦੀਆਂ ਰੌਣਕਾਂ ਇਸ ਪੁਸਤਕ ਨੂੰ ਪੰਜਾਬ ਦਾ ਸਭਿਆਚਾਰਕ ਇਤਿਹਾਸ ਬਣਾ ਦਿੰਦੀਆਂ ਹਨ।

### 4.5.4 ਭਾਰਤ ਦੀਆਂ ਸਮੱਸਿਆਵਾਂ

ਅੰਗਰੇਜ਼ਾਂ ਨੇ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਾਸਤੇ ਡਿਪਟੀ ਕਮਿਸ਼ਨਰਾਂ ਦੀ ਪ੍ਰਣਾਲੀ ਸ਼ੁਰੂ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਅੰਗਰੇਜ਼ ਹਕੂਮਤ ਦੀ ਇਕ ਵੱਡੀ ਜ਼ਰੂਰਤ ਭਾਰਤੀ ਸਮਾਜ ਅਤੇ ਰਾਜਨੀਤੀ ਉਪਰ ਆਪਣਾ ਦਬਦਬਾ ਬਣਾਈ ਰੱਖਣਾ ਵੀ ਸੀ। ਡਿਪਟੀ ਕਮਿਸ਼ਨਰ ਹਰ ਉਸ ਵਿਅਕਤੀ ਜਾਂ ਸੰਸਥਾ ਦੀਆਂ ਗਤੀਵਿਧੀਆਂ ਉਪਰ ਪੈਨੀ (ਤਿੱਖੀ) ਨਜ਼ਰ ਰਖਦੇ ਸਨ, ਜੋ ਸਿੱਧੇ ਜਾਂ ਟੇਢੇ ਢੰਗ ਨਾਲ ਸਵਰਾਜ ਦੀ ਮੰਗ ਕਰਦੇ ਸਨ ਅਤੇ ਅੰਗਰੇਜ਼ੀ ਹਕੂਮਤ ਦਾ ਵਿਰੋਧ ਕਰਦੇ ਸਨ। ਹੁਣ ਭਾਵੇਂ ਦੇਸ਼ ਆਜ਼ਾਦ ਹੋ ਗਿਆ ਹੈ ਪਰ ਵੱਖ-ਵੱਖ ਪ੍ਰਾਦੇਸ਼ਿਕ ਸਰਕਾਰਾਂ ਅਜੇ ਵੀ ਇਨ੍ਹਾਂ ਅਫ਼ਸਰਾਂ ਰਾਹੀਂ ਆਪਣਿਆਂ ਨੂੰ ਸਨਮਾਨਿਤ ਅਤੇ ਵਿਰੋਧੀਆਂ ਨੂੰ ਪ੍ਰਤਾੜਿਤ ਕਰਨ ਦੀ ਨੀਤੀ ਉਪਰ ਚੱਲ ਰਹੀਆਂ ਹਨ। ਮਹਿੰਦਰ ਸਿੰਘ ਰੰਧਾਵਾ ਜਿਸ ਖੇਤਰ/ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ, ਸਕੱਤਰ ਜਾਂ ਕਮਿਸ਼ਨਰ ਬਣ ਕੇ ਗਿਆ, ਉਸ ਨੇ ਉਥੋਂ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕੀਤੀ ਅਤੇ ਇਨ੍ਹਾਂ ਦਾ ਸਮਾਧਾਨ ਢੂੰਡਣ ਦੇ ਸੁਹਿਰਦ ਯਤਨ ਕੀਤੇ। ਇਹੀ ਕਾਰਨ ਹੈ ਕਿ ਉਹ ਸਰਕਾਰ ਅਤੇ ਜਨਤਾ ਦੋਹਾਂ ਵਿਚ ਲੋਕਪ੍ਰਿਅ ਰਿਹਾ। ਗ਼ੁਲਾਮ ਭਾਰਤ ਵਿਚ ਉਸਨੇ ਜਾਗੀਰਦਾਰੀ ਪ੍ਰਥਾ ਨੂੰ ਸਭ ਤੋਂ ਵੱਡੀ ਸਮੱਸਿਆ ਦੇ ਰੂਪ ਵਿਚ ਪਛਾਣਿਆ ਸੀ। ਉਸ ਨੇ ਦੇਖਿਆ ਸੀ ਕਿ ਇਹ ਲੋਕ ਇਕ ਪ੍ਰਕਾਰ ਦੀਆਂ ਜੋਕਾਂ ਹਨ ਜੋ ਗ਼ਰੀਬ ਕਾਸ਼ਤਕਾਰਾਂ ਅਤੇ ਕਾਮਿਆਂ ਦਾ ਖ਼ੂਨ ਚੂਸਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਕਰਦੇ। ਉਹ ਸ਼ਰਾਬ ਪੀਣ, ਰੰਡੀਆਂ ਦਾ ਨਾਚ-ਗਾਣਾ ਸੁਣਨ, ਕਈ-ਕਈ ਸ਼ਾਦੀਆਂ ਰਚਾਉਣ ਅਤੇ ਰਖੇਲਾਂ ਦੇ ਨਾਜ਼-ਨਖ਼ਰਿਆਂ ਵਿਚ ਹੀ ਆਪਣੀ ਸਾਰੀ ਦੌਲਤ ਲੁਟਾ ਛੱਡਦੇ ਸਨ। ਮਹਿੰਦਰ ਸਿੰਘ ਰੰਧਾਵਾ ਨੇ ਆਪਣੀ ਪੂਰੀ ਨੌਕਰੀ ਦੇ ਦੌਰਾਨ ਇਸ ਜਮਾਤ ਨਾਲ ਨਾ ਤਾਂ ਕੋਈ ਵਾਹ-ਵਾਸਤਾ ਰੱਖਿਆ ਅਤੇ ਨਾ ਉਨ੍ਹਾਂ ਦੀ ਸਹਾਇਤਾ ਕੀਤੀ। ਉਹ ਆਪ ਲੋਕਾਂ ਦੀ ਬੇਹਤਰੀ ਅਤੇ ਕਲਿਆਣ ਵਾਸਤੇ ਕੰਮ ਕਰਦਾ ਰਿਹਾ।

### 4.5.6 ਗਰਾਮ ਸੁਧਾਰ

ਭਾਰਤ ਵਿਚ ਬ੍ਰੇਅਨ ਵਰਗੇ ਅਫ਼ਸਰਾਂ ਨੇ ਆਮ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਨ, ਸਾਖਰ ਬਣਾਉਣ ਅਤੇ ਛੂਤ-ਛਾਤ ਵਰਗੀਆਂ ਬੀਮਾਰੀਆਂ ਤੋਂ ਮੁਕਤ ਕਰਨ ਦੇ ਯਤਨ ਆਰੰਭੇ ਹੋਏ ਸਨ। ਡਾ. ਰੰਧਾਵਾ ਵੀ ਅਜਿਹੇ ਯਤਨਾਂ ਤੋਂ ਪੂਰੀ ਤਰ੍ਹਾਂ ਨਾਲ

ਮੁਤਾਸਿਰ (ਪ੍ਰਭਾਵਿਤ) ਸੀ। ਇਸ ਕਾਰਨ ਉਸ ਨੇ ਯੂ.ਪੀ. ਖੇਤਰ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਗਰਾਮ ਸੁਧਾਰ ਦੀ ਲਹਿਰ ਨੂੰ ਬੇਹੱਦ ਮਜ਼ਬੂਤ ਬਣਾ ਦਿੱਤਾ। ਪੰਜਾਬ ਦਾ ਵਿਕਾਸ ਕਮਿਸ਼ਨਰ ਬਣਨ ਪਿਛੋਂ ਉਸ ਨੇ ਪੰਜਾਬ ਦੇ ਹਰ ਵੱਡੇ ਪਿੰਡ ਵਿਚ ਇਕ-ਇਕ ਲਾਇਬਰੇਰੀ ਖੋਲ੍ਹ ਦਿਤੀ ਤਾਂ ਜੋ ਆਮ ਲੋਕ ਪੁਸਤਕਾਂ ਪੜ੍ਹ ਕੇ ਜਾਗਰੂਕ ਹੋ ਸਕਣ। ਉਸਨੇ ਕਲਾਕਾਰਾਂ ਅਤੇ ਲੇਖਕਾਂ ਦੀ ਖੁੱਲ੍ਹਦਿਲੀ ਨਾਲ ਮੱਦਦ ਕੀਤੀ। ਉਨ੍ਹਾਂ ਦੀਆਂ ਕ੍ਰਿਤੀਆਂ ਖਰੀਦੀਆਂ ਅਤੇ ਇਨ੍ਹਾਂ ਨੂੰ ਮਿਊਜ਼ੀਅਮਾਂ ਤੇ ਲਾਇਬਰੇਰੀਆਂ ਵਿਚ ਰੱਖਿਆ। ਕਲਾਕਾਰਾਂ ਦੀ ਆਰਥਿਕ ਸਹਾਇਤਾ ਕੀਤੀ। ਰਹਿਣ ਵਾਸਤੇ ਸਸਤੀਆਂ ਦਰਾਂ ਉਪਰ ਪਲਾਟ ਦਿਵਾਏ। ਇਸ ਤੋਂ ਪਹਿਲਾਂ ਚੱਕਬੰਦੀ ਦੇ ਦਿਨਾਂ ਵਿਚ ਉਹ ਸਾਰੇ ਪੰਜਾਬ ਨੂੰ ਸੜਕਾਂ ਦੇ ਜਾਲ ਨਾਲ ਜੋੜ ਚੁੱਕਾ ਸੀ। ਸ਼ਰਨਾਰਥੀਆਂ ਨੇ ਪੁਨਰ-ਵਸੇਬੇ ਅਤੇ ਫਿਰਕੂ ਦੰਗਿਆਂ ਦੇ ਪ੍ਰਸੰਗ ਵਿਚ ਵੀ ਉਸਨੇ ਇਤਿਹਾਸਕ ਭੂਮਿਕਾ ਨਿਭਾਈ ਸੀ। ਇਹੋ ਜਿਹੇ ਕਰਮਸ਼ੀਲ ਮਹਾਂਰਥੀ ਦੀ ਸ੍ਵੈਜੀਵਨੀ ਨੂੰ ਪੜ੍ਹਨਾ ਇਕ ਪ੍ਰੇਰਨਾ ਭਰਪੂਰ ਅਨੁਭਵ ਹੈ।

**4.6 ਨਿਸ਼ਕਰਸ਼**

*'ਆਪ ਬੀਤੀ'* ਪੰਜਾਬੀ ਸ੍ਵੈਜੀਵਨੀ ਸਾਹਿੱਤ ਵਿਚ ਇਕ ਮੁਬਾਰਕ ਵਾਧਾ ਹੈ। ਇਹ ਰਚਨਾ ਪੰਜਾਬੀਆਂ ਨੂੰ ਵੀਹਵੀਂ ਸਦੀ ਦੇ ਪੰਜਾਬ ਵਿਚ ਲੈ ਜਾਂਦੀ ਹੈ ਅਤੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਬੀਤੀ ਸਦੀ ਦੀਆਂ ਚੁਣੌਤੀਆਂ ਅਤੇ ਇਨ੍ਹਾਂ ਨਾਲ ਨਜਿੱਠਣ ਲਈ ਪੰਜਾਬੀਆਂ ਵਲੋਂ ਕੀਤੇ ਗਏ ਉਪਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਕਾਲ ਵਿਚ ਭਾਰਤ ਦਾ ਸਦੀਆਂ ਦੀ ਗੁਲਾਮੀ ਤੋਂ ਆਜ਼ਾਦ ਹੋਣਾ ਅਤੇ ਪੰਜਾਬ ਦਾ ਦੋ ਭਾਗਾਂ (ਪੂਰਬੀ ਅਤੇ ਪੱਛਮੀ ਪੰਜਾਬ) ਵਿਚ ਤਕਸੀਮ ਹੋ ਜਾਣਾ ਅਜਿਹੀਆਂ ਘਟਨਾਵਾਂ ਸਨ, ਜਿਨ੍ਹਾਂ ਨੂੰ ਅਸੀਂ ਅੱਜ ਤਕ ਵੀ ਪੂਰੀ ਤਰ੍ਹਾਂ ਨਾਲ ਸਮਝ ਨਹੀਂ ਸਕੇ ਹਾਂ। ਡਾ. ਮਹਿੰਦਰ ਸਿੰਘ ਰੰਧਾਵਾ ਇਨ੍ਹਾਂ ਦੋਹਾਂ ਵੱਡੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਸੀ ਅਤੇ ਇਨ੍ਹਾਂ ਦੇ ਆਕਾਰ-ਪ੍ਰਕਾਰ ਬਾਰੇ ਉਸ ਨੇ ਸਾਨੂੰ ਬੜੇ ਅਰਥਪੂਰਨ ਸੁਝਾਉ ਦਿੱਤੇ ਹਨ। ਉਸ ਦੀ ਲਿਖਣ-ਸ਼ੈਲੀ ਅਤੇ ਬਿਰਤਾਂਤ-ਜੁਗਤਾਂ ਪ੍ਰਭਾਵਸ਼ਾਲੀ ਵੀ ਹਨ ਅਤੇ ਪ੍ਰੇਰਨਾਭਰਪੂਰ ਵੀ।

ਪਾਠ ਨੰ: 1.5 - ਪ੍ਰੋ. ਰਾਜਬੀਰ ਕੌਰ

## V. ਸੰਖੇਪ ਪ੍ਰਸ਼ਨ-ਉੱਤਰ

### 5.1 ਉਦੇਸ਼

ਇਸ ਪਾਠ ਦਾ ਉਦੇਸ਼ ਐਮ.ਏ. ਵਿਦਿਆਰਥੀਆਂ ਨੂੰ *'ਆਪ ਬੀਤੀ'* ਪਾਠ-ਪੁਸਤਕ ਵਿਚੋਂ ਕੁਝ ਛੋਟੇ ਪ੍ਰਸ਼ਨ-ਉੱਤਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। 'ਆਪ ਬੀਤੀ' ਪੰਜਾਬ ਦੇ ਪ੍ਰਸਿੱਧ ਆਈ.ਸੀ.ਐਸ. ਅਫ਼ਸਰ ਅਤੇ ਲੇਖਕ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ੍ਵੈਜੀਵਨੀ ਹੈ। ਇਸ ਪੁਸਤਕ ਵਿਚ ਲੇਖਕ ਨੇ 1908 ਈ. ਤੋਂ ਲੈ ਕੇ 1985 ਈ. ਤਕ ਵਾਪਰੀਆਂ ਕੁਝ ਪ੍ਰਮੁੱਖ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਉਹ 1932 ਈ. ਵਿਚ ਆਈ.ਸੀ.ਐਸ. ਸੇਵਾਵਾਂ ਵਿਚ ਆ ਗਿਆ ਸੀ ਅਤੇ ਫਿਰ 1966 ਈ. ਤਕ ਵੱਖ-ਵੱਖ ਅਹੁਦਿਆਂ ਉਪਰ ਕੰਮ ਕਰਦਾ ਰਿਹਾ। ਪਹਿਲਾਂ ਉਹ ਯੂ.ਪੀ. ਕੇਡਰ ਦਾ ਅਫ਼ਸਰ ਸੀ ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਉਹ ਪੰਜਾਬ ਵਿਚ ਆ ਗਿਆ। ਪੱਛਮੀ ਪੰਜਾਬ ਤੋਂ ਉਜੜ ਕੇ ਇਧਰ ਆਏ ਲੱਖਾਂ ਸ਼ਰਨਾਰਥੀਆਂ ਨੂੰ ਵਸਾਉਣ ਅਤੇ ਜ਼ਮੀਨ-ਜਾਇਦਾਦ ਅਲਾਟ ਕਰਨ ਵਿਚ ਉਸ ਨੇ ਇਤਿਹਾਸਕ ਭੂਮਿਕਾ ਨਿਭਾਈ। ਪੰਜਾਬ ਦੀ ਨਵੇਂ ਸਿਰਿਉਂ ਚੱਕਬੰਦੀ ਕੀਤੀ, ਸੜਕਾਂ ਦਾ ਜਾਲ ਵਿਛਾਇਆ ਅਤੇ ਸਾਹਿਤ ਤੇ ਕਲਾ ਦੇ ਖੇਤਰ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਇਸ ਪੁਸਤਕ ਵਿਚ ਅਨੇਕ ਵੇਰਵੇ ਅਜਿਹੇ ਹਨ, ਜੋ ਵਿਦਿਆਰਥੀਆਂ ਨੂੰ ਯਾਦ ਰੱਖਣੇ ਚਾਹੀਦੇ ਹਨ। ਇਸੇ ਉਦੇਸ਼ ਦੀ ਪੂਰਤੀ ਲਈ ਹਥਲੀ ਪਾਠ-ਸਮੱਗਰੀ ਉਨ੍ਹਾਂ ਤਕ ਪਹੁੰਚਾਈ ਜਾ ਰਹੀ ਹੈ।

### 5.2 ਰੂਪ-ਰੇਖਾ

ਇਹ ਪੁਸਤਕ ਕਾਫ਼ੀ ਵਿਸਤ੍ਰਿਤ ਹੈ। ਲੇਖਕ ਨੇ ਇਸ ਨੂੰ ਮੁੱਖ ਤੌਰ 'ਤੇ ਚਾਰ ਭਾਗਾਂ ਵਿਚ ਵਿਭਾਜਿਤ ਕੀਤਾ ਹੈ : 1. ਬਚਪਨ, 2. ਵਿਦਿਆਰਥੀ, 3. ਨੌਕਰੀ ਅਤੇ 4. ਕਾਂਗੜਾ ਚਿੱਤਰ ਕਲਾ ਅਤੇ ਲੋਕ ਗੀਤਾਂ ਦੀ ਖੋਜ। ਅੱਗੋਂ ਇਹ ਪੁਸਤਕ 57 ਚੈਪਟਰਾਂ ਵਿਚ ਵੰਡੀ ਹੋਈ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਪੁਸਤਕ ਦੇ ਹਰ ਭਾਗ ਵਿਚੋਂ ਕੁਝ ਜ਼ਰੂਰੀ ਪ੍ਰਸ਼ਨ-ਉੱਤਰ ਆਪਣੇ ਵਿਦਿਆਰਥੀਆਂ ਦੇ ਧਿਆਨ ਗੋਚਰੇ ਕੀਤੇ ਜਾਣ। ਵਿਦਿਆਰਥੀਆਂ ਨੂੰ ਮੂਲ ਪੁਸਤਕ ਆਪ ਵੀ ਧਿਆਨ ਨਾਲ ਪੜ੍ਹ ਲੈਣੀ ਚਾਹੀਦੀ ਹੈ। ਇਹ ਪੁਸਤਕ ਲੇਖਕ ਦੇ ਜੀਵਨ ਅਤੇ ਪੰਜਾਬ ਦੇ ਸਭਿਆਚਾਰਕ ਇਤਿਹਾਸ ਬਾਰੇ ਬੜੀ ਨਿੱਗਰ ਜਾਣਕਾਰੀ ਪ੍ਰਦਾਨ ਕਰਦੀ ਹੈ।

### 5.3 ਭੂਮਿਕਾ

ਮਹਿੰਦਰ ਸਿੰਘ ਰੰਧਾਵਾ ਦੀ ਸ੍ਵੈਜੀਵਨੀ ਨੂੰ ਪੜ੍ਹਨਾ ਵੀਹਵੀਂ ਸਦੀ ਦੇ ਉੱਤਰੀ ਭਾਰਤ ਅਤੇ ਵਿਸ਼ੇਸ਼ ਕਰ ਸੰਯੁਕਤ ਪੰਜਾਬ ਦੇ ਰੂਬਰੂ ਹੋਣਾ ਹੈ। 1947 ਈ. ਤੋਂ ਪਹਿਲਾਂ ਪੰਜਾਬ ਭਾਰਤ ਦਾ ਇਕ ਬਹੁਤ ਵੱਡਾ ਪ੍ਰਦੇਸ਼ ਹੋਇਆ ਕਰਦਾ ਸੀ। ਇਸ ਵਿਚ ਪਾਕਿਸਤਾਨ ਦਾ ਬਹੁਤ ਸਾਰਾ ਹਿੱਸਾ, ਪੂਰਬੀ ਪੰਜਾਬ, ਹਰਿਆਣਾ ਅਤੇ ਪੂਰਾ ਹਿਮਾਚਲ ਸ਼ਾਮਲ ਹੁੰਦਾ ਸੀ। ਇਸ ਦੀਆਂ ਹੱਦਾਂ ਦਿੱਲੀ ਤੋਂ ਪਿਸ਼ਾਵਰ ਤਕ ਫੈਲੀਆਂ ਹੋਈਆਂ ਸਨ। ਜਮਨਾ ਤੋਂ ਲੈ ਕੇ ਝਨਾਂ ਦਰਿਆ ਤੱਕ ਦਾ ਸਾਰਾ ਇਲਾਕਾ ਪੰਜਾਬ ਵਿਚ ਸ਼ਾਮਲ ਹੁੰਦਾ ਸੀ। ਪਰੰਤੂ 1947 ਅਤੇ 1966 ਵਿਚ ਕੀਤੇ ਗਏ ਇਸ ਦੇ ਵਿਭਾਜਨ ਦੇ ਕਾਰਨ ਵਰਤਮਾਨ ਪੰਜਾਬ, ਪੁਰਾਣੇ ਸੰਯੁਕਤ ਪੰਜਾਬ ਦਾ ਮਸਾਂ ਦਸਵਾਂ ਕੁ ਹਿੱਸਾ ਹੀ ਰਹਿ ਗਿਆ। *'ਆਪ ਬੀਤੀ'* ਵਿਚ ਪੰਜਾਬ ਦੀ ਤੋੜ-ਭੰਨ ਨਾਲ ਸੰਬੰਧਿਤ ਕਰੁਣ-ਕਥਾ ਨੂੰ ਬੜੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ।

### 5.4 ਸੰਖੇਪ ਪ੍ਰਸ਼ਨ ਉੱਤਰ

**(ੳ) ਪ੍ਰਸ਼ਨ :** ਇਸ ਪੁਸਤਕ ਵਿਚ ਮਹਿੰਦਰ ਸਿੰਘ ਰੰਧਾਵਾ ਦੇ ਬਚਪਨ ਦਾ ਹਾਲ ਕਿਸ ਨੇ ਲਿਖਿਆ ਹੈ ?

**ਉੱਤਰ :** ਜਦੋਂ ਇਸ ਪੁਸਤਕ ਨੂੰ ਲਿਖਣ ਦਾ ਸੰਕਲਪ ਬਣਿਆ ਤਾਂ ਮਹਿੰਦਰ ਸਿੰਘ ਰੰਧਾਵਾ ਨੇ ਆਪਣੇ ਬਚਪਨ ਦਾ ਹਾਲ ਲਿਖਣ ਲਈ ਆਪਣੀ ਵੱਡੀ ਭੈਣ ਬੀਬੀ ਹਰਬੰਸ ਕੌਰ ਨੂੰ ਬੇਨਤੀ ਕੀਤੀ। ਹਰਬੰਸ ਉਸ ਤੋਂ ਤਿੰਨ ਸਾਲ ਵੱਡੀ ਸੀ। ਲੜਕੀਆਂ ਦੀ ਯਾਦਦਾਸ਼ਤ ਮੁੰਡਿਆਂ ਨਾਲੋਂ ਵਧੇਰੇ ਤੇਜ਼ ਅਤੇ ਚੰਗੀ ਹੁੰਦੀ ਹੈ। ਇਹੀ ਕਾਰਨ ਹੈ ਕਿ ਉਸ ਨੇ ਮਹਿੰਦਰ ਸਿੰਘ ਦੇ ਜਨਮ ਤੋਂ ਲੈ ਕੇ ਉਸ ਦੁਆਰਾ ਦਸਵੀਂ ਪਾਸ ਕਰਨ (1924) ਤੱਕ ਦੀਆਂ ਘਟਨਾਵਾਂ ਨੂੰ ਇਕ ਚੰਗੇ ਲੇਖਕ ਵਾਂਗ ਲੜੀਵਾਰ ਅਤੇ ਸੁਚੱਜੇ ਢੰਗ ਨਾਲ ਲਿਖਿਆ ਹੈ। ਉਸ ਨੇ ਆਪਣੇ ਵੀਰ ਮਹਿੰਦਰ ਦੀ ਪੜ੍ਹਾਕੂ ਤਬੀਅਤ ਅਤੇ ਉਚੇ

ਆਦਰਸ਼ਾਂ ਦੀ ਸੱਚੀ-ਸੁੱਚੀ ਤਸਵੀਰ ਖਿੱਚ ਕੇ ਰੱਖ ਦਿੱਤੀ ਹੈ।

**(ਅ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਦੇ ਪਿਤਾ ਬਾਰੇ ਸੰਖੇਪ ਵਿਚ ਦੱਸੋ ?

**ਉੱਤਰ :** ਮਹਿੰਦਰ ਸਿੰਘ ਦਾ ਪਿਤਾ ਸ. ਸ਼ੇਰ ਸਿੰਘ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਬੋਦਲਾਂ ਵਿਚ ਸ. ਜੈਮਲ ਸਿੰਘ ਰੰਧਾਵਾ ਦੇ ਘਰ ਜਨਮਿਆ। ਹਾਈ ਸਕੂਲ ਪਾਸ ਕਰਨ ਪਿਛੋਂ ਉਹ ਨਾਇਬ-ਤਹਿਸੀਲਦਾਰ ਲੱਗ ਗਿਆ ਸੀ। ਉਸ ਨੇ ਚਾਰ ਸ਼ਾਦੀਆਂ ਕੀਤੀਆਂ ਸਨ। ਪਹਿਲੀ ਸ਼ਾਦੀ ਬਿਸ਼ਨ ਕੌਰ ਨਾਲ, ਦੂਜੀ ਕਿਰਪਾਲ ਕੌਰ ਨਾਲ ਤੀਜੀ ਬੀਬੀ ਬਚਿੰਤ ਕੌਰ (ਮਹਿੰਦਰ ਸਿੰਘ ਰੰਧਾਵਾ ਦੀ ਮਾਤਾ) ਅਤੇ ਚੌਥੀ ਸ਼ਾਦੀ ਬਲਵੰਤ ਕੌਰ (ਸਹੁਰਿਆਂ ਦਾ ਨਾਮ ਗੁਰਬਖ਼ਸ਼ ਕੌਰ) ਨਾਲ ਕੀਤੀ। ਏਨੀਆਂ ਸ਼ਾਦੀਆਂ ਦਾ ਵੱਡਾ ਕਾਰਨ ਪਹਿਲੀਆਂ ਤਿੰਨ ਪਤਨੀਆਂ ਦਾ ਇਕ-ਇਕ ਕਰ ਕੇ ਮਰ ਜਾਣਾ ਸੀ। ਸ. ਸ਼ੇਰ ਸਿੰਘ 1924 ਈ. ਵਿਚ ਦਾ ਦੇਹਾਂਤ ਹੋ ਗਿਆ। ਉਸ ਸਮੇਂ ਅਜੇ ਉਹ ਸਰਕਾਰੀ ਨੌਕਰੀ ਵਿਚ ਹੀ ਸਨ।

**(ੲ) ਪ੍ਰਸ਼ਨ :** ਪਿਤਾ ਦੇ ਦੇਹਾਂਤ ਤੋਂ ਬਾਅਦ ਮਹਿੰਦਰ ਸਿੰਘ ਰੰਧਾਵਾ ਅਤੇ ਉਸਦੇ ਜੌੜੇ ਭਰਾ ਰਾਜਿੰਦਰ ਸਿੰਘ ਨੇ ਕੀ ਸੋਚਿਆ ?

**ਉੱਤਰ :** ਦੋਹਾਂ ਨੇ ਸੋਚਿਆ ਕਿ ਉਨ੍ਹਾਂ ਵਿਚੋਂ ਇਕ ਜਣਾ ਪਿਤਾ ਜੀ ਦੀ ਨੌਕਰੀ ਉਪਰ ਨਾਇਬ-ਤਹਿਸੀਲਦਾਰ ਲੱਗ ਜਾਂਦਾ ਹੈ। ਦੂਜਾ ਪੜ੍ਹਦਾ ਰਹੇਗਾ। ਜਦੋਂ ਉਨ੍ਹਾਂ ਦੇ ਇਸ ਫੈਸਲੇ ਦਾ ਪਤਾ ਮਿਸ਼ਨ ਕਾਲਜ ਦੇ ਪ੍ਰੋਫ਼ੈਸਰਾਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਦੋਹਾਂ ਭਰਾਵਾਂ ਨੂੰ ਇਸ ਫੈਸਲੇ ਤੋਂ ਵਰਜ ਦਿੱਤਾ। ਇਕ ਤਰ੍ਹਾਂ ਨਾਲ ਇਹ ਚੰਗਾ ਹੀ ਹੋਇਆ ਕਿਉਂਕਿ ਐਮ.ਐਸ-ਸੀ. ਕਰਨ ਪਿਛੋਂ ਦੋਵੇਂ ਭਰਾ ਮੁਕਾਬਲੇ ਦੀਆਂ ਪਰੀਖਿਆਵਾਂ ਵਿਚ ਬੈਠੇ ਅਤੇ ਬਹੁਤ ਉੱਚੇ-ਉੱਚੇ ਅਹੁਦਿਆਂ ਉਪਰ ਰਹੇ।

**(ਸ) ਪ੍ਰਸ਼ਨ :** ਤਹਿਸੀਲਦਾਰ ਸ਼ੇਰ ਸਿੰਘ ਦਾ ਆਪਣੇ ਘਰ ਪੈਦਾ ਹੋਣ ਵਾਲੀਆਂ ਧੀਆਂ ਨਾਲ ਵਿਹਾਰ ਕਿਹੋ ਜਿਹਾ ਸੀ ?

**ਉੱਤਰ :** ਉਨ੍ਹਾਂ ਦਿਨਾਂ ਦੇ ਹੋਰ ਮਰਦਾਂ ਵਾਂਗ ਸ਼ੇਰ ਸਿੰਘ ਵੀ ਮਰਦਪ੍ਰਧਾਨ ਰੁਚੀਆਂ ਦਾ ਮਾਲਕ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੇ ਘਰ ਕੋਈ ਬੇਟੀ ਪੈਦਾ ਹੋਵੇ। ਪਹਿਲੀ ਪਤਨੀ ਬਿਸ਼ਨ ਕੌਰ ਦੇ ਤਿੰਨ ਪੁੱਤਰ ਅਤੇ ਇਕ ਧੀ ਸੀ। ਤੀਜੀ ਪਤਨੀ ਬਚਿੰਤ ਕੌਰ ਦੀ ਕੁੱਖੋਂ ਵੀ ਪਹਿਲੀ ਧੀ ਪੈਦਾ ਹੋਈ, ਜਿਸ ਦਾ ਨਾਮ ਹਰਬੰਸ ਕੌਰ ਰੱਖਿਆ ਗਿਆ। ਤਿੰਨ ਸਾਲ ਦੀ ਹੋਣ ਤੱਕ ਸ਼ੇਰ ਸਿੰਘ ਨੇ ਉਸ ਨੂੰ ਕਦੇ ਨਾ ਬੁਲਾਇਆ। 1908 ਈ. ਵਿਚ ਜਦੋਂ ਉਸ ਦੇ ਘਰ ਜੌੜੇ ਪੁੱਤਰ (ਮਹਿੰਦਰ ਸਿੰਘ-ਰਾਜਿੰਦਰ ਸਿੰਘ) ਪੈਦਾ ਹੋਏ ਤਾਂ ਉਸ ਤੋਂ ਬਾਅਦ ਉਸ ਨੇ ਹਰਬੰਸ ਕੌਰ ਨੂੰ ਬੁਲਾਉਣਾ ਸ਼ੁਰੂ ਕੀਤਾ। ਧੀਆਂ ਪ੍ਰਤੀ ਮਹਿੰਦਰ ਸਿੰਘ ਰੰਧਾਵਾ ਦਾ ਵਤੀਰਾ ਵੀ ਠੰਡਾ ਜਿਹਾ ਹੀ ਸੀ।

**(ਹ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਦੇ ਵੱਡੇ ਭਰਾ ਹਰਬੰਸ ਸਿੰਘ ਦੀ ਸ਼ਾਦੀ ਕਿਹੋ ਜਿਹੀ ਸੀ ?

**ਉੱਤਰ :** ਸ਼ੇਰ ਸਿੰਘ ਦੇ ਪਹਿਲੇ ਵਿਆਹ ਵਿਚੋਂ ਪੈਦਾ ਹੋਇਆ ਹਰਬੰਸ ਸਿੰਘ ਲਾਹੌਰ ਪੁਲਸ ਵਿਚ ਸਬ-ਇਨਸਪੈਕਟਰ ਲੱਗਾ ਹੋਇਆ ਸੀ। ਉਸ ਦੀ ਸ਼ਾਦੀ ਬਹੁਤ ਧੂਮ-ਧਾਮ ਨਾਲ ਕੀਤੀ ਗਈ। ਕਪੂਰਥਲੇ ਤੋਂ ਰਾਜੇ ਦਾ ਹਾਥੀ ਮੰਗਵਾਇਆ ਗਿਆ। 100 ਘੋੜੀਆਂ ਅਤੇ ਕਈ ਰਥ ਲੈ ਕੇ ਬਰਾਤ ਖੂਬ ਧੂਮ-ਧਾਮ ਨਾਲ ਤੁਰੀ। ਬਰਾਤ ਚਾਰ ਦਿਨ ਰੁਕੀ। ਲੜਕੀ ਦਾ ਤਾਇਆ ਸ. ਧੰਨਾ ਸਿੰਘ ਹਿੰਦੂ ਵਿਧੀ ਨਾਲ ਫੇਰੇ ਦੇਣੇ ਚਾਹੁੰਦਾ ਸੀ ਪਰ ਸ਼ੇਰ ਸਿੰਘ ਆਨੰਦ ਕਾਰਜ ਦੀ ਰੀਤੀ ਨਾਲ ਵਿਆਹ ਕਰਨ ਉਪਰ ਅੜਿਆ ਰਿਹਾ। ਆਖਰ ਆਨੰਦ ਕਾਰਜ ਹੀ ਕੀਤੇ ਗਏ। ਡੋਲੀ ਚੁੱਕਣ ਲਈ ਅੱਠ ਕਹਾਰ ਮੰਗਵਾਏ ਗਏ ਸਨ।

**(ਕ) ਪ੍ਰਸ਼ਨ :** ਡਾਕਟਰ ਹਰਭਜਨ ਸਿੰਘ ਕੌਣ ਸੀ ?

**ਉੱਤਰ :** ਡਾ. ਹਰਭਜਨ ਸਿੰਘ ਊਨੇ ਵਿਚ ਰਹਿਣ ਵਾਲਾ ਇਕ ਡਾਕਟਰ ਸੀ। ਉਹ ਲੇਖਕ ਦੀ ਮਾਤਾ ਬਚਿੰਤ ਕੌਰ ਦੇ ਭਰਾ ਦਾ ਦੋਸਤ ਸੀ। ਉਸ ਦਾ ਗੋਤ ਵੀ ਬਚਿੰਤ ਕੌਰ ਦੇ ਗੋਤ ਵਾਲਾ ਗਰੇਵਾਲ ਹੀ ਸੀ। ਇਸ ਕਾਰਨ ਸਾਰੇ ਬੱਚੇ ਉਸ ਨੂੰ ਮਾਮਾ ਜੀ ਕਹਿੰਦੇ ਸਨ। ਹਰਭਜਨ ਸਿੰਘ ਹਰ ਰੋਜ਼ ਉਨ੍ਹਾਂ ਦੇ ਘਰ ਆਉਂਦਾ ਅਤੇ ਪਰਿਵਾਰ ਦੇ ਜੀਆਂ ਦੀ ਸੁਖ-ਸਾਂਦ ਪੁੱਛਦਾ। ਉਸ ਦੇ ਦੋ ਧੀਆਂ ਸਨ, ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦਾ ਸੀ। ਉਸ ਦੀ ਵੱਡੀ ਧੀ ਇਕਬਾਲ ਕੌਰ ਨਾਲ ਮਹਿੰਦਰ ਸਿੰਘ ਰੰਧਾਵਾ ਦੀ ਸ਼ਾਦੀ ਹੋ ਗਈ।

**(ਖ) ਪ੍ਰਸ਼ਨ :** ਮਹਿੰਦਰ ਸਿੰਘ ਪੜ੍ਹਾਈ ਵਿਚ ਕੈਸਾ ਸੀ ?

**ਉੱਤਰ :** ਮਹਿੰਦਰ ਸਿੰਘ ਰੰਧਾਵਾ ਪੜ੍ਹਾਈ ਵਿਚ ਬਹੁਤ ਦਿਲਚਸਪੀ ਲੈਂਦਾ ਸੀ। ਰੋਟੀ ਖਾਣ ਸਮੇਂ ਵੀ ਉਹ ਕੋਈ ਨਾ ਕੋਈ

ਕਿਤਾਬ ਪੜ੍ਹਦਾ ਰਹਿੰਦਾ ਸੀ। ਨੈਪੋਲੀਅਨ ਦੀ ਜੀਵਨੀ ਉਸ ਦੀ ਸਭ ਤੋਂ ਮਨਭਾਉਂਦੀ ਕਿਤਾਬ ਸੀ। ਮੁਕਤਸਰ ਦੀ ਮਿਉਂਸਪਲ ਲਾਇਬਰੇਰੀ ਦੀਆਂ ਚਾਬੀਆਂ ਲੈ ਕੇ ਉਸ ਨੇ ਇਸ ਵਿਚਲੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਛੱਡੀਆਂ ਸਨ। ਉਹ ਖੇਡਣ ਵਿਚ ਦਿਲਚਸਪੀ ਨਹੀਂ ਸੀ ਲੈਂਦਾ ਜਦੋਂ ਕਿ ਦੂਜਾ ਭਰਾ ਰਾਜਿੰਦਰ ਸਿੰਘ ਖੇਡਾਂ ਵਿਚ ਕਾਫ਼ੀ ਰੁਚੀ ਰਖਦਾ ਸੀ। ਸ਼ਾਇਦ ਇਸੇ ਕਾਰਨ ਰਾਜਿੰਦਰ ਦੀ ਤੁਲਨਾ ਵਿਚ ਮਹਿੰਦਰ ਸਿੰਘ ਸਿਹਤ ਪੱਖੋਂ ਕੁਝ ਕਮਜ਼ੋਰ ਸੀ।

**(ਗ) ਪ੍ਰਸ਼ਨ :** ਸ਼ੇਰ ਸਿੰਘ ਨੇ ਅਕਾਲੀ ਮੋਰਚਿਆਂ ਦੀ ਮੱਦਦ ਕਿਵੇਂ ਕੀਤੀ ?

**ਉੱਤਰ :** ਸ਼ੇਰ ਸਿੰਘ ਸਿੱਖ ਪੰਥ ਨਾਲ ਦਿਲੋਂ ਪਿਆਰ ਕਰਦਾ ਸੀ। ਜਦੋਂ ਗੁਰਦੁਆਰਾ ਸੁਧਾਰ ਲਹਿਰ ਚੱਲੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈਣ ਲਈ ਮੋਰਚੇ ਲਗਾਏ ਤਾਂ ਸ਼ੇਰ ਸਿੰਘ ਉਨ੍ਹਾਂ ਦਿਨਾਂ ਵਿਚ ਮੁਕਤਸਰ ਲੱਗਾ ਹੋਇਆ ਸੀ। ਉਸ ਨੇ ਗੁਰਦੁਆਰਿਆਂ ਦੇ ਪੁਜਾਰੀਆਂ ਸਰਮੁਖ ਸਿੰਘ, ਗੁਰਚਰਨ ਸਿੰਘ ਅਤੇ ਭਾਈ ਜਬਰਜੰਗ ਸਿੰਘ ਆਦਿ ਨੂੰ ਪ੍ਰੇਰਕੇ ਇਨ੍ਹਾਂ ਦਾ ਪ੍ਰਬੰਧ ਅਕਾਲੀਆਂ ਨੂੰ ਦਿਵਾ ਦਿੱਤਾ। ਉਹ ਅੱਧੀ ਰਾਤ ਨੂੰ ਅਕਾਲੀ ਜਥੇਦਾਰਾਂ ਨੂੰ ਬੁਲਾ ਕੇ ਆਪਣਾ ਪ੍ਰੋਗਰਾਮ ਦੱਸ ਦਿੰਦੇ ਸਨ। ਉਨ੍ਹਾਂ ਦੀਆਂ ਹਦਾਇਤਾਂ ਅਨੁਸਾਰ ਪਿੰਡਾਂ ਦੇ ਲੋਕ ਅਕਾਲੀ ਜਥੇਦਾਰਾਂ ਨੂੰ ਰਸਦ ਦੇ ਕੇ ਰੋਟੀ-ਪਾਣੀ ਛਕਾ ਦਿੰਦੇ ਸਨ। ਅੰਗਰੇਜ਼ ਸਰਕਾਰ ਅਕਾਲੀਆਂ ਦੇ ਵਿਰੁੱਧ ਸੀ।

**(ਘ) ਪ੍ਰਸ਼ਨ :** ਸ਼ੇਰ ਸਿੰਘ ਦੀ ਸ਼ਖ਼ਸੀਅਤ ਕਿਹੋ ਜਿਹੀ ਸੀ ?

**ਉੱਤਰ :** ਸ਼ੇਰ ਸਿੰਘ ਇਕ ਰਹਿਮਦਿਲ ਅਤੇ ਇਨਸਾਫ਼ਪਸੰਦ ਅਫ਼ਸਰ ਸੀ। ਉਸ ਦਾ ਗੁਰੂ-ਘਰ ਨਾਲ ਬਹੁਤ ਪਿਆਰ ਸੀ। ਉਹ ਗੁਰਦੁਆਰੇ ਜਾ ਕੇ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਕੀਰਤਨ ਸੁਣਦਾ ਸੀ ਅਤੇ ਨਾਲ-ਨਾਲ ਆਪ ਵੀ ਗੁਰਬਾਣੀ ਦਾ ਗਾਇਨ ਕਰਦਾ ਰਹਿੰਦਾ ਸੀ। ਉਹ ਨੇਮ ਨਾਲ ਦਸਵੰਧ ਵੀ ਕੱਢਦਾ ਰਹਿੰਦਾ ਸੀ। ਸੰਗਰਾਂਦ ਵਾਲੇ ਦਿਨ ਉਹ ਪੂਰੇ ਪਰਿਵਾਰ ਸਹਿਤ ਗੁਰਦੁਆਰੇ ਜਾਂਦਾ ਸੀ। ਉਸ ਦੇ ਇਨਸਾਫ਼ ਦੀਆਂ ਕਈ ਕਹਾਣੀਆਂ ਪ੍ਰਚਲਿਤ ਸਨ। ਉਹ ਵਿਧਵਾ ਔਰਤਾਂ ਉਪਰ ਬਹੁਤ ਤਰਸ ਕਰਦਾ ਸੀ ਅਤੇ ਉਨ੍ਹਾਂ ਨਾਲ ਨਰਮੀ ਵਰਤਦਾ ਸੀ।

**(ਙ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਨੇ ਮੈਟ੍ਰਿਕ ਦੀ ਪੜ੍ਹਾਈ ਕਿਥੋਂ ਕੀਤੀ ?

**ਉੱਤਰ :** ਮਹਿੰਦਰ ਸਿੰਘ ਰੰਧਾਵਾ ਦਾ ਪਿਤਾ ਸ. ਸ਼ੇਰ ਸਿੰਘ 1922 ਈ. ਵਿਚ ਇਕ ਤਹਿਸੀਲਦਾਰ ਵਜੋਂ ਮੁਕਤਸਰ ਨਿਯੁਕਤ ਹੋ ਗਿਆ ਸੀ। ਮਹਿੰਦਰ ਅਤੇ ਜੋਗਿੰਦਰ ਦੋਵੇਂ ਭਰਾ ਇਥੋਂ ਦੇ ਖਾਲਸਾ ਹਾਈ ਸਕੂਲ ਵਿਚ ਪੜ੍ਹੇ। ਇਸ ਸਕੂਲ ਦਾ ਪ੍ਰਿੰਸੀਪਲ ਹਰਭਗਤ ਸਿੰਘ ਬਹੁਤ ਮਿਹਨਤੀ ਅਤੇ ਗੁਰਸਿੱਖ ਵਿਅਕਤੀ ਸੀ। ਮਹਿੰਦਰ ਅਤੇ ਜੋਗਿੰਦਰ ਤਿੰਨ ਸਾਲ ਇਸ ਸਕੂਲ ਵਿਚ ਪੜ੍ਹੇ। ਦਸਵੀਂ ਵਿਚ ਦੋਵੇਂ ਭਰਾਵਾਂ ਦੀ ਫਸਟ ਡਵੀਜ਼ਨ ਆਈ। ਮਹਿੰਦਰ ਨੇ 520 ਅਤੇ ਜੋਗਿੰਦਰ ਨੇ 519 ਅੰਕ ਹਾਸਲ ਕੀਤੇ। ਉਸ ਸਮੇਂ ਤਕ ਸਕੂਲ ਦੇ ਕਿਸੇ ਵੀ ਵਿਦਿਆਰਥੀ ਦੇ ਏਨੇ ਨੰਬਰ ਨਹੀਂ ਸਨ ਆਏ। ਦੋਹਾਂ ਨੇ ਇਕ ਨਵਾਂ ਰੀਕਾਰਡ ਕਾਇਮ ਕੀਤਾ ਸੀ।

**(ਚ) ਪ੍ਰਸ਼ਨ :** ਮੈਟ੍ਰਿਕ ਕਰਨ ਤੋਂ ਬਾਅਦ ਮਹਿੰਦਰ ਸਿੰਘ ਕਿਹੜੇ ਕਾਲਜ ਵਿਚ ਦਾਖਲ ਹੋਇਆ ?

**ਉੱਤਰ :** ਮੈਟ੍ਰਿਕ ਕਰਨ ਉਪਰੰਤ ਮਹਿੰਦਰ ਅਤੇ ਜੋਗਿੰਦਰ ਮਿਸ਼ਨ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਏ। ਬੇਸ਼ਕ ਗੌਰਮਿੰਟ ਕਾਲਜ ਲਾਹੌਰ ਅਤੇ ਐਫ਼.ਸੀ.ਕਾਲਜ ਦਾ ਸਟੈਂਡਰਡ ਇਸ ਤੋਂ ਚੰਗਾ ਮੰਨਿਆ ਜਾਂਦਾ ਸੀ ਪਰ ਇਨ੍ਹਾਂ ਕਾਲਜਾਂ ਵਿਚ ਅਮੀਰਾਂ ਅਤੇ ਜਾਗੀਰਦਾਰਾਂ ਦੇ ਮੁੰਡੇ ਪੜ੍ਹਦੇ ਸਨ। ਇਸ ਲਈ ਸ਼ੇਰ ਸਿੰਘ ਨੇ ਸੋਚਿਆ ਕਿ ਉਸ ਦੇ ਬੱਚੇ ਮਿਸ਼ਨ ਕਾਲਜ ਵਿਚ ਠੀਕ ਰਹਿਣਗੇ। ਉਸ ਦੀ ਇਹ ਸੋਚ ਠੀਕ ਸਿੱਧ ਹੋਈ। ਮਹਿੰਦਰ ਸਿੰਘ ਐਫ.ਐਸ-ਸੀ. ਦੀ ਪਰੀਖਿਆ ਵਿਚ ਫਸਟ ਰਿਹਾ।

**(ਛ) ਪ੍ਰਸ਼ਨ :** ਮਹਿੰਦਰ ਸਿੰਘ ਨੇ ਐਮ.ਐਸ-ਸੀ. ਦੀ ਪੜ੍ਹਾਈ ਕਿਹੜੇ ਕਾਲਜ ਤੋਂ ਕੀਤੀ ?

**ਉੱਤਰ :** ਮਹਿੰਦਰ ਸਿੰਘ ਐਫ਼.ਐਸ-ਸੀ. ਕਰਨ ਪਿਛੋਂ ਗੌਰਮਿੰਟ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਿਆ। ਇਸੇ ਕਾਲਜ ਤੋਂ ਉਸ ਨੇ ਬੀ.ਐੱਸ-ਸੀ. ਅਤੇ ਐੱਮ.ਐੱਸ-ਸੀ. (ਆਨਰਜ਼) ਕੀਤੀ। ਐੱਮ.ਐੱਸ-ਸੀ. ਉਸ ਨੇ ਬੌਟਨੀ ਵਿਸ਼ੈ ਵਿਚ ਕੀਤੀ ਸੀ। ਗੌਰਮਿੰਟ ਕਾਲਜ ਲਾਹੌਰ ਦਾ ਬੌਟਨੀ ਵਿਭਾਗ ਪੂਰੇ ਭਾਰਤ ਵਿਚ ਉੱਘਾ ਸੀ। ਉਸਨੇ ਐੱਮ.ਐੱਸ-ਸੀ. (ਆਨਰਜ਼) 1930 ਈ. ਵਿਚ ਫਸਟ ਡਵੀਯਨ ਵਿਚ ਪਾਸ ਕੀਤੀ।

**(ਜ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਨੇ ਆਈ.ਸੀ.ਐਸ. ਦਾ ਇਮਤਿਹਾਨ ਕਿਉਂ ਅਤੇ ਕਿਵੇਂ ਕੀਤਾ ?

**ਉੱਤਰ :** ਕਾਲਜ ਵਿਚ ਦਾਖਲ ਹੁੰਦਿਆ ਹੀ ਮਹਿੰਦਰ ਸਿੰਘ ਰੰਧਾਵਾ ਦਾ ਪਿਤਾ ਗੁਜ਼ਰ ਗਿਆ ਸੀ। ਇਸ ਕਾਰਨ ਉਹ ਪੜ੍ਹਾਈ ਵਿਚ ਵਧੇਰੇ ਮਿਹਨਤ ਕਰਨ ਲੱਗ ਪਿਆ ਸੀ। ਐਮ.ਐਸ-ਸੀ. ਕਰਨ ਤੋਂ ਬਾਅਦ ਉਸ ਨੇ ਕਿਸੇ ਕਾਲਜ ਵਿਚ ਪ੍ਰੋਫ਼ੈਸਰ ਲੱਗਣ ਬਾਰੇ ਸੋਚਿਆ ਪਰ ਸਿਫਾਰਿਸ਼ ਤੋਂ ਬਿਨਾਂ ਉਸ ਨੂੰ ਕਿਸੇ ਨੇ ਵੀ ਨਾ ਪੁੱਛਿਆ। ਆਖਰ ਉਸ ਨੇ ਆਈ.ਸੀ.ਐਸ. ਦਾ ਫਾਰਮ ਭਰ ਦਿੱਤਾ। ਪਹਿਲੀ ਵਾਰ (1931) ਉਹ ਉਨੀਵੇਂ ਸਥਾਨ ਤੇ ਰਿਹਾ। ਆਈ.ਸੀ.ਐਸ. ਦੀ ਚੋਣ ਪਹਿਲੇ ਦਸ ਸਥਾਨਾਂ ਉਪਰ ਆਉਣ ਵਾਲੇ ਉਮੀਦਵਾਰਾਂ ਦੀ ਹੁੰਦੀ ਸੀ। ਦੂਜੀ ਵਾਰ 1932 ਈ. ਵਿਚ ਉਸ ਨੇ ਹੋਰ ਵੀ ਜ਼ਿਆਦਾ ਮਿਹਨਤ ਕੀਤੀ ਅਤੇ ਉਹ ਪੰਜਵੇਂ ਸਥਾਨ ਉਪਰ ਆ ਗਿਆ। ਇਸ ਵਾਰ ਉਸ ਦੀ ਚੋਣ ਹੋ ਗਈ।

**(ਝ) ਪ੍ਰਸ਼ਨ :** ਨੌਕਰੀ ਉਪਰ ਲੱਗਣ ਤੋਂ ਪਹਿਲਾਂ ਉਸ ਦੀ ਟ੍ਰੇਨਿੰਗ ਕਿਥੇ ਹੋਈ ?

**ਉੱਤਰ :** ਉਨ੍ਹਾਂ ਦਿਨਾਂ ਵਿਚ ਆਈ.ਸੀ.ਐਸ. ਅਫ਼ਸਰਾਂ ਨੂੰ ਨੌਕਰੀ ਤੋਂ ਪਹਿਲਾਂ ਇੰਗਲੈਂਡ ਵਿਚ ਦੋ ਸਾਲ ਦੀ ਟ੍ਰੇਨਿੰਗ ਅਤੇ ਪੜ੍ਹਾਈ ਕਰਨੀ ਪੈਂਦੀ ਸੀ। ਮਹਿੰਦਰ ਸਿੰਘ ਰੰਧਾਵਾ ਸਮੁੰਦਰੀ ਜਹਾਜ਼ ਰਾਹੀਂ ਮੁੰਬਈ ਤੋਂ ਲੰਡਨ ਪਹੁੰਚਿਆ। ਰਾਜਿੰਦਰ ਪਹਿਲਾਂ ਹੀ ਉਥੇ ਪੜ੍ਹ ਰਿਹਾ ਸੀ। ਦੋਵੇਂ ਭਰਾ ਇਕੱਠੇ ਹੋ ਗਏ। ਪੜ੍ਹਾਈ ਲਈ ਮਹਿੰਦਰ ਨੂੰ ਸਕੂਲ ਆਫ਼ ਓਰੀਐਂਟਲ ਸਟੱਡੀਜ਼, ਕਿੰਗਜ਼ ਕਾਲਜ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਜਾਣਾ ਪੈਂਦਾ ਸੀ। ਉਸ ਦੇ ਕੁਝ ਸਾਥੀ ਅਫ਼ਸਰ ਆਕਸਫੋਰਡ ਅਤੇ ਕੈਂਬਰਿਜ ਵਿਚ ਪੜ੍ਹਦੇ ਸਨ। ਦੋ ਸਾਲ ਦੀ ਟ੍ਰੇਨਿੰਗ ਪਿਛੋਂ ਡਾ. ਰੰਧਾਵਾ ਭਾਰਤ ਵਾਪਸ ਪਰਤ ਆਇਆ। ਉਸਦੀ ਪਹਿਲੀ ਨਿਯੁਕਤੀ 1934 ਈ. ਵਿਚ ਸਹਾਰਨਪੁਰ ਹੋਈ।

**(ਞ) ਪ੍ਰਸ਼ਨ :** ਇੰਗਲੈਂਡ ਦੇ ਸਭਿਆਚਾਰ ਬਾਰੇ ਡਾ. ਰੰਧਾਵਾ ਦੇ ਵਿਚਾਰ ਕਿਹੋ ਜਿਹੇ ਸਨ ?

**ਉੱਤਰ :** ਇੰਗਲੈਂਡ ਦਾ ਸਭਿਆਚਾਰ ਉਸ ਨੂੰ ਬਹੁਤ ਪਸੰਦ ਆਇਆ ਕਿਉਂਕਿ ਤਹਿਜ਼ੀਬ (ਸਭਿਅਤਾ) ਅਤੇ ਸ਼ਰਾਫ਼ਤ ਵਿਚ ਕੋਈ ਦੇਸ਼ ਇੰਗਲੈਂਡ ਦਾ ਮੁਕਾਬਲਾ ਨਹੀਂ ਕਰ ਸਕਦਾ। ਓਪਰਾ ਬੰਦਾ ਰਾਹ ਭੁੱਲ ਜਾਵੇ ਤਾਂ ਅੰਗਰੇਜ਼ ਆਪਣਾ ਕੰਮ ਛੱਡ ਕੇ ਉਸ ਨੂੰ ਸਹੀ ਰਾਹ ਦੱਸਦੇ ਹਨ। ਸ਼ਰਾਬ ਪੀਂਦੇ ਹਨ ਪਰ ਮਿਕਦਾਰ ਨਾਲ ਅਤੇ ਕਿਤੇ ਵੀ ਕੋਈ ਫ਼ਸਾਦ ਜਾਂ ਗਾਲੀ-ਗਲੋਚ ਨਹੀਂ ਹੁੰਦਾ। ਆਪਣੇ ਮਕਾਨ ਵਿਚ ਰੇਡੀਉ ਜਾਂ ਵਾਜਾ ਧੀਮੀ ਆਵਾਜ਼ ਵਿਚ ਚਲਾਉਂਦੇ ਹਨ ਤਾਂ ਜੋ ਕਿਸੇ ਦੇ ਕੰਮ ਵਿਚ ਵਿਘਨ ਨਾ ਪਵੇ। ਜੇ ਕੋਈ ਔਰਤ ਜਾਂ ਬਜ਼ੁਰਗ ਆਦਮੀ ਬੱਸ ਵਿਚ ਖੜ੍ਹਾ ਹੋਵੇ ਤਾਂ ਆਪਣੀ ਸੀਟ ਉਸਨੂੰ ਦੇ ਦਿੰਦੇ ਹਨ।

**(ਟ) ਪ੍ਰਸ਼ਨ :** ਲੰਡਨ ਛੱਡਣ ਲੱਗਿਆਂ ਲੇਖਕ ਨੂੰ ਕਿਵੇਂ ਮਹਿਸੂਸ ਹੋਇਆ ?

**ਉੱਤਰ :** ਲੰਡਨ ਛੱਡਣ ਲੱਗਿਆਂ ਉਸ ਨੂੰ ਕਾਫ਼ੀ ਦੁਖ ਹੋਇਆ। ਇਸ ਸ਼ਹਿਰ ਨਾਲ ਉਸ ਨੂੰ ਪ੍ਰੇਮ ਹੋ ਗਿਆ ਸੀ। ਪਰ ਨੌਕਰੀ ਕਰਨ ਲਈ ਭਾਰਤ ਮੁੜਨਾ ਜ਼ਰੂਰੀ ਸੀ। ਤਾਂ ਵੀ ਇਸ ਤੋਂ ਬਾਅਦ ਜਦੋਂ ਕਦੇ ਵੀ ਉਸ ਨੂੰ ਲੰਡਨ ਜਾਣ ਦਾ ਮੌਕਾ ਮਿਲਿਆ, ਉਸ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਉਹ ਆਪਣੇ ਦੂਸਰੇ ਘਰ ਵਿਚ ਪਹੁੰਚ ਗਿਆ ਹੋਵੇ।

**(ਠ) ਪ੍ਰਸ਼ਨ :** ਆਈ.ਸੀ.ਐਸ. ਕਰਨ ਤੋਂ ਪਿੱਛੋਂ ਲੇਖਕ ਦੀ ਪਹਿਲੀ ਪੋਸਟਿੰਗ ਕਿੱਥੇ ਹੋਈ ?

**ਉੱਤਰ :** ਇੰਗਲੈਂਡ ਤੋਂ ਟ੍ਰੇਨਿੰਗ ਲੈ ਕੇ ਡਾ. ਰੰਧਾਵਾ ਭਾਰਤ ਪਹੁੰਚ ਗਿਆ। ਉਸ ਨੂੰ ਯੂ.ਪੀ. ਕੇਡਰ ਮਿਲਿਆ ਅਤੇ ਉਸਦੀ ਪਹਿਲੀ ਪੋਸਟਿੰਗ ਸਹਾਰਨਪੁਰ ਵਿਖੇ ਹੋਈ। ਸਹਾਰਨਪੁਰ ਨੂੰ 'ਬਾਗ਼ਾਂ ਦੀ ਧਰਤੀ' ਵੀ ਕਿਹਾ ਜਾਂਦਾ ਹੈ। ਲੇਖਕ ਨੇ ਉਥੇ ਦੋ ਕੁ ਵਰ੍ਹੇ ਲਗਾਏ ਅਤੇ ਪਿੰਡਾਂ ਦੀ ਮਾੜੀ ਹਾਲਤ ਨੂੰ ਸੁਧਾਰਨ ਲਈ ਕਾਫ਼ੀ ਕੰਮ ਕੀਤਾ।

**(ਡ) ਪ੍ਰਸ਼ਨ :** ਇਕਬਾਲ ਕੌਰ ਨੂੰ ਪੜ੍ਹਨ ਦੀ ਆਦਤ ਪਾਉਣ ਲਈ ਡਾ. ਰੰਧਾਵਾ ਨੇ ਕੀ ਕੀਤਾ ?

**ਉੱਤਰ :** ਇਕਬਾਲ ਕੌਰ ਦੀ ਡਾ. ਰੰਧਾਵਾ ਨਾਲ ਸ਼ਾਦੀ ਚੜ੍ਹਦੀ ਜਵਾਨੀ ਵਿਚ ਹੀ ਹੋ ਗਈ ਸੀ। ਵਿਆਹ ਸਮੇਂ ਉਸ ਦੀ ਉਮਰ 16-17 ਵਰ੍ਹਿਆਂ ਦੀ ਸੀ ਅਤੇ ਉਹ ਮੈਟ੍ਰਿਕ ਪਾਸ ਸੀ। ਰੰਧਾਵਾ ਨੇ ਉਸ ਨੂੰ ਪੜ੍ਹਾਉਣ ਦੀ ਕਾਫ਼ੀ ਕੋਸ਼ਿਸ਼ ਕੀਤੀ। ਉਸ ਨੂੰ ਅੰਗਰੇਜ਼ੀ ਦੀਆਂ ਚੰਗੀਆਂ ਕਿਤਾਬਾਂ ਵੀ ਲਿਆ ਕੇ ਦਿੱਤੀਆਂ ਪਰ ਪੜ੍ਹਨ-ਪੜ੍ਹਾਉਣ ਦੇ ਅਮਲ ਵਿਚ ਉਹ ਆਪਣੇ ਪਤੀ ਕੋਲੋਂ ਡਰਨ ਲੱਗ ਪਈ। ਇੱਥੋਂ ਰੰਧਾਵਾ ਨੇ ਇਹ ਸਿੱਟਾ ਕੱਢਿਆ ਕਿ ਕੋਈ ਆਦਮੀ ਪਤੀ ਅਤੇ ਅਧਿਆਪਕ ਇਕੋ ਸਮੇਂ ਨਹੀਂ ਹੋ ਸਕਦਾ। ਜੇ ਪੜ੍ਹਨਾ ਹੋਵੇ ਤਾਂ ਕਿਸੇ ਹੋਰ ਕੋਲੋਂ ਪੜ੍ਹਨਾ ਚਾਹੀਦਾ ਹੈ।

**(ਢ) ਪ੍ਰਸ਼ਨ :** ਡਾ. ਰੰਧਾਵਾ ਇਕ ਕਾਮਯਾਬ ਘੋੜਸਵਾਰ ਕਿਵੇਂ ਬਣਿਆ ?

**ਉੱਤਰ :** ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਮੋਟਰ ਕਾਰਾਂ ਕਿਸੇ ਵਿਰਲੇ ਬੰਦੇ ਕੋਲ ਹੀ ਹੁੰਦੀਆਂ ਸਨ। ਸੜਕਾਂ ਦਾ ਵੀ ਚੰਗਾ

ਇੰਤਜ਼ਾਮ ਨਹੀਂ ਸੀ। ਇਸ ਕਾਰਨ ਅਫ਼ਸਰ ਲੋਕ ਘੋੜੇ-ਘੋੜੀਆਂ ਉਪਰ ਸਵਾਰ ਹੋ ਕੇ ਹੀ ਆਪਣੇ ਇਲਾਕੇ ਦਾ ਦੌਰਾ ਕਰਦੇ ਸਨ। ਬਹੁਤੇ ਅਫ਼ਸਰ ਘੋੜੀ ਦੀ ਸਵਾਰੀ ਕਰਦੇ ਅਕਸਰ ਡਿੱਗ ਵੀ ਪੈਂਦੇ ਸਨ ਪਰ ਰੰਧਾਵਾ ਬਚਪਨ ਤੋਂ ਹੀ ਘੋੜੀ ਦੀ ਸਵਾਰੀ ਕਰਦਾ ਆਇਆ ਸੀ। ਜਦੋਂ ਘੋੜੀ ਸਰਪਟ ਦੌੜਦੀ ਸੀ ਤਾਂ ਉਹ ਸਿਰ ਨੀਵਾਂ ਕਰ ਕੇ ਲੱਤਾਂ ਨੂੰ ਉਸਦੇ ਜਿਸਮ ਨਾਲ ਚਮੇੜ ਲੈਂਦਾ ਸੀ। ਇਸ ਕਾਰਨ ਉਹ ਡਿੱਗਣ ਤੋਂ ਬਚਿਆ ਰਹਿੰਦਾ ਸੀ।

**(ਣ) ਪ੍ਰਸ਼ਨ :** ਫ਼ੈਜ਼ਾਬਾਦ ਸ਼ਹਿਰ ਬਾਰੇ ਲੇਖਕ ਨੇ ਕੀ ਦੱਸਿਆ ਹੈ।

**ਉੱਤਰ :** ਨਵਾਬਾਂ ਦੇ ਸਮੇਂ ਵਿਚ ਫ਼ੈਜ਼ਾਬਾਦ ਅਵਧ ਦੀ ਰਾਜਧਾਨੀ ਸੀ। ਸ੍ਰੀ ਰਾਮ ਚੰਦਰ ਨਾਲ ਸੰਬੰਧਿਤ ਸਰਜੂ ਨਦੀ ਇਸ ਸ਼ਹਿਰ ਦੇ ਕੋਲ ਦੀ ਗੁਜ਼ਰਦੀ ਹੈ। ਇਸ ਨਦੀ ਦੇ ਕੰਢੇ ਤੇ ਖੜ੍ਹੇ ਕੇ ਸੂਰਜ ਡੁੱਬਣ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ। ਇਸੇ ਕਾਰਨ ਸ਼ਾਮੇ-ਅਵਧ ਬਹੁਤ ਮਸ਼ਹੂਰ ਹੈ। ਇੱਥੇ ਹੀ ਉਸਨੇ ਪਹਿਲੀ ਵਾਰ ਅਖ਼ਤਰੀ ਬਾਈ ਫ਼ੈਜ਼ਾਬਾਦੀ (ਬੇਗ਼ਮ ਅਖਤਰ) ਦਾ ਗਾਇਨ ਸੁਣਿਆ ਸੀ। ਇੱਥੇ ਗੁਲਾਬਾਂ ਦੇ ਬੜੇ ਸੁੰਦਰ ਬਾਗ਼ (ਗੁਲਾਬ ਬਾੜੀ) ਵੀ ਸਨ।

**(ਤ) ਪ੍ਰਸ਼ਨ :** ਡਾ. ਰੰਧਾਵਾ ਨੇ ਅਯੁੱਧਿਆ ਅਤੇ ਅਯੁੱਧਿਆ ਦੇ ਰਾਜੇ ਬਾਰੇ ਕੀ ਦੱਸਿਆ ਹੈ ?

**ਉੱਤਰ :** ਅਯੁੱਧਿਆ ਫੈਜ਼ਾਬਾਦ ਤੋਂ 5-6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਨਮ ਅਸ਼ਟਮੀ ਦੇ ਤਿਉਹਾਰ 'ਤੇ ਇਥੇ ਇਕ ਬਹੁਤ ਵੱਡਾ ਮੇਲਾ ਲਗਦਾ ਹੈ। ਅਯੁੱਧਿਆ ਦੇ ਰਾਜੇ ਨੇ ਆਪਣੇ ਮਹਿਲ ਵਿਚ ਬਾਘ ਰੱਖੇ ਹੋਏ ਸਨ। ਦੁਸਹਿਰੇ ਦੇ ਅਵਸਰ 'ਤੇ ਉਹ ਅਫ਼ਸਰਾਂ ਨੂੰ 'ਬੜਾ ਖਾਣਾ' ਦਿੰਦਾ ਸੀ ਅਤੇ ਉਨ੍ਹਾਂ ਦੀ ਰੱਜ ਕੇ ਸੇਵਾ ਕਰਦਾ ਸੀ। ਦੇਸੀ ਅਫ਼ਸਰ ਕਾਲੀਆਂ ਅਚਕਨਾਂ ਅਤੇ ਅੰਗਰੇਜ਼ੀ ਸੂਟ ਪਾ ਕੇ ਇਸ ਖਾਣੇ ਵਿਚ ਸ਼ਾਮਲ ਹੁੰਦੇ ਸਨ। ਉਸ ਦੀ ਰਾਣੀ ਮਹਿੰਗੀਆਂ ਸਾੜ੍ਹੀਆਂ ਅਤੇ ਕੀਮਤੀ ਗਹਿਣੇ ਪਹਿਨਦੀ ਸੀ।

**(ਥ) ਪ੍ਰਸ਼ਨ :** ਅਲਮੋੜੇ ਸੰਬੰਧੀ ਲੇਖਕ ਦੇ ਕਿਹੋ ਜਿਹੇ ਵਿਚਾਰ ਸਨ ?

**ਉੱਤਰ :** ਅਲਮੋੜਾ ਇਕ ਪਹਾੜੀ ਸਥਾਨ ਸੀ। ਇਹ ਕੁਮਾਯੂੰ ਦੇ ਪਹਾੜਾਂ ਵਿਚ ਸਥਿਤ ਸੀ। ਇਹ ਸ਼ਹਿਰ ਰਾਜਾ ਕਲਿਆਨ ਸਿੰਘ ਨੇ 1560 ਈ. ਵਿਚ ਵਸਾਇਆ ਸੀ। ਲੇਖਕ ਦੇ ਉਥੇ ਜਾਣ ਤੋਂ ਕਈ ਵਰ੍ਹੇ ਪਹਿਲਾਂ ਸੁਆਮੀ ਵਿਵੇਕਾਨੰਦ ਵੀ ਇੱਥੇ ਰਿਹਾ ਸੀ। ਇਥੋਂ ਦਾ ਪਾਣੀ ਬੜਾ ਖ਼ਰਾਬ ਸੀ। ਇਸ ਵਿਚ ਅਬਰਕ ਮਿਲਿਆ ਹੋਇਆ ਸੀ, ਜਿਸ ਕਾਰਨ ਪੇਟ ਖ਼ਰਾਬ ਹੋ ਜਾਂਦਾ ਸੀ। ਇਹੀ ਕਾਰਨ ਹੈ ਕਿ ਇਥੋਂ ਦੇ ਲੋਕਾਂ ਦਾ ਰੰਗ ਕਾਫ਼ੀ ਪੀਲਾ ਹੈ ਅਤੇ ਉਨ੍ਹਾਂ ਦੀਆਂ ਹੜ੍ਹਬਾਂ ਨਿਕਲੀਆਂ ਹੋਈਆਂ ਹਨ।

**(ਦ) ਪ੍ਰਸ਼ਨ :** ਪਹਾੜਾਂ ਵਿਚ ਦਰਖ਼ਤ ਕਿਸ ਉਚਾਈ ਤੇ ਮੁੱਕ ਜਾਂਦੇ ਹਨ ?

**ਉੱਤਰ :** ਪਹਾੜਾਂ ਵਿਚ ਗਿਆਰਾਂ ਹਜ਼ਾਰ ਫੁੱਟ ਦੀ ਉਚਾਈ 'ਤੇ ਦਰਖ਼ਤ ਨਹੀਂ ਹੁੰਦੇ। ਆਖ਼ਰੀ ਦਰਖ਼ਤ ਦਸ ਹਜ਼ਾਰ ਫੁੱਟ ਦੀ ਉਚਾਈ ਤਕ ਹੁੰਦੇ ਹਨ। ਇਹ ਆਮ ਭੋਜ ਪੱਤਰ ਦੇ ਰੁੱਖ ਹੁੰਦੇ ਹਨ, ਜਿਨ੍ਹਾਂ ਉਪਰ ਸਾਡੇ ਪੁਰਾਣੇ ਰਿਸ਼ੀ-ਮੁਨੀ ਲਿਖਿਆ ਕਰਦੇ ਸਨ। ਇਸ ਜਗ੍ਹਾ ਐਲਪਾਈਨ ਫੁੱਲ ਮਿਲਦੇ ਹਨ। ਪੋਸਤ ਦੇ ਫੁੱਲ ਸਭ ਤੋਂ ਸੁੰਦਰ ਹੁੰਦੇ ਹਨ।

**(ਧ) ਪ੍ਰਸ਼ਨ :** ਅਲਾਹਾਬਾਦ ਸ਼ਹਿਰ ਵਿਚ ਫਸਾਦ ਕਿਉਂ ਹੁੰਦੇ ਸਨ ?

**ਉੱਤਰ :** ਅਲਾਹਾਬਾਦ ਵਿਚ ਹੋਲੀ ਅਤੇ ਮੁਹੱਰਮ ਦੇ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। ਹੋਲੀ ਹਿੰਦੂਆਂ ਦਾ ਤਿਉਹਾਰ ਸੀ ਅਤੇ ਮੁਹੱਰਮ (ਸ਼ੀਆ) ਮੁਸਲਮਾਨਾਂ ਦਾ। ਸ਼ਰਾਰਤੀ ਅਤੇ ਬਦਮਾਸ਼ ਕਿਸਮ ਦੇ ਲੋਕ ਭੀੜ ਵਿਚ ਸ਼ਾਮਲ ਹੋ ਕੇ ਦੂਜੇ ਧਰਮ ਦੇ ਲੋਕਾਂ ਨਾਲ ਛੇੜਛਾੜ ਕਰ ਜਾਂਦੇ ਸਨ ਅਤੇ ਇਉਂ ਫਸਾਦ ਸ਼ੁਰੂ ਹੋ ਜਾਂਦੇ ਸਨ। ਉਨ੍ਹਾਂ ਦਿਨਾਂ ਵਿਚ ਤੁੱਤਨ ਢਾਂ ਇਕ ਖਤਰਨਾਕ ਬਦਮਾਸ਼ ਹੁੰਦਾ ਸੀ।

**(ਨ) ਪ੍ਰਸ਼ਨ :** ਰਾਏ ਬਰੇਲੀ ਦੇ ਤਅੱਲਕੇਦਾਰ ਕਿਹੋ ਜਿਹੇ ਸਨ ?

**ਉੱਤਰ :** ਰਾਇ ਬਰੇਲੀ ਦੇ ਤਅੱਲਕੇਦਾਰ (ਜਾਗੀਰਦਾਰ) ਵੱਡੀਆਂ ਜਾਗੀਰਾਂ ਦੇ ਮਾਲਕ ਹੁੰਦੇ ਸਨ। ਉਨ੍ਹਾਂ ਪਾਸ ਕਈ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਹੁੰਦੀ ਸੀ। ਪਿੰਡਾਂ ਦੇ ਕਿਸਾਨ ਉਨ੍ਹਾਂ ਦੇ ਮੁਜ਼ਾਰੇ ਹੁੰਦੇ ਸਨ, ਜਿਨ੍ਹਾਂ ਨਾਲ ਉਹ ਬੜਾ ਭੈੜਾ ਵਰਤਾਉ ਕਰਦੇ ਸਨ। ਇਹ ਲੋਕ ਗਾਉਣ, ਨੱਚਣ ਅਤੇ ਪੇਸ਼ਾ ਕਰਨ ਵਾਲੀਆਂ ਔਰਤਾਂ ਉਪਰ ਆਪਣੀ ਸਾਰੀ ਦੌਲਤ ਲੁਟਾ ਦਿੰਦੇ ਸਨ। ਮੁਕੱਦਮੇਬਾਜ਼ੀ ਇਨ੍ਹਾਂ ਦਾ ਇਕ ਹੋਰ ਸ਼ੌਕ ਸੀ। ਇਹ ਲੋਕ ਨੇਪਾਲ ਦੀਆਂ ਸੁੰਦਰ ਮੁਟਿਆਰਾਂ ਨਾਲ ਸ਼ਾਦੀ ਕਰਦੇ ਸਨ।

**(ਪ) ਪ੍ਰਸ਼ਨ :** ਆਪਣੇ ਮਾਤਹਿਤ ਅਫ਼ਸਰਾਂ ਨੂੰ ਠੀਕ ਕਰਨ ਲਈ ਡਾ. ਰੰਧਾਵਾ ਕੀ ਪਾਲਿਸੀ ਵਰਤਦਾ ਸੀ ?

**ਉੱਤਰ :** ਮਹਿੰਦਰ ਸਿੰਘ ਰੰਧਾਵਾ ਜਾਣਦਾ ਸੀ ਕਿ ਵਿਹਲਾ ਮਨੁੱਖ ਸ਼ੈਤਾਨ ਬਣ ਜਾਂਦਾ ਹੈ ਅਤੇ ਸ਼ਰਾਰਤਾਂ-ਸਾਜ਼ਿਸ਼ਾਂ ਵਿਚ ਰੁੱਝ ਜਾਂਦਾ ਹੈ। ਇਸ ਕਾਰਨ ਉਹ ਮਾਤਹਿਤ ਅਫ਼ਸਰਾਂ ਨੂੰ ਹਮੇਸ਼ਾ ਕਿਸੇ-ਨਾ-ਕਿਸੇ ਕੰਮ ਵਿਚ ਉਲਝਾਈ ਰੱਖਦਾ ਸੀ। ਉਸ ਨੇ ਗਰਾਮ ਸੁਧਾਰ ਦਾ ਕੰਮ ਸ਼ੁਰੂ ਕਰ ਰੱਖਿਆ ਸੀ ਅਤੇ ਉਸਦੇ ਸਾਰੇ ਅਫ਼ਸਰ ਇਸ ਕੰਮ ਵਿਚ ਰੁੱਝੇ ਰਹਿੰਦੇ ਸਨ।

**(ਫ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਦੀ ਦੇਵਿੰਦਰ ਸਤਿਆਰਥੀ ਨਾਲ ਕਿਵੇਂ ਮੁਲਾਕਾਤ ਹੋਈ ?

**ਉੱਤਰ :** ਦੇਵਿੰਦਰ ਸਤਿਆਰਥੀ ਨਾਲ ਡਾ. ਰੰਧਾਵਾ ਦੀ ਮੁਲਾਕਾਤ ਲਾਹੌਰ ਵਿਚ ਇਕ ਪੁਸਤਕਾਂ ਦੀ ਦੁਕਾਨ ਉਤੇ ਹੋਈ। ਉਸ ਨੇ ਲੰਬੀ ਦਾੜ੍ਹੀ ਅਤੇ ਸਿਰ ਉਪਰ ਪਟੇ ਰੱਖੇ ਹੋਏ ਹਨ। ਉਹ ਕੋਈ ਸਾਧੂ ਪ੍ਰਤੀਤ ਹੁੰਦਾ ਸੀ। ਉਹ ਪੰਜਾਬੀ ਲੋਕਗੀਤ ਇਕੱਠੇ ਕਰਨ ਦਾ ਕੰਮ ਕਰ ਰਿਹਾ ਸੀ। ਰੰਧਾਵਾ ਨੂੰ ਉਸਦੀ ਪੁਸਤਕ *'ਗਿੱਧਾ'* ਬਹੁਤ ਪਸੰਦ ਆਈ ਸੀ। ਰੰਧਾਵਾ ਆਪਣੀ ਪਤਨੀ ਇਕਬਾਲ ਲਈ ਕੋਈ ਦੁਪੱਟਾ ਖਰੀਦਣਾ ਚਾਹੁੰਦਾ ਸੀ ਪਰ ਉਸ ਨੂੰ ਰੰਗ ਚੁਣਨ ਦੀ ਜਾਚ ਨਹੀਂ ਸੀ। ਇਸ ਕਾਰਨ ਉਸ ਨੇ ਦੇਵਿੰਦਰ ਸਤਿਆਰਥੀ ਨੂੰ ਵੀ ਨਾਲ ਲੈ ਲਿਆ। ਪੈਸੇ ਰੰਧਾਵਾ ਨੇ ਹੀ ਦੇਣੇ ਸਨ। ਸਤਿਆਰਥੀ ਨੇ ਦੋ ਦੁਪੱਟੇ ਆਪਣੀ ਪਤਨੀ ਲਈ ਵੀ ਖਰੀਦ ਲਏ। ਭਾਵੇਂ ਰੰਧਾਵਾ ਸਾਹਿਬ ਨੂੰ ਉਸ ਦੀ ਇਹ ਮੰਗਤਿਆਂ ਵਰਗੀ ਆਦਤ ਪਸੰਦ ਤਾਂ ਨਾ ਆਈ ਪਰ ਉਸ ਨੇ ਸਤਿਆਰਥੀ ਦੀ ਮੱਦਦ ਕਰਦੇ ਰਹਿਣ ਦਾ ਫੈਸਲਾ ਜ਼ਰੂਰ ਕਰ ਲਿਆ ਅਤੇ ਬਾਅਦ ਵਿਚ ਕੀਤੀ ਵੀ।

**(ਬ) ਪ੍ਰਸ਼ਨ :** ਡਾ. ਰੰਧਾਵਾ ਨੂੰ ਦਿੱਲੀ ਦੀ ਡਿਪਟੀ ਕਮਿਸ਼ਨਰੀ ਕਿਵੇਂ ਮਿਲੀ ?

**ਉੱਤਰ :** ਡਾ. ਰੰਧਾਵਾ ਮਾਰਚ 1945 ਵਿਚ ਯੂ.ਪੀ. ਤੋਂ ਦਿੱਲੀ ਕੌਂਸਲ ਆਫ਼ ਐਗਰੀਕਲਚਰ ਵਿਚ ਸੈਕਟਰੀ ਬਣ ਕੇ ਆ ਗਿਆ ਸੀ। ਇਥੇ ਹੀ ਨਵੰਬਰ 1946 ਵਿਚ ਉਸ ਨੂੰ ਸ. ਰਣਜੀਤ ਸਿੰਘ ਠੇਕੇਦਾਰ ਅਤੇ ਲਾਲਾ ਦੁਰਗਾ ਦਾਸ ਐਡੀਟਰ 'ਹਿੰਦੁਸਤਾਨ ਟਾਈਮਜ਼' ਮਿਲਣ ਲਈ ਆ ਗਏ। ਉਨ੍ਹਾਂ ਨੇ ਦੱਸਿਆ ਕਿ ਉਸ ਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਲਾਉਣ ਦੀ ਤਜਵੀਜ਼ ਬਣ ਰਹੀ ਹੈ। ਅਗਲੇ ਹੀ ਦਿਨ ਸਰਦਾਰ ਪਟੇਲ ਦਾ ਸੁਨੇਹਾ ਆ ਗਿਆ। ਪਟੇਲ ਨੇ ਦੱਸਿਆ ਕਿ ਦਿੱਲੀ ਵਿਚ ਕਾਫ਼ੀ ਦੰਗੇ ਫਸਾਦ ਹੋ ਰਹੇ ਹਨ, ਇਸ ਲਈ ਉਹ ਕਿਸੇ ਕਾਬਲ ਅਫ਼ਸਰ ਨੂੰ ਡਿਪਟੀ ਕਮਿਸ਼ਨਰ ਲਾਉਣਾ ਚਾਹੁੰਦੇ ਹਨ। ਪੁਰਾਣੇ ਅੰਗਰੇਜ਼ ਡੀ.ਸੀ. ਲੀ ਬੇਲੀ ਉਪਰ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੈ। ਮਹਿੰਦਰ ਸਿੰਘ ਰੰਧਾਵਾ ਇਸ ਚੁਣੌਤੀ ਲਈ ਤਿਆਰ ਹੋ ਗਿਆ ਅਤੇ ਅਗਲੇ ਦਿਨ ਹੀ ਉਸ ਨੂੰ ਦਿੱਲੀ ਦਾ ਚਾਰਜ ਮਿਲ ਗਿਆ। ਜਿਸ ਨੂੰ ਉਸ ਨੇ ਬੜੀ ਕਾਬਲੀਅਤ ਨਾਲ ਸੰਭਾਲਿਆ।

**(ਭ) ਪ੍ਰਸ਼ਨ :** ਮੁਸਲਮਾਨਾਂ ਦੀ ਬੇਲਚਾ ਫੌਜ ਨਾਲ ਡਾ. ਰੰਧਾਵਾ ਨੇ ਕਿਵੇਂ ਨਜਿਠਿਆ ?

**ਉੱਤਰ :** ਮੌਲਾਣਾ ਅੱਲਾਮਾ ਮਸ਼ਰਕੀ ਆਪਣੀ ਬੇਲਚਾ ਫੌਜ ਨਾਲ ਦਿੱਲੀ ਆ ਗਿਆ। ਉਹ ਦਿੱਲੀ ਆਪਣੇ ਕਬਜ਼ੇ ਵਿਚ ਕਰਨਾ ਚਾਹੁੰਦਾ ਸੀ। ਇਹ ਲੋਕ ਮੌਲਾਣਾ ਆਜ਼ਾਦ, ਸ. ਪਟੇਲ ਅਤੇ ਪੰਡਤ ਨਹਿਰੂ ਨੂੰ ਮਾਰਨਾ ਚਾਹੁੰਦੇ ਸਨ। ਉਹ ਬਾਜ਼ਾਰਾਂ ਵਿਚ ਬੇਲਚਿਆਂ ਨਾਲ ਪਰੇਡ ਕਰਦੇ ਸਨ ਅਤੇ ਰਾਤ ਨੂੰ ਫਤਹਿਪੁਰੀ ਮਸਜਿਦ ਵਿਚ ਪਨਾਹ ਲੈਂਦੇ ਸਨ। ਸ. ਪਟੇਲ ਨੂੰ ਵਿਸ਼ਵਾਸ ਵਿਚ ਲੈ ਕੇ ਡਾ. ਰੰਧਾਵਾ ਚੀਫ਼ ਕਮਿਸ਼ਨਰ ਖੁਰਸ਼ੀਦ ਅਹਿਮਦ ਖਾਂ ਅਤੇ ਦੋ ਸੌ ਸਿਪਾਹੀਆਂ ਨੂੰ ਨਾਲ ਲੈ ਕੇ ਮਸਜਿਦ ਦੇ ਸਾਹਮਣੇ ਚਲਾ ਗਿਆ ਅਤੇ ਅਲਾਮਾ ਮਸ਼ਰਕੀ ਨੂੰ ਸਮਰਪਣ ਕਰਨ ਵਾਸਤੇ ਕਿਹਾ। ਪਰ ਉਹ ਕਦੋਂ ਅਜਿਹੀ ਅਪੀਲ ਮੰਨਦਾ ਸੀ ? ਆਖ਼ਰ ਅੱਥਰੂ ਗੈਸ ਦੇ ਗੋਲੇ ਸੁੱਟੇ ਗਏ ਅਤੇ ਜਿੰਨੇ ਵੀ ਖ਼ਾਕਸਾਰ ਹੱਥ ਆਏ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਵਿਚ ਅਮਨ-ਕਾਨੂੰਨ ਕਾਇਮ ਕੀਤਾ ਗਿਆ।

**(ਮ) ਪ੍ਰਸ਼ਨ :** ਹਿੰਦੂਆਂ ਅਤੇ ਮੁਸਲਮਾਨਾਂ ਵਿਚ ਪਰਸਪਰ ਨਫ਼ਰਤ ਕਿਸ ਨੇ ਫ਼ੈਲਾਈ ਸੀ ?

**ਉੱਤਰ :** ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੇ ਦਰਮਿਆਨ ਨਫ਼ਰਤ ਅੰਗਰੇਜ਼ਾਂ ਨੇ ਫੈਲਾਈ ਸੀ ਪਰੰਤੂ ਲੇਖਕ ਇਸ ਗੱਲ ਨਾਲ ਸਹਿਮਤ ਨਹੀਂ ਹੈ। ਉਸ ਦਾ ਕਹਿਣਾ ਹੈ ਕਿ ਇਹ ਨਫ਼ਰਤ ਪਹਿਲਾਂ ਤੋਂ ਹੀ ਮੌਜੂਦ ਸੀ। ਹਿੰਦੂ ਅਤੇ ਮੁਸਲਮਾਨਾਂ ਦੀ ਸਥਿਤੀ ਦੋ ਅਜਿਹੇ ਓਪਰੇ ਕੁੱਤਿਆਂ ਵਰਗੀ ਸੀ, ਜਿਨ੍ਹਾਂ ਨੂੰ ਸੰਗਲੀ ਨਾਲ ਬੰਨ੍ਹਿਆ ਹੋਇਆ ਸੀ। ਜਾਣ ਸਮੇਂ ਅੰਗਰੇਜ਼ਾਂ ਨੇ ਸੰਗਲੀਆਂ ਖੋਲ੍ਹ ਦਿੱਤੀਆਂ, ਜਿਸ ਕਾਰਨ ਦੋਵੇਂ ਇਕ-ਦੂਜੇ ਉਪਰ ਟੁੱਟ ਕੇ ਪੈ ਗਏ ਅਤੇ ਬਹੁਤ ਦੰਗਾ-ਫ਼ਸਾਦ ਹੋਇਆ।

**(ਯ) ਪ੍ਰਸ਼ਨ :** ਗਾਂਧੀ ਜੀ ਦੀ ਹੱਤਿਆ ਸੰਬੰਧੀ ਲੇਖਕ ਨੇ ਕੀ ਦੱਸਿਆ ਹੈ ?

**ਉੱਤਰ :** ਮਹਾਤਮਾ ਗਾਂਧੀ ਜੁਲਾਈ 1947 ਵਿਚ ਦਿੱਲੀ ਆ ਗਏ ਸਨ। 20 ਜਨਵਰੀ ਨੂੰ ਉਨ੍ਹਾਂ ਦੀ ਮੀਟਿੰਗ ਵਿਚ ਇਕ ਬੰਬ ਫਟਿਆ ਪਰ ਕੋਈ ਜਾਨੀ ਨੁਕਸਾਨ ਨਾ ਹੋਇਆ। ਸ. ਪਟੇਲ ਪਾਸ ਰੀਪੋਰਟਾਂ ਪਹੁੰਚ ਚੁੱਕੀਆਂ ਸਨ ਕਿ ਕੁੱਝ ਮਰਹੱਟੇ ਮਹਾਤਮਾ ਗਾਂਧੀ ਦੀ ਹੱਤਿਆ ਕਰਨੀ ਚਾਹੁੰਦੇ ਹਨ ਪਰ ਸ. ਪਟੇਲ ਨੇ ਦਿੱਲੀ ਐਡਮਿਨਿਸਟ੍ਰੇਸ਼ਨ ਨੂੰ ਕੁੱਝ ਨਾ ਦੱਸਿਆ। ਰੰਧਾਵਾ ਲਿਖਦਾ ਹੈ ਕਿ ਜੇ ਉਨ੍ਹਾਂ ਨੂੰ ਖ਼ਤਰੇ ਦੀ ਭਿਣਕ ਹੁੰਦੀ ਤਾਂ ਉਹ ਕਿਸੇ ਨੂੰ ਵੀ ਮੀਟਿੰਗ ਵਿਚ ਹਥਿਆਰ ਲੈ ਕੇ ਨਾ ਜਾਣ ਦਿੰਦੇ ਅਤੇ ਗਾਂਧੀ ਜੀ ਦੀ ਜਾਨ ਬਚ ਰਹਿੰਦੀ। ਹੱਤਿਆ ਤੋਂ ਬਾਅਦ ਲੇਖਕ ਹਤਿਆਰੇ ਨੂੰ ਦੇਖਣ ਗਿਆ। ਉਸ ਦਾ ਨਾਮ ਨਾਥੂ ਰਾਮ ਗੌਡਸੇ ਸੀ ਜੋ ਪੂਨੇ ਦਾ ਮਰਹੱਟਾ ਬ੍ਰਾਹਮਣ ਸੀ। ਉਸ ਨੂੰ ਆਪਣੇ ਕੁਕਰਮ ਦਾ ਕੋਈ ਅਫ਼ਸੋਸ ਨਹੀਂ ਸੀ।

**(ਰ) ਪ੍ਰਸ਼ਨ :** ਪਾਕਿਸਤਾਨ ਬਣਨ ਨਾਲ ਹਿੰਦੂ-ਸਿੱਖਾਂ ਨੂੰ ਕੀ ਨੁਕਸਾਨ ਹੋਇਆ ?

**ਉੱਤਰ :** ਪਾਕਿਸਤਾਨ ਵਿਚ ਮਾਰਚ 1947 ਤੋਂ ਹੀ ਦੰਗੇ-ਫਸਾਦ ਸ਼ੁਰੂ ਹੋ ਗਏ ਸਨ। ਮਾਰਚ 1947 ਵਿਚ ਰਾਵਲਪਿੰਡੀ ਦੰਗਿਆਂ ਸਮੇਂ 2000 ਸਿੱਖ ਮਾਰ ਦਿੱਤੇ ਗਏ। ਸੈਂਕੜੇ ਔਰਤਾਂ ਨੇ ਆਪਣੀ ਇੱਜ਼ਤ ਬਚਾਉਣ ਲਈ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ। ਸਭ ਤੋਂ ਕਰਾਰੀ ਚੋਟ ਸਿੱਖਾਂ ਉਪਰ ਪਈ। ਉਨ੍ਹਾਂ ਨੇ ਲਾਇਲਪੁਰ, ਸਰਗੋਧਾ ਅਤੇ ਮਿੰਟਗੁਮਰੀ ਦੀਆਂ ਬਾਰਾਂ ਆਬਾਦ ਕੀਤੀਆਂ ਸਨ। ਉਨ੍ਹਾਂ ਨੂੰ ਇਹ ਛੱਡਣੀਆਂ ਪਈਆਂ। ਸਿੱਖਾਂ ਦੇ ਪਵਿੱਤਰ ਗੁਰਧਾਮ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਡੇਹਰਾ ਸਾਹਿਬ ਲਾਹੌਰ ਉਧਰ ਰਹਿ ਗਏ। ਹਿੰਦੂ ਮਿਡਲ ਕਲਾਸ ਦਾ ਗੜ੍ਹ ਲਾਹੌਰ ਸੀ। ਲਾਹੌਰ ਵਿਚ ਹੀ ਉਨ੍ਹਾਂ ਦੇ ਸਕੂਲ, ਕਾਲਜ ਅਤੇ ਹੋਰ ਸੰਸਥਾਵਾਂ ਸਨ। ਹਿੰਦੂਆਂ ਦੀ ਸਾਰੀ ਦੌਲਤ ਪਾਕਿਸਤਾਨੀ ਮੁਸਲਮਾਨਾਂ ਦੇ ਇੰਜ ਕਾਬੂ ਆ ਗਈ ਜਿਵੇਂ ਸ਼ਹਿਦ ਭਰਿਆ ਮਖਿਆਲ ਦਾ ਛੱਤਾ ਚੋਣ ਵਾਲੇ ਦੇ ਹੱਥ ਆ ਜਾਵੇ।

**(ਲ) ਪ੍ਰਸ਼ਨ :** ਲੇਖਕ ਨੇ ਪ੍ਰਸਿੱਧ ਪੱਤਰਕਾਰ ਦੀਵਾਨ ਸਿੰਘ ਮਫ਼ਤੂਨ ਬਾਰੇ ਕੀ ਦੱਸਿਆ ਹੈ ?

**ਉੱਤਰ :** ਲੇਖਕ ਅਨੁਸਾਰ ਉਰਦੂ ਪੱਤਰਕਾਰੀ ਦੇ ਖੇਤਰ ਵਿਚ ਦੀਵਾਨ ਸਿੰਘ ਮਫ਼ਤੂਨ ਦਾ ਨਾਮ ਸਦਾ ਉੱਘਾ ਰਹੇਗਾ। ਉਹ ਰਿਆਸਤਾਂ ਦੇ ਰਾਜਿਆਂ ਤੇ ਨਵਾਬਾਂ ਦੇ ਜ਼ੁਲਮਾਂ ਨੂੰ ਬੜੀ ਦਲੇਰੀ ਨਾਲ ਨੰਗਾ ਕਰਦਾ ਸੀ। ਉਹ 'ਰਿਆਸਤ' (ਉਰਦੂ) ਅਖ਼ਬਾਰ ਦਾ ਐਡੀਟਰ ਸੀ। ਇਸ ਅਖ਼ਬਾਰ ਵਿਚ ਉਹ ਹਿੰਦੀ ਦੇ ਕਵੀ ਬਿਹਾਰੀ, ਪਦਮਾਕਰ ਅਤੇ ਕੇਸ਼ਵ ਦਾਸ ਆਦਿ ਦੀਆਂ ਹਿੰਦੀ ਕਵਿਤਾਵਾਂ ਦਾ ਉਰਦੂ ਵਿਚ ਉੱਥਲਾ ਕਰ ਕੇ ਛਾਪਿਆ ਕਰਦਾ ਸੀ। ਇਸ ਢੰਗ ਨਾਲ ਉਸ ਨੇ ਹਿੰਦੀ ਅਤੇ ਉਰਦੂ ਸਾਹਿੱਤ ਨੂੰ ਜੋੜਿਆ।

**(ਵ) ਪ੍ਰਸ਼ਨ :** ਮਹਿੰਦਰ ਸਿੰਘ ਰੰਧਾਵਾ ਨੇ ਸ਼ਰਨਾਰਥੀਆਂ ਦਾ ਪੁਨਰ-ਵਸੇਬਾ ਕਿਵੇਂ ਕੀਤਾ ?

**ਉੱਤਰ :** ਸ਼ਰਨਾਰਥੀਆਂ ਦੇ ਪੁਨਰ-ਵਸੇਬੇ ਲਈ ਡਾ. ਰੰਧਾਵਾ ਅੰਬਾਲੇ ਤੋਂ ਆਪਣਾ ਸਾਰਾ ਸਮਾਨ ਚੁੱਕ ਕੇ ਜਲੰਧਰ ਆ ਗਿਆ। ਰੰਧਾਵਾ ਅਤੇ ਉਸ ਦੇ ਮਾਤਹਿਤ ਅਫਸਰਾਂ ਦੀ ਟੀਮ ਕੰਡਿਆਲੀ ਤਾਰਾਂ ਦੇ ਇਕ ਵਲਗਣ ਵਿਚ ਬੈਠਦੀ ਸੀ। ਬਾਹਰ ਹਜ਼ਾਰਾਂ ਸ਼ਰਨਾਰਥੀ ਕੁਰਬਲ-ਕੁਰਬਲ ਕਰਦੇ ਫਿਰਦੇ ਸਨ। 7000 ਪਟਵਾਰੀ ਅਤੇ ਅਫ਼ਸਰ ਇਨ੍ਹਾਂ ਨੂੰ ਕਰਨਾਲ, ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਗੁਰਦਾਸਪੁਰ ਆਦਿ ਜ਼ਿਲ੍ਹਿਆਂ ਵਿਚ ਜ਼ਮੀਨਾਂ ਅਲਾਟ ਕਰ ਰਹੇ ਸਨ। ਕੰਪਨੀ ਬਾਗ ਜਲੰਧਰ ਦੇ ਕੋਲ ਲੇਖਕ ਦੀ ਕੋਠੀ ਸ਼ਰਨਾਰਥੀਆਂ ਨਾਲ ਭਰੀ ਰਹਿੰਦੀ ਸੀ, ਜੋ ਅਪੀਲਾਂ ਕਰਨ ਲਈ ਆਉਂਦੇ ਸਨ। ਲਗਪਗ ਦੋ ਵਰ੍ਹਿਆਂ ਵਿਚ ਸਾਰਾ ਕੰਮ ਸਮਾਪਤ ਹੋ ਗਿਆ ਅਤੇ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਸਾਰੇ ਸ਼ਰਨਾਰਥੀਆਂ ਨੂੰ ਜ਼ਮੀਨਾਂ ਅਲਾਟ ਹੋ ਗਈਆਂ। ਇਹ ਐਸਾ ਕੰਮ ਸੀ ਜਿਸਦਾ ਬਦਲ ਸਾਰੀ ਇਨਸਾਨੀ ਤਵਾਰੀਖ਼ ਵਿਚ ਨਹੀਂ ਮਿਲਦਾ।

**(ੜ) ਪ੍ਰਸ਼ਨ :** ਰਾਜਾ ਰਾਮ ਸਿੰਘ ਦੇ ਸੰਗ੍ਰਹਿ ਵਿਚ ਕਿਸ ਪ੍ਰਕਾਰ ਦੇ ਚਿੱਤਰ ਮਿਲਦੇ ਹਨ?

**ਉੱਤਰ :** ਲੇਖਕ ਨੂੰ ਕਾਂਗੜਾ ਸ਼ੈਲੀ ਦੇ ਚਿੱਤਰ ਸੰਗ੍ਰਹਿਤ ਕਰਨ ਵਿਚ ਦਿਲਚਸਪੀ ਸੀ। ਇਸ ਮੰਤਵ ਲਈ ਉਸ ਨੇ ਰਾਮ ਸਿੰਘ ਦੇ ਮਹਿਲ ਵਿਚ ਜਾ ਕੇ ਉਸ ਦੇ ਸੰਗ੍ਰਹਿ ਵੇਖਿਆ। ਇਸ ਵਿਚ ਤਿੰਨ ਸ਼ੈਲੀਆਂ ਦੇ ਚਿੱਤਰ ਸਨ : 1. ਬਸੋਹਲੀ, 2. ਰਾਜਸਥਾਨੀ ਅਤੇ 3. ਕਾਂਗੜਾ ਸ਼ੈਲੀ। ਬਸੋਹਲੀ ਸ਼ੈਲੀ ਦੇ ਚਿਤਰਾਂ ਦੇ ਕਿਨਾਰੇ ਗੂੜ੍ਹੇ ਲਾਲ ਤੇ ਬਾਕੀ ਰੰਗ ਵੀ ਅਤਿ ਸ਼ੋਖ ਹਨ। ਇਨ੍ਹਾਂ ਦਾ ਕੰਮ ਬੜਾ ਨਾਜ਼ਕ ਅਤੇ ਸੁੰਦਰ ਹੈ। ਰਾਜਸਕਾਨੀ ਸ਼ੈਲੀ ਦੇ ਚਿੱਤਰਾਂ ਉਪਰ ਮੁਗ਼ਲ ਕਲਾ ਦਾ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ। ਇਨ੍ਹਾਂ ਚਿੱਤਰਾਂ ਵਿਚ ਔਰਤਾਂ ਤੇ ਮਰਦਾਂ ਦੇ ਮੂੰਹ ਦੀ ਬਣਾਵਟ ਬੈਜ਼ਵੀ (ਅੰਡਾਕਾਰ)

ਹੁੰਦੀ ਹੈ। ਕਾਂਗੜਾ ਸ਼ੈਲੀ ਦੇ ਚਿੱਤਰਾਂ ਵਿਚ ਕੁਝ ਧਾਰਮਿਕ ਚਿੱਤਰ ਸਨ ਅਤੇ ਕੁਝ ਸ਼ਿੰਗਾਰ ਰਸ ਦਾ ਨਿਰੂਪਣ ਕਰਦੇ ਸਨ। ਇਕ ਚਿੱਤਰ ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਵੀ ਸੀ। ਗੁਰੂ ਸਾਹਿਬ ਨੇ ਪੀਲਾ ਚੋਗਾ ਪਾਇਆ ਹੋਇਆ ਹੈ ਅਤੇ ਮੋਢਿਆਂ ਉਪਰ ਫ਼ਕੀਰਾਂ ਵਾਲੀ ਗੋਦੜੀ ਲੈ ਰੱਖੀ ਹੈ। ਇਹ ਸਾਰੇ ਚਿੱਤਰ ਉਸਦੀਆਂ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਪੁਸਤਕਾਂ 'ਕਾਂਗੜਾ ਪੇਟਿੰਗਜ਼' ਵਿਚ ਦਿੱਤੇ ਗਏ ਹਨ।

................

**ਪ੍ਰਸ਼ਨ :** ਉਕਤ ਪਾਠਾਂ ਵਿਚ ਦਿੱਤੀ ਗਈ ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

1. *'ਆਪ ਬੀਤੀ'* ਪੁਸਤਕ ਨੂੰ ਇਕ ਸ੍ਵੈਜੀਵਨੀ ਦੇ ਰੂਪ ਵਿਚ ਪਰਖੋ।
2. *'ਆਪ ਬੀਤੀ'* ਵਿਚ ਭਾਰਤੀ ਸਭਿਆਚਾਰ ਦੀ ਕਿਹੋ ਜਿਹੀ ਝਲਕ ਮਿਲਦੀ ਹੈ ?
3. *'ਆਪ ਬੀਤੀ'* ਪੁਸਤਕ ਦੀਆਂ ਬਿਰਤਾਂਤ-ਜੁਗਤਾਂ ਅਤੇ ਸ਼ਿਲਪ ਉਪਰ ਇਕ ਨੋਟ ਲਿਖੋ।
4. ਡਾ. ਮਹਿੰਦਰ ਸਿੰਘ ਰੰਧਾਵਾ ਨੇ ਸ਼ਰਨਾਰਥੀਆਂ ਦੇ ਪੁਨਰ-ਵਸੇਬੇ ਅਤੇ ਪੰਜਾਬੀ ਕਿਸਾਨਾਂ ਦੀ ਜ਼ਮੀਨ ਦੀ ਚੱਕਬੰਦੀ ਦਾ ਕੰਮ ਕਿਵੇਂ ਕੀਤਾ ?
5. ਡਾ. ਮਹਿੰਦਰ ਸਿੰਘ ਰੰਧਾਵਾ ਦੀ ਪੰਜਾਬੀ ਵਾਰਤਕ ਨੂੰ ਦੇਣ ਉਪਰ ਇਕ ਵਿਸ਼ਲੇਸ਼ਣਾਤਮਕ ਲੇਖ ਲਿਖੋ।

## ਸਹਾਇਕ ਪੁਸਤਕਾਵਲੀ

**ਪੰਜਾਬੀ**

ਧਰਮ ਚੰਦ ਵਾਤਿਸ਼, *ਸ੍ਵੈਜੀਵਨੀ ਸ਼ਾਸਤਰ*, ਪੁਨੀਤ ਪਬਲਿਸ਼ਰਜ਼, ਮਾਲੇਰਕੋਟਲਾ, 1999.

*ਪੰਜਾਬੀ ਸਾਹਿਤ ਦਾ ਇਤਿਹਾਸ : ਭਾਗ ਦੂਜਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

ਬ੍ਰਹਮਜਗਦੀਸ਼ ਸਿੰਘ, *ਮੁੱਢਲੀ ਪੰਜਾਬੀ ਵਾਰਤਕ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2011.

-------, *ਆਧੁਨਿਕ ਪੰਜਾਬੀ ਵਾਰਤਕ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2012.

-------, *ਸਾਹਿੱਤ ਦੇ ਰੂਪ : ਸਿਧਾਂਤ ਤੇ ਵਿਕਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2014.

-------, *ਪੰਜਾਬੀ ਸਾਹਿੱਤ ਦਾ ਇਤਿਹਾਸ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਸੋਧਿਆ ਤੇ ਵਧਾਇਆ ਐਡੀਸ਼ਨ, 2017.

ਮਹਿੰਦਰ ਸਿੰਘ ਰੰਧਾਵਾ, *ਆਪ ਬੀਤੀ*, ਨਵਯੁਗ ਪ੍ਰਕਾਸ਼ਨ, ਨਵੀਂ ਦਿੱਲੀ, ਨਵਾਂ ਐਡੀਸ਼ਨ, 2014.

ਰਾਜਬੀਰ ਕੌਰ, *ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ : ਸਿਧਾਂਤ ਤੇ ਵਿਹਾਰ*, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009.

ਰਤਨ ਸਿੰਘ ਜੱਗੀ, *ਪੰਜਾਬੀ ਸ੍ਵੈਜੀਵਨੀ : ਇਕ ਮੁਲਾਂਕਣ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

**ਅੰਗਰੇਜ਼ੀ**

Benjamin Franklin, *The Autobiography,* New York, 1958.

Sutherland James R., *On English Prose,* Toronto, 1960.

Roy Pascal, *Design and Truth in Autobiography,* London, 1960.

Wethered H.N., *The Curious Art of Autobiography,* London, 1956.

## ਬਲਵੰਤ ਗਾਰਗੀ ਦੁਆਰਾ ਰਚਿਤ ਵਿਅਕਤੀ ਚਿਤਰਾਂ ਦੇ ਥੀਮਕ-ਪਾਸਾਰ

ਬਲਵੰਤ ਗਾਰਗੀ ਪੰਜਾਬੀ ਸਾਹਿਤ ਦੇ ਸਿਰਜਣਾਤਮਕ ਵਰਤਾਰੇ ਦਾ ਪ੍ਰਮੁੱਖ ਹਸਤਾਖਰ ਹੈ ਪੰਜਾਬੀ ਨਾਟਕ ਸਿਰਜਣਾ ਦੇ ਖੇਤਰ ਵਿਚ ਉਸ ਦਾ ਵਿਸ਼ੇਸ਼ ਮੁਕਾਮ ਹੈ ਨਾਟਕਕਾਰੀ ਅਤੇ ਰੰਗ ਮੰਚ ਤੋਂ ਬਿਨਾ ਉਹ ਪੰਜਾਬੀ ਵਾਰਤਕ ਜਗਤ ਦਾ ਪ੍ਰਮੁੱਖ ਵਾਰਤਾਕਾਰ ਹੈ, ਹੁਸੀਨ ਚਿਹਰੇ ਪੁਸਤਕ ਵਿਚ ਉਸ ਨੇ ਵਿਅਕਤੀ ਚਿੱਤਰਾਂ ਰਾਹੀਂ ਕਿਸੇ ਸਖਸ਼ੀਅਤ ਦੇ ਸਿਰਜਣੀ ਵਰਤਾਰੇ ਦੇ ਪ੍ਰਮੁੱਖ ਪ੍ਰੇਰਕਾਂ ਦੀ ਨਿਸ਼ਾਨਦੇਹੀ ਕੀਤੀ ਹੈ ਇਸ ਪਾਠ ਵਿਚ ਅਸੀਂ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਉਨ੍ਹਾਂ ਵਿਅਕਤੀਆਂ ਬਾਰੇ ਚਰਚਾ ਕਰਾਂਗੇ ਜਿਹੜੇ ਗਾਰਗੀ ਨਾਲ ਅਨੁਭਵ ਦੇ ਪੱਧਰ ਉਤੇ ਜੁੜੇ ਰਹੇ ਹਨ ਇਸ ਵਿਚ ਉਰਦੂ, ਪੰਜਾਬੀ ਸਾਹਿਤ ਨਾਲ ਜੁੜੇ ਲੋਕ ਅਤੇ ਕਲਾ ਦੇ ਖੇਤਰ ਨਾਲ ਸੰਬੰਧਿਤ ਲੋਕ ਵੀ ਸ਼ਾਮਲ ਹਨ ਇਸ ਵਿਚ ਸਆਦਤ ਮੰਟੋ, ਖੁਸ਼ਵੰਤ ਸਿੰਘ, ਰੇਸ਼ਮਾ, ਦਵਿੰਦਰ ਸਤਿਆਰਥੀ, ਸਾਹਿਰ ਲੁਧਿਆਣਵੀ, ਫਿਕਰ ਤੌਂਸਵੀ, ਸ਼ਿਵ ਬਟਾਲਵੀ, ਐਮ.ਐਸ. ਰੰਧਾਵਾ, ਰਾਜਿੰਦਰ ਸਿੰਘ ਬੇਦੀ ਅਤੇ ਯਾਮਿਨੀ ਕ੍ਰਿਸ਼ਨਾਮੂਰਤੀ ਸ਼ਾਮਲ ਹਨ ਇਹ ਸਾਰੇ ਲੋਕ ਕਲਾ ਅਤੇ ਸਾਹਿਤ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਹਨ ਇਨ੍ਹਾਂ ਦੀ ਸਿਰਜਣਾ, ਕਲਾਤਮਕ ਪ੍ਰਦਰਸ਼ਨ ਅਤੇ ਸਖ਼ਸੀਅਤ ਵਿਚਕਾਰ ਸੰਤੁਲਨ ਅਤੇ ਅਸਤੁੰਲਨ ਦੋਵੇਂ ਹਨ ਇਹ ਦੋਵੇਂ ਵਰਤਾਰੇ ਉਸ ਦੀ ਕਲਾਤਮਕ ਅਭੀਵਿਅਕਤੀ ਅਭੀਵਿਅਕਤੀ ਵਿਚ ਮੌਜੂਦ ਹਨ ਇਨ੍ਹਾਂ ਦੀ ਪਛਾਣ ਵਿਚੋਂ ਇਨ੍ਹਾਂ ਵਿਅਕਤੀਆਂ ਦੀ ਕਲਾ ਦੀ ਵਿਲੱਖਣਤਾ ਦੀ ਪਛਾਣ ਕੀਤੀ ਕੀਤੀ ਜਾ ਸਕਦੀ ਹੈ

### ਪਾਠ ਦੀ ਬਣਤਰ

ਇਹ ਪਾਠ ਉਨ੍ਹਾਂ ਦਸ ਵਿਅਕਤੀਆਂ ਦੇ ਵਿਅਕਤੀ ਚਿੱਤਰਾਂ ਉੱਤੇ ਅਧਾਰਿਤ ਹੈ ਜਿਨ੍ਹਾਂ ਨੇ ਸਾਹਿਤ, ਕਲਾ, ਨਾਚ ਅਤੇ ਪੱਤਰਕਾਰੀ ਦੇ ਖੇਤਰ ਵਿਚ ਪ੍ਰਮੁੱਖ ਯੋਗਦਾਨ ਹੀ ਨਹੀਂ ਪਾਇਆ ਸਗੋਂ ਆਪਣੀ ਪ੍ਰਤਿਭਾ ਨਾਲ ਕਲਾ ਦੀ ਉਸ ਵਿਧਾ ਨੂੰ ਵੀ ਗਤੀਸ਼ੀਲ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਕੰਮ ਕੀਤਾ ਹੈ ਇਸ ਪਾਠ ਵਿਚ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਦੇ ਵਿਹਾਰ ਦਾ ਜ਼ਿਕਰ ਕੀਤਾ ਹੈ, ਜਿਹੜਾ ਉਸ ਵਿਅਕਤੀ ਦੀ ਰਚਨਈ ਸਖਸ਼ੀਅਤ ਨੂੰ ਪ੍ਰਭਾਵਿਤ ਕਰਦੇ ਰਹੇ ਹਨ ਇਸ ਪਾਠ ਦੀ ਬਣਤਰ ਵਿਚ ਉਹ ਹਵਾਲੇ ਵੀ ਸ਼ਾਮਲ ਹਨ ਜਿਨ੍ਹਾਂ ਦਾ ਜ਼ਿਕਰ ਲੇਖਕ ਨੇ ਆਪਣੇ ਰੇਖਾ ਚਿੱਤਰਾਂ ਵਿਚ ਕੀਤਾ ਹੈ ਇਹ ਹਵਾਲੇ ਲੇਖਕਾਂ ਦੀ ਸਖ਼ਸ਼ੀਅਤ ਦੀ ਗਵਾਹੀ ਨਹੀਂ ਸਗੋਂ ਰੇਖਾ ਚਿਤਰਕਾਰ ਦੀ ਸ਼ੈਲੀ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਸਾਰਾਂ ਨੂੰ ਵੀ ਰੇਖਾਕ੍ਰਿਤ ਕਰਦੇ ਹਨ ਇਸ ਲਈ ਇਸ ਪਾਠ ਦੀ ਸ਼ੈਲੀ ਵਰਣਾਤਮਕ ਅਤੇ ਸਰੋਤਮੁਖੀ ਹੈ ਇਨ੍ਹਾਂ ਰੇਖਾ ਚਿੱਤਰਾਂ ਦਾ ਮੁਲੰਕਣ ਉਸੇ ਤਰਤੀਬ ਵਿਚ ਕੀਤਾ ਗਿਆ ਹੈ ਜਿਸ ਤਰਤੀਬ ਵਿਚ ਉਹ 'ਹੁਸੀਨ ਚਿਹਰੇ' ਟੈਕਸਟ ਵਿਚ ਸ਼ਾਮਲ ਕੀਤੇ ਗਏ ਹਨ

### ਹਿੰਦੁਸਤਾਨੀ ਸਾਹਿਤ ਦਾ ਉੱਚਾ ਮੀਨਾਰ: ਮੰਟੋ

ਬਲਵੰਤ ਗਾਰਗੀ ਪੰਜਾਬੀ ਰੇਖਾ ਚਿੱਤਰਕਾਰੀ ਵਿਚ ਅਜਿਹਾ ਨਾਂ ਹੈ ਜਿਹੜਾ ਵਿਅਕਤੀ ਚਿੱਤਰਾਂ ਨੂੰ ਅਨੁਭਵਮੁਖਤਾ ਵਿਚੋਂ ਵਿਕਸਤ ਕੀਤਾ ਹੈ ਉਹ ਮੰਟੋ ਨੂੰ ਉਸ ਦੀ ਪ੍ਰਮੁੱਖ ਕਹਾਣੀ 'ਬੂ' ਵਿਚੋਂ ਪਛਾਣਦਾ ਹੈ ਗਾਰਗੀ ਇਸ ਕਹਾਣੀ ਪੜ੍ਹਨ ਤੋਂ ਬਾਅਦ ਮਹਿਸੂਸ ਕਰਦਾ ਹੈ ਕਿ ਉਸ ਨੂੰ ਉਰਦੂ ਸਾਹਿਤ ਬਾਰੇ ਕਿਸ਼ਨ ਚੰਦਰ ਅਤੇ ਰਜਿੰਦਰ ਸਿੰਘ ਬੇਦੀ ਦੇ ਰਾਹੀਂ ਨਹੀਂ ਸਗੋਂ ਨਵੇਂ ਢੰਗ ਨਾਲ ਮੰਟੋ ਦੀਆਂ ਰਚਨਾਵਾਂ ਰਾਹੀਂ ਸਮਝਣਾ ਅਤੇ ਸੋਚਣਾ ਚਾਹੀਦਾ ਹੈ ਮੰਟੋ ਉਰਦੂ ਸਾਹਿਤ ਦਾ ਅਜਿਹਾ ਲੇਖਕ ਸੀ ਜਿਹੜਾ ਕਿਸੇ ਵੀ ਮਜ਼ਮੂਨ ਉਤੇ ਡਰਾਮਾ ਲਿਖ ਸਕਦਾ ਸੀ ਇਹ ਤੱਤ ਉਸ ਦੀ ਕਲਾਤਮਕ ਸਿਰਜਣਾ ਦਾ ਮਹੱਤਵਪੂਰਨ ਤੱਤ ਸੀ ਗਾਰਗੀ ਉਸ ਦੀ ਇਕ ਪ੍ਰਤਿਭਾ ਨੂੰ ਇਸ ਤਰ੍ਹਾਂ ਚਿਤਰਤ ਕਰਦਾ ਹੈ:-

"ਉਸਨੂੰ ਆਪਣੀ ਕਲਾ ਉਤੇ ਨਾਜ਼ ਸੀ ਤੇ ਕਈ ਵਾਰ ਉਹ ਸ਼ਰਤ ਲਾ ਕੇ ਡਰਾਮਾ ਲਿਖਦਾ ਇਕ ਵਾਰ ਉਸ ਨੇ ਦੋਸਤਾਂ ਦੇ ਸਾਹਮਣੇ ਐਲਾਨ ਕੀਤਾ ਕਿ ਉਹ ਕੋਈ ਨਾਂ ਜਾਂ ਮਜ਼ਮੂਨ ਤਜਵੀਜ਼ ਕਰਨ ਉਹ ਉਸ ਉੱਤੇ ਡਰਾਮਾ ਲਿਖ ਦੇਵੇਗਾ: ਸ਼ਰਤ ਦੋ ਦਰਜਨ ਬੀਅਰ ਦੀਆਂ ਬੋਤਲਾਂ

ਇਕ ਦੋਸਤ ਨੇ ਕਿਹਾ, "ਕਬੂਤਰੀ ਲਿਖ ਇਸ ਉਤੇ ਡਰਾਮਾ ਲਿਖਿਆ ਜੋ ਬੇਹਦ ਮਕਬੂਲ ਹੋਇਆ

ਇਕ ਵਾਰ ਉਹ ਦੋਸਤਾਂ ਨਾਲ ਡਰਾਮੇ ਬਾਰੇ ਸ਼ਰਤ ਲਾ ਰਿਹਾ ਸੀ ਕਿ ਕੋਈ ਕਮਰੇ ਅੰਦਰ ਦਾਖਲ ਹੁੰਦੇ ਹੋਏ ਬੋਲਿਆ, "ਕੀ ਮੈਂ ਅੰਦਰ ਆ ਸਕਦਾ ਹਾਂ?"

ਦੂਜੇ ਆਦਮੀ ਨੇ ਕਿਹਾ, "ਮੰਟੋ, ਮਜ਼ਾ ਤਾਂ ਫਿਰ ਐ ਜੇ ਤੂੰ ਇਸੇ ਅਨਵਾਨ ਉਤੇ ਡਰਾਮਾ ਲਿਖੇਂ"

ਬੀਅਰ ਦੀਆਂ ਬੋਤਲਾਂ ਦੀ ਸ਼ਰਤ ਲਗ ਗਈ ਮੰਟੋ ਨੇ 'ਕੀ ਮੈਂ ਅੰਦਰ ਆ ਸਕਦਾ ਹਾਂ?' ਡਰਾਮਾ ਲਿਖ ਦਿੱਤਾ"

**(ਹੁਸੀਨ ਚਿਹਰੇ), ਪੰਨਾ 14**

ਮੰਟੋ ਸਮਾਜ ਦੇ ਜਿਸ ਦੌਰ ਵਿਚ ਜੀਅ ਰਿਹਾ ਸੀ ਉਸ ਨੇ ਉਸ ਸਮਾਜ ਦੀਆਂ ਬੁਰਾਈਆਂ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਇਸੇ ਕਰਕੇ ਉਸ ਦੀ ਕਲਮ ਨੂੰ ਤੇਜ਼ ਨਸ਼ਤਰ ਆਖਿਆ ਜਾਂਦਾ ਸੀ ਮੰਟੋ ਉਤੇ ਵਾਰ-ਵਾਰ ਅਸ਼ਲੀਲ ਲਿਖਣ ਦੇ ਦੋਸ਼ ਦੋਸ਼ ਲਗਦੇ ਸਨ ਪਰੰਤੂ ਸਾਰੇ ਉਸਦੀ ਕਲਾ ਦਾ ਲੋਹਾ ਮੰਨਦੇ ਸਨ ਮੰਟੋ ਸੁਭਾਅ ਦੇ ਪੱਖੋਂ ਖਰਵਾ ਅਤੇ ਆਪਣੀ ਪ੍ਰਸੰਸਾ ਕਰਾਉਣ ਦੇ ਹੱਕ ਵਿਚ ਨਹੀਂ ਸੀ ਮੰਟੋ ਹੀ ਸੀ ਜਿਹੜਾ ਆਪਣੀ ਕਿਤਾਬ ਦੇ ਇਸ਼ਤਿਹਾਰ ਉਤੇ ਲਿਖ ਸਕਦਾ ਹੈ ਕਿ 'ਮੰਟੋ ਬਕਵਾਸ ਲਿਖਦਾ ਹੈ' ਅਤੇ ਕਿਸੇ ਉਚੇ ਰੁਤਬੇ ਵਾੇ ਵਿਅਕਤੀ ਨੂੰ ਮਿਲਣ ਉਤੇ ਕਹਿ ਸਕਦਾ ਹੈ ਕਿ 'ਉਸ ਨੂੰ ਮਿਲ ਕੇ ਕੋਈ ਖੁਸ਼ੀ ਨਹੀਂ ਹੋਈ'

ਗਾਰਗੀ ਮੰਟੋ ਦੀ ਸਖ਼ਸ਼ੀਅਤ ਦੇ ਕਈ ਪੱਖ ਉਘਾੜਦਾ ਹੈ ਉਹ ਬਿਨਾ ਕਿਸੇ ਪਰਦਾਦਾਰੀ ਦੇ ਵੇਸਵਾਵਾਂ ਦੇ ਕੋਠਿਆਂ ਕੋਠਿਆਂ ਉਤੇ ਜਾਂਦਾ ਹੈ ਮੰਟੋ ਦੀ ਰੂਹ ਵਿਚ ਇਕ ਅਜੀਬ ਬੇਗਾਨਗੀ ਸੀ ਵੱਡੇ-ਵੱਡੇ ਪ੍ਰਕਾਸ਼ਕ ਉਸ ਦੀ ਕਹਾਣੀ ਛਾਪਣ ਲਈ ਆਤਰ ਰਹਿੰਦੇ ਸਨ ਮੰਟੋ ਅਜਿਹਾ ਲੇਖਕ ਸੀ ਜਿਸ ਨੇ ਵਿਅਕਤੀ ਉਤੇ ਉਸਨੇ ਧਾਰਮਿਕ ਅਵਚੇਤਨ ਨੂੰ ਭਾਰੂ ਨਹੀਂ ਹੋਣ ਦਿੱਤਾ ਗਾਰਗੀ ਮੰਟੋ ਦੇ ਰੇਖਾ ਚਿੱਤਰਾਂ ਵਿਚ ਨੋਟ ਕਰਦਾ ਹੈ ਕਿ ਇਕ ਵਾਰ ਕਿਸੇ ਨੇ ਮੰਟੋ ਨੂੰ 'ਕਿੰਨਾ ਕੁ ਮੁਸਲਮਾਨ ਹੋਣ ਬਾਰੇ ਪੁੱਛਿਆ ਤਾਂ ਮੰਟੋ ਨੇ ਜਵਾਬ ਦਿੱਤਾ ਕਿ "ਇਸਲਾਮੀਆ ਕਾਲਜ ਅਤੇ ਡੀ.ਏ.ਵੀ. ਕਾਲਜ ਦੇ ਫੁੱਟਬਾਲ ਮੈਚ ਸਮੇਂ ਇਸਲਾਮੀਆ ਕਾਲਜ ਦੇ ਗੋਲ ਕਰਨ ਤੇ ਖੁਸ਼ੀ ਜਿੰਨਾ ਮੁਸਲਮਾਨ ਹਾਂ ਇਹ ਗੱਲ ਬਕੌਲ ਗਾਰਗੀ" ਫੁੱਟਬਾਲ ਦੇ ਮੈਚ ਵਾਲੀ ਵਾਲੀ ਗੱਲ ਉਸਨੇ ਸ਼ਾਇਦ ਇਸ ਲਈ ਆਖੀ ਕਿ ਕਈ ਹਿੰਦੂ ਲੇਖਕ ਜੋ ਤਰੱਕੀ ਪਸੰਦ ਹੋਣ ਦਾ ਦਾਅਵਾ ਕਰਦੇ ਸਨ ਤੇ ਅੰਦਰੋਂ ਕੱਟੜ ਹਿੰਦੂ ਸਨ ਖੁੱਲ੍ਹ ਕੇ ਇਹ ਗੱਲ ਨਹੀਂ ਸਨ ਕਹਿ ਸਕਦੇ ਮੰਟੋ ਨੇ ਉਸ ਜਜਬੇ ਬਾਰੇ ਲਿਖ ਕੇ ਜੋ ਸਾਡੇ ਨਿਮਨ ਚੇਤਨ ਵਿਚ ਲਰਜ਼ਦਾ ਹੈ ਤੇ ਜਿਸ ਉਤੇ ਸਾਡਾ ਚੇਤੰਨ ਤੌਰ ਤੇ ਕੋਈ ਵਸ ਨਹੀਂ ਹੁੰਦਾ, ਸਾਨੂੰ ਇਕ ਡੂੰਘੇ ਸੱਚ ਦੇ ਸਾਹਮਣੇ ਲਿਆ ਖੜ੍ਹਾ ਕੀਤਾ ਹੈ" (ਹੁਸੀਨ ਚਿਹਰੇ) ਪੰਨਾ 26

ਮੰਟੋ ਨੇ ਦੇਸ਼ ਵੰਡ ਸਮੇਂ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ ਉਹ ਮੁਸਲਮਾਨ ਹੋਣ ਕਰਕੇ ਪਾਕਿਸਤਾਨ ਨਹੀਂ ਜਾਣਾ ਚਾਹੁੰਦਾ ਸੀ ਸਗੋਂ ਬਕੋਲ ਮੰਟੋ ਉਹ ਪਾਕਿਸਤਾਨ ਵਿਚ ਸਿਆਸੀ ਹਰਾਮਜ਼ਦਗੀਆਂ ਦਾ ਪਰਦਾਫਾਸ ਕਰਨਾ ਚਾਹੁੰਦਾ ਸੀ ਉਹ ਉਰਦੂ ਵਿਚ ਹੀ ਲਿਖਣਾ ਚਾਹੁੰਦਾ ਸੀ ਭਾਰਤ ਵਿਚ ਉਸ ਸਮੇਂ ਹਿੰਦੀ ਦਾ ਬੋਲਬਾਲਾ ਸ਼ੁਰੂ ਹੋ ਗਿਆ ਸੀ ਪਰੰਤੂ ਪਾਕਿਸਤਾਨ ਵਿਚ ਉਸਨੂੰ ਤਰੱਕੀ ਪਸੰਦ ਮਦੀਬਾਂ ਦ ਵਿਰੋਧ ਦਾ ਸਾਹਮਣਾ ਕਰਨਾ ਪਿਆ ਉਨ੍ਹਾਂ ਨੇ ਉਸ ਉਤੇ ਅਸ਼ਲੀਲ ਹੋਣ ਦੇ ਇਲਜ਼ਾਮ ਲਾਏ ਇਸ ਦੇ ਨਾਲ ਫਿਰਕਾਪ੍ਰਸਤ ਵੀ ਉਸ ਦਾ ਵਿਰੋਧ ਕਰਦੇ ਸਨ ਇਸੇ ਸਥਿਤੀ ਵਿਚ ਮਾਯੂਸੀ ਦੇ ਆਲਮ ਵਿਚ ਪਹੁੰਚ ਗਿਆ ਅਤੇ ਸ਼ਰਾਬ ਦੀ ਆਦਤ ਉਸ ਦੀ ਕਮਜ਼ੋਰੀ ਬਣ ਗਈ ਅਖੀਰ ਵਿਚ ਉਹ ਪਾਗਲਪਨ ਦੀ ਅਵਸਥਾ ਵਿਚ ਪਹੁੰਚ ਗਿਆ ਪਾਗਲਖਾਨੇ ਵਿਚ ਜਾ ਕੇ ਵੀ ਉਸਨੇ 'ਟੋਭਾ ਟੇਕ ਸਿੰਘ' ਵਰਗੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਮੰਟੋ ਨੂੰ ਆਪਣੇ ਵੱਡਾ ਲੇਖਕ ਹੋਣ ਦਾ ਅਹਿਸਾਸ ਸੀ ਗਾਰਗੀ ਨੇ ਮੰਟੋ ਦੀ ਸਿਰਜਣਕਾਰੀ, ਸੁਭਾਅ ਅਤੇ ਵਿਹਾਰ ਦੀਆਂ ਕਈ ਪਰਤਾਂ ਨੂੰ ਇਸ ਰੇਖਾ-ਚਿੱਤਰ ਦੇ ਆਰ-ਪਾਰ ਫੈਲਾਇਆ ਹੈ

ਗਾਰਗੀ ਦੇ ਰੇਖਾ-ਚਿੱਤਰਾਂ ਦਾ ਪਾਸਾਰ ਸਾਹਿਤਕਾਰੀ ਚੋਂ ਹੁੰਦਾ ਹੋਇਆ ਪੱਤਰਕਾਰੀ ਤਕ ਪਹੁੰਚਦਾ ਹੈ ਇਸ ਚਿੱਤਰਕਾਰੀ ਦੇ ਪਾਸਾਰ ਦੇ ਕੇਂਦਰ ਵਿਚ ਖੁਸ਼ਵੰਤ ਸਿੰਘ ਹੈ ਗਾਰਗੀ ਖੁਸ਼ਵੰਤ ਸਿੰਘ ਦੀ ਸਖ਼ਸ਼ੀਅਤ ਦੀਆਂ ਪਰਤਾਂ ਨੂੰ ਇਕ-ਇਕ ਕਰਕੇ ਪਾਠਕ ਸਾਹਮਣੇ ਖੋਲ੍ਹਦਾ ਜਾਂਦਾ ਹੈ ਉਹ ਇਕ ਅਜਿਹਾ ਵਿਅਕਤੀ ਸੀ ਜਿਸ ਦੇ ਵਿਚਾਰ, ਵਿਹਾਰ ਅਤੇ ਲਿਖਤਾਂ ਵਿਚ ਇਕਸੁਰਤਾ ਸੀ ਭਾਰਤ ਸਮਾਜਕ, ਆਰਥਿਕ ਅਤੇ ਰਾਜਸੀ ਢਾਂਚੇ ਸਬੰਧੀ ਉਸ ਦਾ ਇਕ ਦ੍ਰਿਸ਼ਟੀਕੋਨ ਹੈ ਉਹ ਪ੍ਰਬੁੱਧ ਪੱਤਰਕਾਰ, ਸਮਰੱਥਾਵਾਨ ਸਾਹਿਤਕਾਰ ਅਤੇ ਦਬੰਗ ਸਖ਼ਸ਼ੀਅਤ ਦਾ ਮਾਲਕ ਸੀ

ਖੁਸ਼ਵੰਤ ਸਿੰਘ ਨੇ ਪੱਤਰਕਾਰੀ ਦੇ ਖੇਤਰ ਵਿਚ ਲਗਭਗ ਹਰ ਵਿਸ਼ੇ ਬਾਰੇ ਲਿਖਿਆ ਹੈ ਉਸ ਨੇ ਵੇਸ਼ਵਾਵਾਂ ਬਾਰੇ ਇਕ ਮਹੱਤਵਪੂਰਨ ਕਾਲਮ ਲਿਖਿਆ ਜਿਸ ਤੋਂ ਪ੍ਰਭਾਵਿਤ ਹੋ ਕੇ ਔਰਤਾਂ ਦੀ ਭਲਾਈ ਨਾਲ ਜੁੜੀ ਇਕ ਜਥੇਬੰਦੀ ਨਾਲ ਸੰਬੰਧਤ ਔਰਤ ਖੁਸ਼ਵੰਤ ਸਿੰਘ ਦੀ ਹਮਾਇਤ ਲੈਣ ਆਈ ਤਾਂ ਜੋ ਵੇਸ਼ਵਾਗਮਨੀ ਨੂੰ ਖ਼ਤਮ ਕਰਨ ਲਈ ਮੁਹਿੰਮ ਚਲਾਈ ਜਾ ਸਕੇ ਪ੍ਰੰਤੂ ਖੁਸ਼ਵੰਤ ਸਿੰਘ ਯੂਰਪ ਵਿਚ ਵੇਸ਼ਵਾਗਮਨੀ ਦੇ ਪੇਸ਼ੇ ਨਾਲ ਜੁੜਿਆ ਵੱਖਰਾ ਤਰਕ ਦੇਣ ਲੱਗ ਪਿਆ ਇਸ ਤਰ੍ਹਾਂ ਉਹ ਆਪਣੇ ਵਿਚਾਰਾਂ ਦੇ ਖੁੱਲ੍ਹੇਪਣ ਲਈ ਜਾਣਿਆ ਜਾਂਦਾ ਸੀ ਖੁਸ਼ਵੰਤ ਸਿੰਘ ਇਕ ਅਜਿਹਾ ਐਡੀਟਰ ਸੀ ਜਿਹੜਾ ਆਪਣੀ ਆਲੋਚਨਾ ਨੂੰ ਵਿਸ਼ੇਸ਼ ਤੌਰ ਉਤੇ ਛਾਪਦਾ ਸੀ ਉਸ ਦੀ ਇਸ ਖੂਬੀ ਨੂੰ ਨੋਟ ਕਰਦਾ ਹੋਇਆ ਗਾਰਗੀ ਲਿਖਦਾ ਹੈ:-

ਉਹ ਇਲਸਟ੍ਰੇਟਿਡ ਵੀਕਲੀ ਦਾ ਦਸ ਸਾਲ ਐਡੀਟਰ ਰਿਹਾ ਤੇ ਉਸ ਨੇ ਇਸ ਵਿਚ ਨਵਾਂ ਰਸ ਤੇ ਨਵੀਂ ਧੜਕਣ ਭਰ ਕੇ ਇਸਦੀ ਸੇਲ 65 ਹਜ਼ਾਰ ਤੋਂ ਚਾਰ ਲੱਖ ਤਕ ਪਹੁੰਚਾ ਦਿੱਤੀ ਉਹਨੂੰ ਸਾਰਿਆਂ ਨੇ 'ਜਰਨਲਿਸਟਾਂ ਦਾ ਸਰਦਾਰ' ਮੰਨ ਲਿਆ ਲਿਆ

ਜਿੰਨੇ ਖਤ ਐਡੀਟਰ ਨੂੰ ਆਉਂਦੇ ਉਨ੍ਹਾਂ ਵਿਚੋਂ ਉਹ ਚੁਣ ਕੇ ਉਨ੍ਹਾਂ ਨੂੰ ਜ਼ਰੂਰ ਛਾਪਦਾ ਜੋ ਉਸਦੇ ਖਿਲਾਫ਼ ਹੁੰਦੇ ਉਸਨੇ ਕਈ ਅਜਿਹੇ ਖ਼ਤ ਵੀ ਛਾਪੇ ਜਿਨ੍ਹਾਂ ਵਿਚ ਉਸ ਨੂੰ 'ਖੁਸ਼ਾਮਦੀ' ਤੇ 'ਸੈਕਸ ਦਾ ਭੁੱਖਾ ਸਰਕਾਰ ਜੀ' ਆਖਿਆ ਗਿਆ ਇਨ੍ਹਾਂ ਖ਼ਤਾਂ ਦੇ ਛਪਣ ਨਾਲ ਉਸਦਾ ਇਮੇਜ਼ ਹੋਰ ਸੁਹਣਾ ਨਿਖਰ ਕੇ ਆਇਆ" (ਹੁਸੀਨ ਚਿਹਰੇ) ਪੰਨਾ 33

ਉਹ ਧਰਮ ਦੀਆਂ ਵਲਗਣਾਂ ਤੋਂ ਬਹੁਤ ਵੱਖਰਾ ਹੋ ਕੇ ਸੋਚਦਾ ਸੀ ਇਸੇ ਲਈ ਉਸ ਨੇ ਸਭ ਤੋਂ ਚੁਟਕਲੇ ਧਾਰਮਿਕ ਸਭਿਆਚਾਰਕ ਵਿਹਾਰ ਤੇ ਅਧਾਰਿਤ ਲਿਖੇ ਪਰੰਤੂ ਫਿਰ ਉਹ ਧਾਰਮਿਕ ਪਛਾਣ ਦੇ ਚਿੰਨ੍ਹਾਂ ਪ੍ਰਤੀ ਭਾਵੁਕਤਾ ਵੀ ਰੱਖਦਾ ਸੀ ਸੀ ਉਹ ਪੰਜਾਬ ਦੇ ਉਸ ਘਰਾਣੇ ਨਾਲ ਸਬੰਧਿਤ ਸੀ ਜਿਸ ਕੋਲ ਬਹੁਤ ਸੰਪਤੀ ਸੀ ਪਰੰਤੂ ਫਕੀਰੀ ਉਸ ਦੇ ਸੁਭਾਅ ਵਿਚ ਵਿਚ ਸ਼ਾਮਲ ਸੀ ਅਮੀਰ ਘਰ ਵਿਚ ਪੈਦਾ ਹੋਣ ਦੇ ਬਾਵਜੂਦ ਉਹ ਸਿਆਸੀ ਅਤੇ ਸਾਹਿਤਕ ਮਾਹੌਲ ਵਿਚ ਰਚਿਆ ਮਿਚਿਆ ਸੀ ਉਸ ਦੀ ਸਖ਼ਸ਼ੀਅਤ ਇਕ ਬਹੁ-ਪਾਸਾਰੀ ਸਖ਼ਸ਼ੀਅਤ ਸੀ

ਉਸ ਵਿਚ ਅਮੀਰੀ ਠਾਠ ਦੇ ਨਾਲ ਅਜੀਬ ਫੱਕਰਪਨ ਹੈ ਇਕ ਸ਼ਾਹਾਨਾ ਮਲੰਗੀ ਉਸਦਾ ਪਿਤਾ ਸਰਦਾਰ ਬਹਾਦਰ ਬਹਾਦਰ ਸੋਭਾ ਸਿੰਘ ਨਵੀਂ ਦਿੱਲੀ ਤੇ ਨਿਰਮਾਣ ਕਰਨ ਵਾਲਿਆਂ ਦਾ ਮੋਹਰੀ ਸੀ ਅੱਧੀ ਦਿੱਲੀ ਦਾ ਮਾਲਕ ਖੁਸ਼ਵੰਤ ਸਿੰਘ ਇਸੇ ਅਮੀਰ ਘਰਾਣੇ ਵਿਚ ਪੈਦਾ ਹੋਇਆ, ਰਾਜਿਆਂ ਅਤੇ ਨਵਾਬਾਂ ਦੇ ਚੀਫਸ ਕਾਲਜ ਵਿਚ ਪੜ੍ਹਿਆ ਤੇ ਉਸ ਪਿੱਛੋਂ ਲੰਡਨ ਬਾਰ ਐਟ-ਲਾ ਕਰਨ ਲਈ ਗਿਆ ਲਾਹੌਰ ਆ ਕੇ ਸ਼ਾਦੀ ਪਿੱਛੋਂ ਛੋਟੀ-ਮੋਟੀ ਵਕਾਲਤ ਕੀਤੀ ਪਰ ਬਹੁਤ ਕਰਕੇ ਕਲਾਤਮਕ ਕਲਾਤਮਕ ਤੇ ਸਭਿਆਚਾਰਕ ਮਿਲਣੀਆਂ, ਟੈਨਿਸ, ਸਕੁਐਸ ਖੇਡਣ ਤੇ ਸਿਆਸੀ ਤੇ ਸਾਹਿਤਕ ਸਰਗਰਮੀਆਂ ਵਿਚ ਡੁੱਬਿਆ ਰਹਿੰਦਾ

ਪਹਿਰਾਵੇ ਵਲੋਂ ਹਮੇਸ਼ਾ ਲਾਪ੍ਰਵਾਹ ਜਦੋਂ ਬੰਬਈ ਵਿਚ ਇਲਸਟੇਟਿਡ ਵੀਕਲੀ ਦਾ ਐਡੀਟਰ ਬਣਿਆ ਤਾਂ ਉਹ ਤੋਲੀਏ ਦੀ ਬਣੀ ਬੁਰਸ਼ਟ ਪਾ ਕੇ ਦਫ਼ਤਰ ਚਲਾ ਜਾਂਦਾ

ਦਫ਼ਤਰ ਵਿਚ ਪਹਿਲੇ ਦਿਨ ਉਸਨੇ ਸਟਾਫ਼ ਦੀ ਮੀਟਿੰਗ ਬੁਲਾਈ ਅਤੇ ਆਖਿਆ, "ਤੁਸੀਂ ਮੈਨੂੰ 'ਸਰ' ਜਾਂ 'ਜੀ' ਨਹੀਂ ਆਖਣਾ ਨਾ ਹੀ 'ਸਰਦਾਰ ਸਾਹਿਬ' ਮੈਨੂੰ ਸਿਰਫ 'ਖੁਸ਼ਵੰਤ' ਆਖ ਕੇ ਬੁਲਾ ਸਕਦੇ ਹੋ ਇਹ ਮੇਰਾ ਨਾਂ ਹੈ ਜਦੋਂ ਮੈਂ ਤੁਹਾਡੇ ਤੁਹਾਡੇ ਕਮਰੇ ਵਿਚ ਆਵਾਂ ਤਾਂ ਉੱਠਣ ਦੀ ਕੋਈ ਲੋੜ ਨਹੀਂ ਸਿਰਫ਼ ਇਕ ਵਾਰ ਸਵੇਰੇ ਗੁੱਡ ਮਾਰਨਿੰਗ ਆਖ ਸਕਦੇ ਹੋ ਦੂਜੀ ਵਾਰ ਨਹੀਂ" (ਹੁਸੀਨ ਚਿਹਰੇ), ਪੰਨਾ 39

ਖੁਸ਼ਵੰਤ ਸਿੰਘ ਕਿਸੇ ਵੀ ਮਸਲੇ ਨੂੰ ਲੈ ਕੇ ਭਾਵੁਕ ਨਹੀਂ ਸੀ ਭਾਸ਼ਾ ਅਤੇ ਧਰਮ ਦੇ ਆਪਸੀ ਸਬੰਧਾਂ ਨੂੰ ਉਹ ਸੰਕੀਰਨ ਸੰਕੀਰਨ ਸੋਚ ਤੋਂ ਉਪਰ ਰੱਖਦਾ ਸੀ ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇਸ਼ ਦੇ ਪੁਨਰ-ਗਠਨ ਸਮੇਂ ਭਾਸ਼ਾ ਤੇ ਅਧਾਰਿਤ ਸੂਬਿਆਂ ਦੇ ਨਿਰਮਾਣ ਲਈ ਲਹਿਰਾਂ ਚੱਲੀਆਂ ਉਸ ਸਮੇਂ ਲੋਕ ਭਾਸ਼ਾ ਨੂੰ ਲੈ ਕੇ ਬਹੁਤ ਭਾਵੁਕ ਸਨ ਉਸ ਸਮੇਂ ਪੰਜਾਬੀ ਸੂਬਾ ਸੂਬਾ ਬਣਾਉਣ ਲਈ ਲਹਿਰ ਚੱਲੀ ਇਹ ਲਹਿਰ ਧਾਰਮਿਕ ਮੁਹਾਜ ਤੋਂ ਵੀ ਲੜੀ ਜਾ ਰਹੀ ਸੀ ਕਈ ਸਾਲਾਂ ਦੇ ਸੰਘਰਸ਼ ਤੋਂ ਤੋਂ ਬਾਅਦ ਪੰਜਾਬੀ ਸੂਬਾ ਹੋਂਦ ਵਿਚ ਆਇਆ ਪੰਜਾਬੀ ਮਾਤ-ਭਾਸ਼ਾ ਦਾ ਪ੍ਰਚਾਰ ਅਤੇ ਪਾਸਾਰ ਤੇਜ਼ੀ ਨਾਲ ਹੋਇਆ ਉਸ ਸਮੇਂ ਮਾਤ-ਭਾਸ਼ਾ ਪ੍ਰਤੀ ਪ੍ਰਤਿਬੱਧਤਾ ਦਿਖਾਉਣ ਦਾ ਸਮਾਂ ਸੀ ਖੁਸ਼ਵੰਤ ਸਿੰਘ ਉਸ ਸਮੇਂ ਅੰਗਰੇਜ਼ੀ ਦੇ ਹੱਕ ਵਿਚ ਬੋਲਦਾ ਰਿਹਾ ਇਥੋਂ ਤਕ ਬਕੌਲ ਗਾਰਗੀ ਖੁਸ਼ਵੰਤ ਸਿੰਘ ਨੇ ਭਰੇ ਜਲਸੇ ਵਿਚ ਖਿਝ ਕੇ ਆਖਿਆ, "ਮੇਰੀ ਮਾਤ-ਭਾਸ਼ਾ ਅੰਗਰੇਜ਼ੀ ਹੈ ਹੈ ਮੈਂ ਆਪਣੀ ਮਾਤ-ਭਾਸ਼ਾ ਵਿਚ ਹੀ ਲਿਖਦਾ ਹਾਂ" ਉਹ ਇਹ ਜਾਣਦਾ ਸੀ ਕਿ ਅੰਗਰੇਜ਼ੀ ਵਿਚ ਲਿਖਣ ਕਰਕੇ ਉਸ ਦੇ ਪਾਠਕ ਦਾ ਘੇਰਾ ਵਿਸ਼ਾਲ ਹੈ ਉਹ ਪੰਜਾਬੀ ਲਿਖਣ ਵਾਲੇ ਬੁੱਧੀਜੀਵੀਆਂ ਦੀ ਲਿਖਣ ਵਿਧੀ ਨੂੰ ਜਾਣਦਾ ਸੀ ਖੁਸ਼ਵੰਤ ਸਿੰਘ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਸੀ ਉਹ ਸਮਾਜ ਦੇ ਹਰ ਵਰਗ ਸਬੰਧੀ ਲਿਖਦਾ ਸੀ, ਜਿਹੜੇ ਲੋਕ ਪੜ੍ਹਨ ਨਹੀਂ ਜਾਣਦੇ ਸਨ ਉਹ ਆਪਣੇ ਨੇੜਲਿਆਂ ਤੋਂ ਪੜ੍ਹ ਕੇ ਖੁਸ਼ਵੰਤ ਸਿੰਘ ਦੀਆਂ ਲਿਖਤਾਂ ਨੂੰ ਮਾਣਦੇ ਸਨ

ਖੁਸ਼ਵੰਤ ਸਿੰਘ ਮਜ਼ਹਬ ਦੀ ਸਰਕਾਰ ਦੀ ਸਰਪ੍ਰਸਤੀ ਦੇ ਵਿਰੁੱਧ ਸੀ ਉਹ ਕਿਸੇ ਵੀ ਸਰਕਾਰੀ ਸ਼ਾਸਨ ਨੂੰ ਧਰਮ ਦੇ ਦੇ ਪ੍ਰਚਾਰ ਲਈ ਵਰਤਣ ਦੇ ਵਿਰੁੱਧ ਸੀ ਉਹ ਸਾਰੀ ਉਮਰ ਆਪਣੀਆਂ ਲਿਖਤਾਂ ਰਾਹੀਂ ਧਰਮ-ਨਿਰਪੱਖ ਸਮਾਜ ਦੀ ਸਿਰਜਣਾ ਵਿਚ ਲੱਗਿਆ ਰਿਹਾ, ਬਲਵੰਤ ਗਾਰਗੀ ਨੇ ਖੁਸ਼ਵੰਤ ਸਿੰਘ ਦੀ ਸਖ਼ਸ਼ੀਅਤ ਦੇ ਪ੍ਰੇਰਕਾ ਦੀ ਨਿਸ਼ਾਨਦੇਹੀ ਸਿਰਜਣਾਤਮਕ ਵਿਧੀ ਰਾਹੀਂ ਕੀਤੀ ਹੈ

ਖੁਸ਼ਵੰਤ ਸਿੰਘ ਤੋਂ ਬਾਅਦ ਗਾਰਗੀ ਨੇ ਰੇਖਾ-ਚਿੱਤਰ ਲਿਖਦੇ ਹੋਏ ਆਪਣੀ ਲਿਖਤ ਰੇਸ਼ਮਾ ਉਤੇ ਕੇਂਦਰਤ ਕੀਤੀ ਰੇਸ਼ਮਾ ਫਿਰਤੂ ਕਬੀਲੇ ਵਿਚ ਪੈਦਾ ਹੋਈ ਜਨਮ ਜਾਤ ਗਾਇਕਾ ਸੀ ਉਸ ਨੇ ਗਾਇਕੀ ਦੀ ਤਾਲੀਮ ਕਬੀਲੇ ਦੇ ਪ੍ਰਕਿਤਕ ਵਰਤਾਰੇ ਵਿਚੋਂ ਲਈ ਸੀ ਗਾਰਗੀ ਉਸ ਦੀ ਸ਼ਖ਼ਸੀਅਤ ਨਾਲ ਪਾਠਕ ਦੀ ਜਾਣ-ਪਛਾਣ ਬੜੇ ਦਿਲਕਸ਼ ਢੰਗ ਨਾਲ ਕਰਾਉਂਦਾ ਹੈ

"ਰੇਸ਼ਮਾ ਦਾ ਸਰੀਰ ਭਰਵਾਂ, ਨੈਣ ਨਕਸ਼ ਤਿੱਖੇ, ਅੱਖਾਂ ਕਰੇਜੀ ਜੋ ਰੇਗਿਸਤਾਨ ਵਿਚ ਰਹਿਣ ਵਾਲੇ ਦੀਆਂ ਹੁੰਦੀਆਂ ਹਨ ਉਸ ਦੇ ਬੁੱਲ੍ਹਾਂ ਉੱਤੇ ਟੱਪਰੀਵਾਸਾਂ ਦਾ ਖੁੱਲ੍ਹਾ ਅੰਦਾਜ਼ ਸੀ, ਸੁਭਾਅ ਖੁੱਲ੍ਹਾ ਡੁੱਲ੍ਹਾ ਜਿਸ ਉਤੇ ਆਧੁਨਿਕ ਕਲਚਰ ਦਾ ਕੋਈ ਲੇਪ ਨਹੀਂ ਸੀ" (ਹੁਸੀਨ ਚਿਹਰੇ) ਪੰਨਾ 48

ਬਕੌਲ ਗਾਰਗੀ ਰੇਸ਼ਮਾ ਦਾ ਪਹਿਲਾ ਰਿਕਾਰਡ 'ਹਾਏ ਓ ਰੱਬਾ ਨਹੀਂ ਲੱਗਦਾ ਦਿਲ ਮੇਰਾ' ਲੰਡਨ ਰਾਹੀਂ ਹਿੰਦੁਸਤਾਨ ਪਹੁੰਚਿਆ ਇਸ ਗੀਤ ਨੇ ਉਸ ਨੂੰ ਪੰਜਾਬ ਵਿਚ ਵੀ ਨਹੀਂ ਸਗੋਂ ਭਾਰਤ ਵਿਚ ਪ੍ਰਸਿੱਧ ਕਰ ਦਿੱਤਾ ਪੰਜਾਬ ਦੇ ਸਾਹਿਤਕ ਅਤੇ ਗਾਇਕੀ ਦੇ ਖੇਤਰ ਵਿਚ ਇਸ ਗੀਤ ਦੀ ਖੂਬ ਚਰਚਾ ਹੋਈ ਗਾਰਗੀ ਨੇ ਉਸ ਦੀ ਗਾਇਕੀ ਦੇ ਪ੍ਰੇਰਕਾ ਦੀ ਪਛਾਣ ਬਹੁਤ ਨੀਝ ਨਾਲ ਕੀਤੀ ਹੈ ਰੇਸ਼ਮਾ ਨੇ ਗਾਇਕੀ ਦੀ ਸਿਖਿਆ ਕਿਸੇ ਸੰਸਥਾ ਤੋਂ ਨਹੀਂ ਲਈ ਉਹ ਕਬੀਲੇ ਦੇ ਸਭਿਆਚਾਰ ਵਿਚੋਂ ਹੀ ਗਾਣਾ ਸਿੱਖ ਗਈ ਇਹ ਰੇਸ਼ਮਾ ਦਾ ਬੇਬਾਕ ਅਤੇ ਮਾਸੂਮ ਸਵੀਕ੍ਰਿਤ ਵਿਚੋਂ ਨਿਕਲਿਆ ਅਹਿਸਾਸ ਹੈ ਹੈ ਉਹ ਗਾਰਗੀ ਦੇ ਗਾਣਾ ਸਿੱਖਣ ਦੇ ਸਵਾਲ ਨੇ ਜਵਾਬ ਵਿਚ ਕਹਿੰਦੀ ਹੈ:

"ਮੈਂ ਪੁੱਛਿਆ, "ਤੁਸੀਂ ਗਾਣਾ ਕਿਥੋਂ ਸਿੱਖਿਆ?"

"ਅੱਲ੍ਹਾ ਨੇ ਦਿਤਾ ਹੈ"

"ਮੇਰਾ ਮਤਲਬ ਹੈ ਤੁਹਾਡੀ ਏਨੀ ਮੰਝੀ ਹੋਈ ਆਵਾਜ਼ ਹੈ, ਇਹ ਬਗੈਰ ਸਿੱਖੇ ਜਾਂ ਰਿਆਜ਼ ਦੇ ਮੁਮਕਿਨ ਨਹੀਂ"

"ਅੱਲ੍ਹਾ ਜਾਣਦਾ ਹੈ ਮੈਂ ਕਿਤੋਂ ਨਹੀਂ ਸਿੱਖਿਆ ਅਸੀਂ ਬੀਕਾਨੇਰ ਦੇ ਰਹਿਣ ਵਾਲੇ ਹਾਂ... ਰਾਜਸਥਾਨ ਦੇ, ਰੇਗਿਸਤਾਨ ਦੇ ਰਤਨਗੜ੍ਹ ਦਾ ਨਾਂ ਸੁਣਿਆ ਹੋਵੇਗਾ ਤੁਸੀਂ? ਉਸ ਤੋਂ ਤਿੰਨ ਮੀਲ ਸਾਡਾ ਪਿੰਡ ਸੀ ਮੇਰਾ ਬਾਪ ਵਪਾਰ ਕਰਦਾ ਸੀ ਘੋੜਿਆਂ ਘੋੜਿਆਂ ਤੇ ਊਠਾਂ ਦਾ ਅਸੀਂ ਵਣਜਾਰੇ ਹਾਂ ਅੱਜ ਇਥੇ ਤੇ ਕੱਲ੍ਹ ਉਥੇ ਜਦ ਸਾਡਾ ਕਾਫ਼ਲਾ ਚਲਦਾ ਤਾਂ ਜਿਥੇ ਰਾਤ ਪੈ ਜਾਂਦੀ

ਜਾਂਦੀ ਉਥੇ ਅਸੀਂ ਡੇਰਾ ਲਾ ਲੈਂਦੇ ਤੇ ਤਾਰਿਆਂ ਹੇਠ ਸੌਂ ਜਾਂਦੇ ਸਾਡੇ ਕਬੀਲੇ ਦੇ ਪੰਦਰਾਂ ਵੀਹ ਟੱਬਰ ਸਨ ਤੇ ਡੇਢ ਦੋ ਸੌ ਜੀਅ ਸਾਰੇ ਇਕੱਠੇ ਹੀ ਤੁਰਦੇ ਰਹਿੰਦੇ ਤੇ ਆਪਸ ਵਿਚ ਦੇ ਸ਼ਗਨਾਂ ਤਿਉਹਾਰਾਂ ਨੂੰ ਮਨਾਉਂਦੇ ਚਾਰ-ਚਾਰ ਸੌ ਮੀਲ ਲੰਮਾ ਸਫ਼ਰ ਕੀਤਾ ਇਕੋ ਵੇਲੇ ਪੈਦਲ ਰੇਤੇ ਵਿਚ ਬੀਕਾਨੇਰ ਤੋਂ ਬਹਾਵਲਪੁਰ, ਮੁਲਤਾਨ, ਸਿੰਧ, ਹੈਦਰਾਬਾਦ ਊਠਾਂ ਦੀਆਂ ਘੰਟੀਆਂ ਵੱਜਦੀਆਂ ਤੇ ਮੈਂ ਉੱਚੀ ਆਵਾਜ਼ ਵਿਚ ਗਾਉਂਦੀ ਮੀਲਾਂ ਤਕ ਤੁਰੀ ਜਾਂਦੀ ਖੁੱਲ੍ਹੀ ਫਿਜ਼ਾ ਵਿਚ ਗਾਣ ਦਾ ਆਪਣਾ ਹੀ ਮਜ਼ਾ ਹੈ ਅੱਲਾ ਤੁਹਾਡੇ ਨਾਲ ਹੁੰਦਾ ਹੈ

"ਮੈਂ ਬੀਆਬਾਨ ਤੇ ਉਜਾੜ ਵਿਚ ਗਾਉਣ ਦੀ ਆਦੀ ਸਾਂ ਮੈਂ ਬੰਦ ਕਮਰੇ ਵਿਚ ਬੈਠ ਕੇ ਗਾਉਣ ਬਾਰੇ ਸੋਚ ਹੀ ਨਹੀਂ ਸਕਦੀ ਮੈਂ ਕੋਈ ਰਿਆਜ਼ ਨਹੀਂ ਕੀਤਾ ਰਿਆਜ਼ ਕਰਨ ਨਾਲ ਕੀ ਹੁੰਦਾ ਹੈ, ਜੇ ਤੁਹਾਡੇ ਅੰਦਰ ਸੁਰ ਨਹੀਂ ਤਾਂ ਸਾਰੀ ਉਮਰ ਰਿਆਜ਼ ਕਰਦੇ ਰਹੋ ਕੁਝ ਨਹੀਂ ਬਣਦਾ ਇਹ ਅੱਲਾ ਦੀ ਦੇਣ ਹੈ ਜਿਸ ਨੂੰ ਚਾਹੇ ਬਖਸ਼ ਦੇਵੇ" (ਹੁਸੀਨ ਚਿਹਰੇ) ਪੰਨਾ 49
49

ਬਲਵੰਤ ਗਾਰਗੀ ਰੇਸ਼ਮਾਂ ਨੂੰ ਦੁਨੀਆਂ ਦੀਆਂ ਤਿੰਨ ਗਾਉਣ ਵਾਲੀਆਂ ਦਾ ਸੁਮੇਲ ਕਹਿੰਦਾ ਹੈ ਕੈਲੀਫੋਰਨੀਆ ਦੀ ਜੋਨ ਬਾਇਸ, ਮਿਸਰ ਦੀ ਕੁਲਸੁਮ ਅਤੇ ਮਾਸਕੋ ਦੀ ਰਾਇਆ ਇਨ੍ਹਾਂ ਤਿੰਨਾਂ ਦਾ ਸਬੰਧ ਟਪਰੀਵਾਸਾਂ ਨਾਲ ਹੈ ਰੇਸ਼ਮਾਂ ਨੂੰ ਕਿਸੇ ਵੱਡੇ ਲੇਖਕ ਜਾਂ ਕਲਾਕਾਰ ਬਾਰੇ ਜਾਣਕਾਰੀ ਨਹੀਂ ਪਰ ਉਸ ਨੂੰ ਸਾਰੇ ਜਾਣਦੇ ਹਨ ਉਸ ਦੀ ਪਹੁੰਚ ਭਾਰਤ ਦੇ ਰਾਜਸੀ ਹਲਕਿਆਂ ਤਕ ਸੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਉਸ ਦੀ ਗਾਇਕੀ ਤੋਂ ਪ੍ਰਭਾਵਿਤ ਸੀ ਰੇਸ਼ਮਾਂ ਨੇ ਸਮੇਂ ਦੇ ਨਾਲ-ਨਾਲ ਟਪਰੀਵਾਸਾ ਦਾ ਪਹਿਰਾਵਾ ਛੱਡ ਕੇ ਸ਼ਹਿਰੀ ਸਭਿਅਤ ਪਰੰਤੂ ਪਰੰਪਰਾਗਤ ਲਿਬਾਸ ਪਾਉਣਾ ਸ਼ੁਰੂ ਕਰ ਦਿੱਤਾ ਪਰੰਤੂ ਬਕੌਲ ਗਾਰਗੀ ਉਸ ਨੇ ਸੁਭਾਅ ਵਿਚ ਉਹੀ ਬਾਦਸ਼ਾਹਤ ਅਤੇ ਖੁਲ੍ਹਾਪਣ ਹੈ ਗਾਰਗੀ ਉਸ ਦੇ ਸੁਭਾਅ ਅਤੇ ਗਾਇਕੀ ਦੀਆਂ ਪਰਤਾਂ ਪਾਠਕ ਸਾਹਮਣੇ ਖੋਲ੍ਹਦਾ ਜਾਂਦਾ ਹੈ ਇਸ ਰੇਖਾ-ਚਿੱਤਰ ਵਿਚੋਂ ਰੇਸ਼ਮਾਂ ਦੀ ਇਕ ਸੰਪੂਰਨ ਤਸਵੀਰ ਉਭਰਦੀ ਹੈ

ਬਲਵੰਤ ਗਾਰਗੀ ਦੇ ਰੇਖਾ-ਚਿੱਤਰ ਦਾ ਇਕ ਪ੍ਰਮੁੱਖ ਪਾਸਾਰ ਪੰਜਾਬੀ ਲੇਖਕਾਂ ਅਤੇ ਵਿਦਵਾਨ ਉਤੇ ਕੇਂਦਰਿਤ ਹੈ ਇਸ ਵਿਚ ਵੀ ਲੇਖਕ, ਪੱਤਰਕਾਰ ਅਤੇ ਵਿਦਵਾਨ ਅਫ਼ਸਰ ਸ਼ਾਮਿਲ ਹਨ ਇਨ੍ਹਾਂ ਵਿਚ ਦਵਿੰਦਰ ਸਤਿਆਰਥੀ ਨੂੰ ਉਹ ਭ੍ਰਿਗੂ ਰਿਸ਼ੀ ਕਹਿੰਦਾ ਹੈ ਦਵਿੰਦਰ ਸਤਿਆਰਥੀ ਨੇ ਸਾਰੀ ਉਮਰ ਲੋਕ-ਗੀਤ ਇਕੱਠੇ ਕਰਨ ਉਤੇ ਲਾ ਦਿੱਤੀ ਪਰ ਪੰਜਾਬੀ ਸਾਹਿਤ ਜਗਤ ਵਿਚ ਉਸਨੂੰ ਉਸਦਾ ਬਣਦਾ ਸਥਾਨ ਨਾ ਮਿਲਿਆ ਇਹ ਪੀੜਾ ਉਸ ਦੇ ਅੰਦਰ ਸੀ ਗਾਰਗੀ ਆਪਣੇ ਰੇਖਾ-ਰੇਖਾ-ਚਿੱਤਰ ਵਿਚ ਇਸ ਤੱਤ ਨੂੰ ਉਭਾਰਦਾ ਹੈ ਗਾਰਗੀ ਉਸ ਦੀ ਜਾਣ-ਪਛਾਣ ਸਿੱਧੇ ਸਪਾਟ ਸ਼ਬਦਾਂ ਵਿਚ ਕਮਾਉਂਦਾ ਹੈ:-
ਹੈ:-

"ਸਤਿਆਰਥੀ ਭਦੌੜ ਪਿੰਡ ਜੰਮਿਆ ਜੋ ਬਠਿੰਡੇ ਤੋਂ ਤੀਹ ਮੀਲ ਹੈ ਰੇਤਲਾ ਇਲਾਕਾ ਕਰੀਰ, ਜੰਡ, ਕਿੱਕਰਾਂ ਗਿੱਧੇ ਤੇ ਬੋਲੀਆਂ

ਉਸ ਦਾ ਪਿਤਾ ਨਹਿਰਾਂ ਤੇ ਪੁਲ ਪਟੜੀਆਂ ਬਣਾਉਣ ਦਾ ਠੇਕੇਦਾਰ ਸੀ ਉਸ ਦੇ ਬਜ਼ੁਰਗ ਜੈਸਲਮੇਰ ਤੋਂ ਆ ਕੇ ਇਥੇ ਵਸੇ ਸਨ ਊਠਾਂ ਉਤੇ ਮਾਲ ਲੱਦ ਕੇ ਉਹ ਕਾਬਲ ਤਕ ਵੇਚਣ ਜਾਂਦੇ ਰੇਗਿਸਤਾਨੀ ਸੁਭਾਅ ਸੀ ਬਚਪਨ ਤੋਂ ਸਤਿਆਰਥੀ ਦਾ ਗੀਤਾਂ ਤੇ ਗਿੱਧਿਆਂ ਵਿਚ ਉਹ ਪਲਿਆ ਟਪਰੀਵਾਸ ਤੇ ਸਿਕਲੀਗਰਨੀਆਂ ਦੇ ਗੀਤਾਂ ਨੂੰ ਸੁਣਦਿਆਂ ਉਸ ਉਸ ਨੇ ਹੋਸ਼ ਸੰਭਾਲੀ ਊਠਾਂ ਦੀਆਂ ਟੱਲੀਆਂ ਤੇ ਕਾਫਲੇ ਦੀਆਂ ਹੇਕਾਂ ਸੁਣਦਾ ਉਹ ਲੋਕ ਗੀਤਾਂ ਦੀ ਰੂਹ ਨੂੰ ਸਮਝਦਾ" (ਹੁਸੀਨ ਚਿਹਰੇ) ਪੰਨਾ 65

ਗਾਰਗੀ ਸਾਹਿਰ ਲੁਧਿਆਣਵੀ ਅਤੇ ਸਤਿਆਰਥੀ ਦੇ ਸਬੰਧਾਂ ਵਿਚਲੀ ਤੰਦ ਨੂੰ ਥੋੜ੍ਹੇ ਪਰੰਤੂ ਪ੍ਰਭਾਵਸ਼ਾਲੀ ਰੂਪ ਵਿਚ ਚਿਤਰਦਾ ਹੈ ਸਤਿਆਰਥੀ ਅਤੇ ਮੰਟੋ ਦੇ ਸਬੰਧਾਂ ਵਿਚਲਾ ਤਣਾਅ ਇਕ ਸਤਿਆਰਥੀ ਦੁਆਰਾ ਲਿਖਤ ਕਹਾਣੀ ਨਵੇਂ ਦੇਵਤੇ ਨੂੰ ਲੈ ਕੇ ਵਧ ਗਿਆ ਮੰਟੋ ਕਿਸੇ ਕੀਮਤ ਉਤੇ ਵੀ ਸਤਿਆਰਥੀ ਨੂੰ ਮੁਆਫ਼ ਕਰਨ ਲਈ ਤਿਆਰ ਨਹੀਂ ਸੀ ਪਰੰਤੂ ਸਤਿਆਰਥੀ ਮੰਟੋ ਨੂੰ ਮਨਾਉਣ ਦੀ ਅੜੀ ਕਰਦਾ ਰਿਹਾ ਅਤੇ ਅਖ਼ੀਰ ਵਿਚ ਕਾਮਯਾਬ ਹੋ ਗਿਆ ਗਾਰਗੀ ਇਸ ਘਟਨਾ ਦੇ

ਦੇ ਬਿਆਨ ਰਾਹੀਂ ਦੋ ਫਕੀਰ ਲੇਖਕਾਂ ਦੇ ਸਬੰਧਾਂ ਅਤੇ ਸਾਹਿਤਕ ਭਾਈਚਾਰੇ ਦੀ ਸਾਂਝ ਦਾ ਜ਼ਿਕਰ ਬਹੁਤ ਮਾਰਮਿਕ ਰੂਪ ਵਿਚ ਕਰਦਾ ਹੈ ਸਾਰਾ ਰੇਖਾ-ਚਿੱਤਰ ਸਤਿਆਰਥੀ ਦੇ ਘੁਮੰਕੜ ਸੁਭਾਅ, ਲੋਕ ਗੀਤ ਪ੍ਰਤੀ ਜਨੂੰਨ ਅਤੇ ਉਸਨੇ ਫਕੀਰੀ ਸੁਭਾਅ ਨਾਲ ਭਰਿਆ ਪਿਆ ਹੈ ਗਾਰਗੀ ਸਤਿਆਰਥੀ ਦੀ ਸਖ਼ਸ਼ੀਅਤ ਦੇ ਉਨ੍ਹਾਂ ਮਹਾਨ ਗੁਣਾਂ ਨੂੰ ਜਾਣਦਾ ਸੀ ਜਿਨ੍ਹਾਂ ਦੀ ਪਛਾਣ ਪੰਜਾਬੀ ਬੁੱਧੀਜੀਵੀਆਂ ਨੇ ਨਹੀਂ ਕੀਤੀ ਸਤਿਆਰਥੀ ਭਾਰਤ ਦੀਆਂ ਮਹਾਨ ਸਖ਼ਸ਼ੀਅਤਾਂ ਟੈਗੋਰ, ਗਾਂਧੀ, ਸਰੋਜਨੀ ਸਰੋਜਨੀ ਨਾਇਡੂ, ਪੰਡਤ ਨਹਿਰੂ ਨੂੰ ਮਿਲ ਚੁੱਕਿਆ ਸੀ ਪਰੰਤੂ ਰਾਜਗੋਪਾਲ ਆਚਾਰੀਆ ਨਾਲ ਉਨ੍ਹਾਂ ਦੀ ਮੁਲਾਕਾਤ ਦਾ ਕਿੱਸਾ ਬਹੁਤ ਅਨੋਖਾ ਹੈ ਗਾਰਗੀ ਉਸ ਦੇ ਅਨੁਭਵ ਨਾਲ ਜੁੜੇ ਇਹੋ ਜਿਹੇ ਕਈ ਕਿੱਸੇ ਬਿਆਨ ਕਰਦਾ ਹੈ ਉਹ ਸਾਰੇ ਸਤਿਆਰਥੀ ਦੇ ਘੁਮੰਕਣ ਜਿਹੀ ਅਤੇ ਫਕੀਰੀ ਸੁਭਾਅ ਨਾਲ ਸਬੰਧਤ ਹਨ ਇਹ ਸਾਰਾ ਕੁਝ ਉਸਦੀ ਜ਼ਿੰਦਗੀ ਅਤੇ ਸਾਹਿਤ ਵਿਚ ਸ਼ਾਮਲ ਸੀ

ਗਾਰਗੀ ਨੇ ਜਵਾਨੀ ਦਾ ਸ਼ਾਇਰ, ਸਿਰਲੇਖ ਥੱਲੇ ਸਾਹਿਰ ਲੁਧਿਆਣਵੀ ਦਾ ਰੇਖਾ-ਚਿੱਤਰ ਦਰਜ ਕੀਤਾ ਹੈ ਸ਼ਾਇਰ ਉਰਦੂ ਸ਼ਾਇਰੀ ਦਾ ਹੀ ਨਹੀਂ ਸਗੋਂ ਫਿਲਮ ਜਗਤ ਦਾ ਵੀ ਪ੍ਰਮੁੱਖ ਗੀਤਕਾਰ ਸੀ ਉਸ ਨੇ ਸ਼ਾਇਰੀ ਅਤੇ ਫ਼ਿਲਮ ਜਗਤ ਵਿਚ ਨਵੇਂ ਆਯਾਪ ਸਥਾਪਿਤ ਕੀਤੇ ਉਸ ਨੇ ਫ਼ਿਲਮਾਂ ਵਿਚ ਗੀਤ ਲਿਖ ਕੇ ਆਪਣਾ ਹੀ ਨਾਂ ਨਹੀਂ ਬਣਾਇਆ ਸਗੋਂ ਗੀਤਕਾਰਾਂ ਦੀ ਇੱਜ਼ਤ ਅਤੇ ਗੀਤਾਂ ਦੇ ਰੇਟ ਵਧਾ ਦਿੱਤੇ ਉਹ 'ਤਾਜ ਮਹਿਲ' ਨਜ਼ਮ ਲਿਖ ਕੇ ਇਨਕਲਾਬੀ ਲਹਿਰ ਦਾ ਸਿਰਕੱਢ ਸ਼ਾਇਰ ਬਣ ਗਿਆ ਜੁਬਾਨ ਦੇ ਪੱਖ ਤੋਂ ਉਸ ਦੀ ਸ਼ਾਇਰੀ ਵਿਚ ਉਰਦੂ ਦਾ ਸਬਾਬ ਅਤੇ ਹਿੰਦੀ ਦਾ ਰਸ ਅਤੇ ਅਲੰਕਾਰ ਸੀ ਗਾਰਗੀ ਉਸ ਦੀ ਸਖ਼ਸ਼ੀਅਤ ਅਤੇ ਸ਼ਾਇਰੀ ਵਿਚ ਵੱਖਰਤਾ ਸਥਾਪਿਤ ਕਰਦਾ ਹੋਇਆ ਲਿਖਦਾ ਹੈ:-

"ਸਾਹਿਰ ਨੂੰ ਕਿਸੇ ਨਾਲ ਇਸ਼ਕ ਨਹੀਂ ਸੀ ਉਹ ਇਸ਼ਕ ਦੇ ਗੀਤ ਰਚਦਾ ਸੀ ਪਰ ਜ਼ਰੂਰ ਨਹੀਂ ਸੀ ਕਿ ਉਹ ਖ਼ੁਦ ਵੀ ਵੀ ਇਸ਼ਕ ਵਿਚ ਰੋਂਦਾ ਫਿਰੇ"

ਉਸ ਨੇ ਆਖਿਆ, "ਮੇਰਾ ਇਸ਼ਕ ਗੀਤ ਲਿਖਣ ਪਿੱਛੋਂ ਖ਼ਤਮ ਹੋ ਜਾਂਦਾ ਹੈ ਇਹ ਇਸ਼ਕ ਦੀ ਬੀਮਾਰੀ ਹੈ ਪਤਾ ਨਹੀਂ ਲੋਕ ਕੀ ਸਮਝਦੇ ਹਨ ਜਿਹੜਾ ਹਲਵਾਈ ਜਲੇਬੀਆਂ ਤਲਦਾ ਹੈ ਉਹ ਖੁਦ ਨਹੀਂ ਖਾਂਦਾ" (ਹੁਸੀਨ ਚਿਹਰੇ) ਪੰਨਾ 74

ਸਾਹਿਰ ਖੱਬ ਪੱਖੀ ਲਹਿਰ ਨਾਲ ਸਬੰਧਿਤ ਸੀ ਸਾਰੇ ਦੇਸ਼ ਵਿਚ ਅਮਨ ਲਹਿਰ ਚੱਲ ਰਹੀ ਸੀ ਚਾਰੇ ਪਾਸੇ ਪਕੜ ਪਕੜ ਧਕੜ ਸ਼ੁਰੂ ਹੋ ਗਈ ਸਾਹਿਰ ਦਿੱਲੀ ਛੱਡ ਕੇ ਬੰਬਈ ਆ ਗਿਆ ਉਥੇ ਬਹੁਤ ਸਾਰੇ ਉਰਦੂ ਦੇ ਸ਼ਾਇਰ ਫ਼ਿਲਮਾਂ ਨਾਲ ਨਾਲ ਜੁੜੇ ਹੋਏ ਸਨ ਪਰ ਉਸਦੀ ਕਿਸੇ ਨੇ ਮਦਦ ਨਾ ਕੀਤੀ ਸੰਗੀਤ ਦੀ ਲੈਅ ਉਤੇ ਗੀਤ ਲਿਖਣ ਵਾਲਾ ਉਹ ਪਹਿਲਾ ਗੀਤਾਕਰ ਸੀ ਇਸ ਖੂਬੀ ਕਰਕੇ ਉਹ ਫਿਲਮਾਂ ਵਿਚ ਛਾ ਗਿਆ ਸਾਹਿਰ ਵਿਚ ਹਲੀਮੀ ਸੀ ਪਰੰਤੂ ਨਾਲ ਹੀ ਕਲਾਤਮਕ ਗਰੂਰ ਸੀ ਸਾਹਿਰ ਬਾਰੇ ਜਾਣਕਾਰੀ ਦਿੰਦਾ ਹੋਇਆ ਗਾਰਗੀ ਲਿਖਦਾ ਹੈ:-

"ਉਹ ਮਸਾਂ ਵੀਹ ਸਾਲ ਦਾ ਸੀ ਜਦੋਂ ਲੁਧਿਆਣਾ ਛੱਡ ਕੇ ਲਾਹੌਰ ਆ ਗਿਆ ਅਵਾਰਾ ਬੇਰੋਜ਼ਗਾਰ ਰੋਮਾਂਟਿਕ ਗੀਤ ਗੀਤ ਲਿਖਣ ਵਾਲਾ, ਸਮਾਜੀ ਇਨਕਲਾਬ ਲਿਆਉਣ ਵਾਲਾ, ਦਿਲ-ਸੱਲ੍ਹਵੇਂ ਗੀਤ ਰਚਣ ਵਾਲਾ ਸਾਹਿਰ ਉਸ ਵਿਚ ਨਰਮੀ ਨਰਮੀ ਅਤੇ ਲਚਕ ਸੀ ਜੋ ਉਸ ਦੀ ਸ਼ਕਲ ਨਾਲ ਮੇਲ ਖਾਂਦੀ ਸੀ ਜਿਸਮਾਨੀ ਤੌਰ ਤੇ ਉਹ ਬਹੁਤ ਸੁਸਤ ਸੀ ਚਾਲ-ਢਾਲ ਢਾਲ ਵੀ ਲਚਕੀਲੀ, ਸਫੈਦੇ ਦੇ ਪਤਲੇ ਦਰਖਤ ਵਾਂਗ ਜੋ ਹਵਾ ਦੇ ਰਤਾ ਕੁ ਝੋਕੇ ਨਾਲ ਲਿਫ਼ ਜਾਂਦਾ ਹੈ ਚਿਹਰੇ ਉਤੇ ਹਲਕੇ ਹਲਕੇ ਮੱਧਮੀ ਦਾਗ ਲੰਮਾ ਨੱਕਾ, ਸ਼ਰਮੀਲੀ ਮੁਸਕਰਾਹਟ" (ਹੁਸੀਨ ਚਿਹਰੇ) ਪੰਨਾ 71

ਸਾਹਿਰ ਨੇ ਇਨਕਲਾਬੀ ਗੀਤ ਅਤੇ ਸ਼ਾਇਰੀ ਆਪਣੀ ਮਰਜ਼ੀ ਨਾਲ ਕੀਤੀ ਕਾਂਗੋ ਦੇ ਲੀਡਰ ਲਮੰਮਬਾ ਦੇ ਕਤਲ ਉੱਤੇ ਪਹਿਲਾਂ ਕੁਝ ਨਹੀਂ ਲਿਖਿਆ ਪਰੰਤੂ ਸਾਹਿਰ ਨੇ ਸਾਥੀਆਂ ਦੇ ਕਹਿਣ ਉੱਤੇ ਉਹ ਨਜ਼ਮ ਲਿਖੀ ਜੋ ਲੰਮਾ ਸਮਾਂ ਲੋਕਾਂ ਦੇ ਚੇਤਿਆਂ ਵਿਚ ਵਸੀ ਰਹੀ ਗਾਰਗੀ ਨੇ ਸਾਹਿਰ ਦੀ ਸਖ਼ਸ਼ੀਅਤ ਦੀਆਂ ਕਈ ਪਰਤਾਂ ਨੂੰ ਉਭਾਰਿਆ ਜਿਹੜੀਆਂ ਉਸ ਦੀ ਰਚਨਾਕਾਰੀ ਅਤੇ ਸਖ਼ਸ਼ੀਅਤ ਵਿਚ ਸਮਨਵੇ ਅਤੇ ਵਿਰੋਧ ਦੋਵੇਂ ਸਥਾਪਿਤ ਕਰਦੇ ਹਨ

ਗਾਰਗੀ ਪੱਤਰਕਾਰੀ ਦੇ ਖੇਤਰ ਵਿਚ ਸਭ ਤੋਂ ਚਰਚਿਤ ਫਿਕਰ ਤੌਂਸਵੀ ਦਾ ਰੇਖਾ-ਚਿੱਤਰ ਇਕ ਵੱਖਰੇ ਅੰਦਾਜ਼ ਵਿਚ ਲਿਖਦਾ ਹੈ ਉਹ ਮਿਲਾਪ ਅਖ਼ਬਾਰ ਵਿਚ 'ਪਿਆਜ਼ ਦੇ ਛਿਲਕੇ' ਕਾਲਮ ਲਿਖਦਾ ਸੀ ਉਹ ਖੱਬੇ ਪੱਖੀ ਲਹਿਰ ਨਾਲ

ਜੁੜ ਕੇ ਅਮਨ ਲਹਿਰ ਵਿਚ ਕੰਮ ਕਰਦਾ ਰਿਹਾ ਉਸ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਸੀ ਉਸ ਦੀ ਪੱਤਰਕਾਰੀ ਦੀ ਦੀ ਸ਼ੈਲੀ ਬਾਰੇ ਗਾਰਗੀ ਲਿਖਦਾ ਹੈ:-

"ਫਿਕਰ ਦੀਆਂ ਉਲ-ਜਲੂਲ ਗੱਲਾਂ ਵਿਚ ਬੇਹੱਦ ਚੋਟ ਤੇ ਸਿਆਸੀ ਸੂਝ ਸੀ

ਫਿਕਰ ਲਈ ਲਗਾਤਾਰ ਅਖ਼ਬਾਰ ਵਿਚ ਕਾਲਮ ਲਿਖਣ ਦੀ ਮਜਬੂਰੀ ਇਕ ਤਰ੍ਹਾਂ ਦੀ ਨੇਅਮਤ ਬਣ ਗਈ ਉਸਦੇ ਅਜਿਹਾ ਸਟਾਈਲ ਪੈਦਾ ਕੀਤਾ, ਅਜਿਹਾ ਅੰਦਾਜ਼, ਜੋ ਪੜ੍ਹਨ ਵਾਲਿਆਂ ਉੱਤੇ ਟੂਣਾ ਕਰ ਦੇਂਦਾ ਹੈ ਉਸਦੇ ਅੰਦਰ ਅਨੋਖਾ ਆਤਮ-ਵਿਸਵਾਸ਼ ਹੈ ਉਹ ਜੋ ਚਾਹੇ ਲਿਖੇ, ਫਿਕਰੇ ਨੂੰ ਉਲਟਾ ਟੰਗ ਦੇਵੇ, ਟੇਬਲ ਲੈਂਪ ਨੂੰ ਰਾਜ ਨਾਰਾਇਣ ਕਹਿ ਦੇਵੇ, ਘਾਹ ਨੂੰ ਲਾਲ ਅਤੇ ਦੁੱਧ ਨੂੰ ਕਾਲਾ ਲਿਖ ਦੇਵੇ ਤਾਂ ਲੋਕ ਇਸ ਨੂੰ ਕਬੂਲ ਕਰਨਗੇ ਇਹ ਰਚਨਾਤਮਕ ਸ਼ਕਤੀ ਹੈ ਇਕ ਅਜਿਹਾ ਚਮਤਕਾਰ ਜਿਸ ਵਿਚ ਤਰਕ ਨਹੀਂ, ਸਗੋਂ ਪੁੱਠੀਆਂ ਕਲਾਬਾਜ਼ੀਆਂ ਹਨ" (ਹੁਸੀਨ ਚਿਹਰੇ) ਪੰਨਾ 88

ਗਾਰਗੀ ਤੌਂਸਵੀਂ ਦੀ ਸਖ਼ਸ਼ੀਅਤ ਦੀਆਂ ਪਰਤਾਂ ਨੂੰ ਪਿਆਜ਼ ਦੇ ਛਿਲਕਿਆਂ ਦੀ ਤਰ੍ਹਾਂ ਉਤਾਰਦਾ ਜਾਂਦਾ ਹੈ ਉਹ ਲੋਕਾਂ ਵਿਚ ਹਰਮਨ ਪਿਆਰਾ, ਹਰ ਵਰਗ ਦੇ ਲੋਕਾਂ ਵਿਚ ਪੜ੍ਹਿਆ ਜਾਣ ਵਾਲਾ ਪਰ ਵਿਅਕਤੀਗਤ ਰੂਪ ਵਿਚ ਸਾਧਾਰਨ ਆਦਮੀ ਆਪ ਬੱਸ ਵਿਚ ਸਫ਼ਰ ਕਰਦਾ ਹੈ ਸਧਾਰਨ ਪਹਿਰਾਵੇ ਵਿਚ ਰਹਿੰਦਾ ਹੈ ਉਸਦੇ ਤਮਾਮ ਫੈਨ ਹਨ ਢਾਬਿਆਂ ਉਤੇ ਉਤੇ ਬੈਠੇ ਬਜ਼ੁਰਗ ਮਿਲਾਪ ਪੜ੍ਹਦੇ ਹਨ ਇਕ ਬੰਦਾ ਉਹੀ ਆਵਾਜ਼ ਵਿਚ ਪੜ੍ਹਦਾ ਹੈ ਅਤੇ ਦਸ ਆਦਮੀ ਉਸ ਨੂੰ ਸੁਣਦੇ ਹਨ ਬਕੌਲ ਗਾਰਗੀ, "ਜਿਵੇਂ ਹਨੂੰਮਾਨ ਚਾਲੀਸਾ ਦਾ ਪਾਠ ਹੋ ਰਿਹਾ ਹੋਵੇ" ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਸ ਉਸ ਦੀ ਭਾਸ਼ਾ ਉਰਦੂ ਵਿਚ ਲਿਖਣ ਵਾਲੀ ਪੀੜ੍ਹੀ ਅਲੋਪ ਹੁੰਦੀ ਜਾ ਰਹੀ ਹੈ ਨਵੀਂ ਪੀੜ੍ਹੀ ਹਿੰਦੀ ਅਤੇ ਸਥਾਨਕ ਭਾਸ਼ਾਵਾਂ ਨਾਲ ਜੁੜ ਰਹੀ ਹੈ ਗਾਰਗੀ ਨੂੰ ਵੀ ਇਸ ਪੀੜ੍ਹੀ ਦੇ ਹੌਲੇ-ਹੌਲੇ ਆਲੋਪ ਹੋ ਜਾਣ ਦਾ ਅਹਿਸਾਸ ਹੈ

ਗਾਰਗੀ ਨੇ ਸ਼ਿਵ ਕੁਮਾਰ ਬਟਾਲਵੀ ਦਾ ਰੇਖਾ ਚਿੱਤਰ ਬਹੁਤ ਰੂਹ ਨਾਲ ਲਿਖਿਆ ਹੈ ਉਸ ਦਾ ਸ਼ਿਵ ਨਾਲ ਮੇਲ-ਮਿਲਾਪ ਸ਼ਿਦਤੀ ਪੜਾਅ ਉੱਤੇ ਪਹੁੰਚ ਗਿਆ ਸੀ ਇਸ ਰੇਖਾ ਚਿੱਤਰ ਵਿਚ ਸ਼ਿਵ ਦਾ ਸੁਭਾਅ, ਵਿਹਾਰ ਅਤੇ ਰਚਨਾਤਮਕ ਵਰਤਾਰਾ ਸ਼ਾਮਲ ਹੈ ਉਸ ਦਾ ਰਚਨਾਤਮਕ ਵਰਤਾਰਾ ਨਿੱਜ ਤੋਂ ਉਤੇ ਸੀ, ਲੋਕ ਉਸਨੂੰ ਉਸ ਦੀ ਕਵਿਤਾ ਦੀ ਰੂਹ ਅਤੇ ਮੁਹਾਵਰੇ ਤੋਂ ਸਮਝਣ ਦੀ ਕੋਸ਼ਿਸ਼ ਕਰਦੇ ਪਰੰਤੂ ਉਹ ਇਕ ਵਿਲੱਖਣ ਸਖ਼ਸ਼ੀਅਤ ਸੀ ਉਹ ਚੰਡੀਗੜ੍ਹ ਵਿਖੇ ਬੈਂਕ ਵਿਚ ਨੌਕਰੀ ਕਰਦਾ ਸੀ ਸ਼ਰਾਬ ਪੀਂਦਾ ਸੀ ਉਸ ਦੀਆਂ ਬਹੁਤ ਸਾਰੀਆਂ ਔਰਤ ਦੋਸਤ ਸਨ ਪਰੰਤੂ ਕਵਿਤਾ ਰਚਦੇ ਅਤੇ ਮੰਚ ਉੱਤੇ ਸੁਣਾਉਂਦੇ ਹੋਏ ਉਸ ਅੰਦਰ ਸਰੋਤਿਆਂ ਨੂੰ ਕੀਲ ਲੈਣ ਦੀ ਸ਼ਕਤੀ ਸੀ ਇਹ ਸ਼ਕਤੀ ਸੁਰ ਅਤੇ ਸ਼ਬਦ ਦੇ ਸੁਮੇਲ ਵਿਚ ਸੀ ਗਾਰਗੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਉਤੇ ਹੋਏ ਇਕ ਕਵੀ ਦਰਬਾਰ ਦਾ ਜ਼ਿਕਰ ਕਰਦਾ ਹੈ ਉਸ ਕਵੀ ਦਰਬਾਰ ਵਿਚ ਉਸ ਸਮੇਂ ਦੇ ਵੱਡੇ ਕਵੀ ਹਾਜ਼ਰ ਸਨ ਸਾਰੇ ਕਵੀ ਪਰੰਪਰਾਗਤ ਮੁਹਾਵਰੇ ਨੂੰ ਦੁਹਰਾ ਰਹੇ ਸਨ ਸਨ ਮੁਸ਼ਾਇਰੇ ਵਿਚ ਸੁਸਤੀ ਦਾ ਆਲਮ ਸੀ ਪ੍ਰੰਤੂ ਜਦੋਂ ਸ਼ਿਵ ਸਰੋਤਿਆਂ ਸਾਹਮਣੇ ਆਇਆ ਤਾਂ ਗਾਰਗੀ ਇਸ ਸਥਿਤੀ ਦਾ ਦਾ ਚਿੱਤਰਨ ਕਰਦਾ ਹੋਇਆ ਲਿਖਦਾ ਹੈ:-

'ਯਕਦਮ ਉਸ ਦੀ ਆਵਾਜ਼ ਦੀਪ ਦੇ ਸੁਰਾਂ ਉਤੇ ਗੂੰਜੀ ਉਹ ਨਾਨਕ ਨੂੰ ਵੰਗਾਰ ਰਿਹਾ ਸੀ ਇਕ ਸ਼ਾਇਰ ਦੂਜੇ ਸ਼ਾਇਰ ਨੂੰ ਮੁਖਾਤਿਬ ਸੀ ਉਹ ਨਾਨਕ ਨੂੰ ਆਖ ਰਿਹਾ ਸੀ, "ਦੇਖ ਤੇਰੀ ਕੌਮ ਨੇ ਕਿੰਨਾ ਸਫ਼ਰ ਕੀਤਾ ਹੈ, ਤੇਰੇ ਤੋਂ ਅੱਗੇ! ਇਹ ਅੱਜ ਪਹੁੰਚੀ ਹੈ ਨਾਮ ਤੋਂ ਤਲਵਾਰ ਤਕ"

'ਨਾਮ ਤੋਂ ਤਲਵਰ ਤੱਕ' ਦੇ ਸ਼ਬਦ ਗੂੰਜੇ ਤਾਂ ਜਵਾਨਾਂ ਦੇ ਸ਼ੀਨੇ ਵਿਚ ਸਮੁੱਚੀ ਕੌਮ ਦੇ ਨਿਮਨ ਚੇਤਨ ਵਿਚਲੀਆਂ ਸਧਰਾਂ ਜਾਗ ਉੱਠੀਆਂ ਸਾਰੇ ਹਾਲ ਵਿਚ ਸ਼ਿਵ ਗੂੰਜ ਰਿਹਾ ਸੀ ਉਸ ਦਾ ਕੱਦ ਬਹੁਤ ਉੱਚਾ ਲੱਗ ਰਿਹਾ ਸੀ ਤੇ ਉਸ ਦੀ ਆਵਾਜ਼ ਵਿਚ ਪੈਗੰਬਰਾਂ ਵਾਲਾ ਜਲਾਲ ਸੀ ਲੋਕਾਂ ਨੂੰ ਹਲੂਣਦੀ ਸ਼ਕਤੀ, ਉਨ੍ਹਾਂ ਨੂੰ ਗੁਆਉਣਤੇ ਜਗਾਉਣ ਤੇ ਅੱਗੇ ਵਧਣ ਦੀ ਦੀ ਪ੍ਰੇਰਨਾ

ਹਾਲ ਵਿਚ ਸਨਾਟਾ ਸੀ ਕਿਸੇ ਕਿਸੇ ਵੇਲੇ ਹਲਕੀ ਜਿਹੀ ਆਹ ਨਿਕਲਦੀ ਫਿਰ ਟੂਣੇਹਾਰੀ ਮੁਗਧਤਾ" (ਹੁਸੀਨ ਚਿਹਰੇ) ਪੰਨਾ 94

ਗਾਰਗੀ ਸਰੋਤਿਆਂ ਦੇ ਪ੍ਰਭਾਵ ਤੋਂ ਬਿਨਾ ਉਸ ਦੇ ਕਾਵਿਕ ਗੁਣਾ ਦਾ ਜ਼ਿਕਰ ਵੀ ਕਰਦਾ ਹੈ ਇਹ ਕਵਿਤਾਵਾਂ ਦੀ ਸ਼ਕਤੀ ਹੀ ਉਸ ਦੀ ਅਸਲ ਸ਼ਬਦ ਸ਼ਕਤੀ ਸੀ

"ਉਹ ਕਈ ਵਾਰ ਖੂਬਸੂਰਤ ਤੁਕਾਂ ਤੇ ਅਲੰਕਾਰ ਕੱਟ ਸੁਟਦਾ ਅਜਿਹੀਆਂ ਪੰਗਤੀਆਂ ਜੋ ਕੋਈ ਦੂਜਾ ਸ਼ਾਇਰ ਸ਼ਾਇਦ ਸ਼ਾਇਦ ਨਾ ਲਿਖ ਸਕਦਾ, ਸ਼ਿਵ ਸਹਿਜ ਸੁਭਾਅ ਰਚ ਕੇ ਸੁਟ ਦੇਂਦਾ ਉਸਦੀ ਸ਼ਬਦਾਂ ਦੀ ਜੜਤ ਵਿਚ ਚਮਤਕਾਰ ਸੀ, ਨਾਟਕੀ ਬੀੜ ਸੀ ਦੋ ਵੱਖਰੇ ਸ਼ਬਦਾਂ ਨੂੰ ਤੇ ਚਿੱਤਰਾਂ ਨੂੰ ਜੋੜਦਾ ਉਸਨੇ ਉਹ ਬਿੰਬ ਅਤੇ ਪ੍ਰਤੀਕ ਵਰਤੇ ਕਿ ਉਸਦੇ ਨਾਂ ਨਾਲ ਨਾਲ ਹੀ ਜੁੜ ਗਏ ਕਿਸੇ ਦੀ ਹਿੰਮਤ ਨਹੀਂ ਕਿ 'ਭੱਠੀ ਵਾਲੀਏ' ਜਾਂ ਕੜਿਆਲੀ ਥੋਹਰ' ਜਾਂ 'ਸੱਪਣੀ' ਜਾਂ 'ਚੰਦਰੇ ਰੁੱਖ' ਜਾਂ ਪੁੱਠੜੇ ਤਵੇ ਜੇਹੇ ਸ਼ਬਦ ਵਰਤੇ" (ਹੁਸੀਨ ਚਿਹਰੇ) ਪੰਨਾ 97

ਸ਼ਿਵ ਜਾਣ ਕੇ ਆਪਣੀ ਕਵਿਤਾ ਅਤੇ ਵਿਅਕਤੀਤਵ ਵਿਚ ਇਕ ਵਿੱਥ ਸਥਾਪਿਤ ਕਰਦਾ ਹੈ ਲੋਕ ਉਸ ਦੀਆਂ ਰਚਨਾਵਾਂ ਵਿਚੋਂ ਉਸ ਦਾ ਜੀਵਨ ਤਲਾਸ਼ਦੇ ਸਨ ਇਸੇ ਲਈ ਉਸ ਨੂੰ ਗ਼ਮ ਦਾ ਬਿਰਹਾ ਦਾ ਸ਼ਾਇਰ ਆਖਦੇ ਬਕੌਲ ਗਾਰਗੀ ਗਾਰਗੀ ਉਹ ਇਨ੍ਹਾਂ ਗੱਲਾਂ ਦਾ ਖੰਡਨ ਕਰਦਾ ਉਸ ਅਨੁਸਾਰ ਉਸ ਨੂੰ ਜ਼ਿੰਦਗੀ 'ਚੋਂ ਕੋਈ ਗ਼ਮ ਨਹੀਂ ਸ਼ਰਾਬ ਪੀਂਦਾ ਹੈ, ਮਹਿਬੂਬਾਵਾਂ ਹਨ, ਬਥੇਰਾ ਰੁਪਿਆ ਹੈ, ਨੇਕ ਬੀਵੀ ਹੈ ਉਹ ਕਹਿੰਦਾ, "ਮੈਂ ਸਿਰਫ਼ ਗ਼ਮ ਦੀ ਕਵਿਤਾ ਲਿਖਦਾ ਹਾਂ ਮੈਨੂੰ ਆਪਣਾ ਕੋਈ ਗ਼ਮ ਨਹੀਂ ਦੁਨੀਆਂ ਦਾ ਗ਼ਮ ਉਸ ਦੇ ਅੰਦਰ ਜ਼ਰੂਰ ਹੈ ਉਸ ਅਨੁਸਾਰ 'ਜ਼ਾਤੀ ਗ਼ਮ ਕਵਿਤਾ ਨੂੰ ਕਮਜ਼ੋਰ ਕਰਦਾ ਹੈ' ਸ਼ਿਵ ਮੌਤ ਤੋਂ ਬਾਅਦ ਮਿੱਥ ਬਣ ਗਿਆ ਸ਼ਿਵ ਦੇ ਜਿਉਂਦੇ ਜੀਅ ਲਹਿਰਾਂ ਨਾਲ ਜੁੜੇ ਹੋਏ ਸ਼ਾਇਰ ਦੀ ਕਵਿਤਾ ਨੂੰ ਨੂੰ ਸਮਾਜ ਤੋਂ ਕੋਈ ਵਿਰਵੀ ਸਮਝਦੇ

ਸ਼ਿਵ ਆਪਣੀ ਕਲਾ ਅਤੇ ਰਚਣ ਸ਼ਕਤੀ ਪ੍ਰਤੀ ਸੁਚੇਤ ਸੀ ਜ਼ਿੰਦਗੀ ਵਿਚ ਉਹ ਇਕ ਪੜਾਅ ਉਤੇ ਆ ਕੇ ਨਿਰਾਸ਼ ਹੋ ਹੋ ਗਿਆ ਸੀ ਉਸ ਦੀਆਂ ਕਈ ਕਵਿਤਾਵਾਂ ਪਰੰਪਰਾਵਾਂ ਦੇ ਵਿਰੋਧ ਵਿਚ ਹਨ ਇਸ ਵਿਰੋਧ ਨੇ ਵੀ ਉਸਨੂੰ ਵੱਡਾ ਕਵੀ ਬਣਾਇਆ ਉਹ ਚੰਡੀਗੜ੍ਹ ਤੋਂ ਅੱਕ ਕੇ ਬਟਾਲੇ ਚਲਾ ਗਿਆ ਅਤੇ ਫਿਰ ਬਟਾਲੇ ਤੋਂ ਪਠਾਨਕੋਟ ਕੋਲ ਸਹੁਰੇ ਪਿੰਡ ਪਹੁੰਚ ਗਿਆ ਜਿਥੋਂ ਉਹ ਹਮੇਸ਼ਾ ਲਈ ਚਲਾ ਗਿਆ ਗਾਰਗੀ ਨੇ ਆਪਣੇ ਰੇਖਾ ਚਿੱਤਰ ਵਿਚ ਸ਼ਿਵ ਦੀ ਸਖ਼ਸ਼ੀਅਤ ਅਤੇ ਰਚਨਾਕਾਰੀ ਦੀਆਂ ਕਈ ਪਰਤਾਂ ਉਭਾਰੀਆਂ ਹਨ

ਪੰਜਾਬ ਉਸਾਰਨ ਵਾਲਿਆਂ ਵਿਚ ਐਮ.ਐਸ. ਰੰਧਾਵਾ ਦੀ ਵਿਸ਼ੇਸ਼ ਭੂਮਿਕਾ ਹੈ ਉਹ ਸਖ਼ਤ ਫੈਸਲੇ ਲੈਣ ਵਾਲਾ ਅਧਿਕਾਰੀ ਅਤੇ ਸਾਹਿਤ ਤੇ ਕਲਾ ਦੀ ਤਰੱਕੀ ਚਾਹੁੰਣ ਵਾਲਾ ਸੀ ਉਸਨੂੰ ਸਾਹਿਤ ਅਤੇ ਕਲਾ ਦਾ ਸ਼ੌਕ ਸੀ ਗਾਰਗੀ ਨੇ ਰੇਖਾ ਰੇਖਾ ਚਿੱਤਰ ਇਨ੍ਹਾਂ ਗੁਣਾਂ ਉਤੇ ਹੀ ਕੇਂਦਰਤ ਕੀਤਾ ਹੈ ਗਾਰਗੀ ਲਿਖਦਾ ਹੈ:-

"ਰੰਧਾਵਾ ਪੰਜਾਬੀ ਕਲਚਰ ਦਾ ਸ਼ਾਹ ਜਹਾਨ ਹੈ ਉਸ ਨੂੰ ਕਲਾ ਭਵਨ, ਸਾਹਿਤਕ ਕਿਲੇ ਤੇ ਕਲਚਰ ਇਮਾਰਤਾ ਉਸਾਰਨ ਦਾ ਜਨੂੰਨ ਹੈ ਸੜਕਾਂ ਤੇ ਭਵਨਾਂ ਨੂੰ ਵਚਿੱਤਰ ਪੌਦਿਆਂ, ਵੇਲਾਂ ਤੇ ਰੰਗਦਾਰ ਦਰੱਖਤਾਂ ਨਾਲ ਸ਼ਿੰਗਾਰਨ ਦਾ ਸ਼ੌਕ ਹੈ ਚੰਡੀਗੜ੍ਹ ਨੂੰ ਫੁੱਲਾਂ ਦੀਆਂ ਬੇਸ਼ੁਮਾਰ ਵੰਨਗੀਆਂ, ਚੰਗਿਆੜੇ ਰੰਗੇ, ਗੁਲਮੋਹਰ ਤੇ ਸਦਾ ਬਹਾਰ ਦਰੱਖਤਾਂ ਨਾਲ ਸ਼ਿੰਗਾਰਿਆਂ ਹੋਇਆ ਹੈ ਹਿੰਦੁਸਤਾਨ ਦੇ ਧੁਰ ਦੱਖਣ ਵਿਚੋਂ ਚੁਣ-ਚੁਣ ਕੇ ਦਰੱਖਤਾਂ ਦੀ ਪਨੀਰੀ ਲਿਆਂਦੀ ਚੰਡੀਗੜ੍ਹ ਦੀ ਅਰਧ-ਪਹਾੜੀ ਜ਼ਮੀਨ ਵਿਚ ਜਿਥੇ ਸੱਪ, ਠੂਹੇ ਤੇ ਕੋਹੜ ਕਿਰਲਾਂ ਸਨ, ਨਰੰਜੀ,ਜਾਮਨੀ ਤੇ ਪਿਆਜੀ ਫੁੱਲਾਂ ਵਾਲੇ ਦਰੱਖਤਾਂ ਨਾਲ ਸਜ਼ਾ ਦਿੱਤਾ" (ਹੁਸੀਨ ਚਿਹਰੇ) ਪੰਨਾ 104

ਰੰਧਾਵਾ ਆਪਣੀ ਅਫ਼ਸਰੀ ਦੀ ਤਾਕਤ ਨੂੰ ਵਰਤਣ ਜਾਣਦਾ ਸੀ ਉਹ ਝੱਟ ਫ਼ੈਸਲਾ ਲੈਣ ਦੀ ਸਮਰੱਥਾ ਰੱਖਦਾ ਸੀ ਕੰਮ ਕਰਦੇ ਹੋਏ ਇਮਾਨਦਾਰੀ ਵਰਤਣਾ ਉਸਦੀ ਵੱਡੀ ਖੂਬੀ ਸੀ ਇਸੇ ਲਈ ਉਹ ਹਰ ਫੈਸਲੇ ਉਤੇ ਤੁਰੰਤ ਆਰਡਰ ਕਰ ਦਿੰਦਾ ਸੀ ਉਹ ਦੇਸ਼ ਵੰਡ ਸਮੇਂ ਦਿੱਲੀ ਦਾ ਡਿਪਟੀ ਕਮਿਸ਼ਨਰ ਸੀ ਉਸ ਦੇ ਦਫ਼ਤਰ ਅੱਗੇ ਰਿਫਿਊਜ਼ੀਆਂ ਦੀ ਲੰਮੀ ਕਤਾਰ ਕਤਾਰ ਹੁੰਦੀ ਸੀ ਉਹ ਜੋ ਵੀ ਫੈਸਲਾ ਲੈਂਦਾ ਹੁੰਦਾ ਤੁਰੰਤ ਹੁੰਦਾ ਉਸਨੇ ਸਾਹਿਤਕਾਰਾਂ ਦੀ ਬਹੁਤ ਸਹਾਇਤਾ ਕੀਤੀ ਬਕੌਲ ਬਕੌਲ ਗਾਰਗੀ ਉਸਨੇ ਇਕ ਦਿਨ ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਕਤਾਰ ਵਿਚ ਖੜ੍ਹੇ ਦੇਖਿਆ ਅਤੇ ਆਪ ਉਠ ਕੇ ਉਸ ਕੋਲ ਗਿਆ ਅਤੇ ਮਹਿਰੌਲੀ ਵਿਚ ਵੱਡਾ ਮਕਾਨ ਅਲਾਟ ਕਰ ਦਿੱਤਾ ਪ੍ਰੀਤ ਨਗਰ ਤੋਂ ਉਸਨੇ ਕਿਤਾਬਾਂ, ਭਾਰੀ ਮਸ਼ੀਨਾਂ ਅਤੇ

ਅਤੇ ਹੋਰ ਸਮਾਨ ਸਰਕਾਰੀ ਖਰਚੇ ਉਤੇ ਮੰਗਵਾਇਆ ਭਾਪਾ ਪ੍ਰੀਤਮ ਸਿੰਘ ਨੂੰ ਉਸ ਨੇ ਦੁਕਾਨ ਅਲਾਟ ਕੀਤੀ ਰੰਧਾਵਾ ਆਰਟਿਸਟਾਂ ਦਾ ਸਰਪ੍ਰਸਤ ਸੀ ਪੰਜਾਬ ਦੇ ਲਗਭਗ ਹਰ ਪੇਂਟਰ ਜਾਂ ਕਲਾਕਾਰ ਦੀ ਰੰਧਾਵੇ ਨੇ ਮਦਦ ਕੀਤੀ ਸੋਭਾ ਸਿੰਘ, ਸਿੰਘ, ਜਸਵੰਤ ਸਿੰਘ, ਕਿਰਪਾਲ ਸਿੰਘ ਅਤੇ ਸ਼ਿਵ ਸਿੰਘ ਦੀ ਬਹੁਤ ਸਹਾਇਤਾ ਕੀਤਾ ਜਦੋਂ ਉਹ 1966 ਵਿਚ ਚੰਡੀਗੜ੍ਹ ਦਾ ਚੀਫ਼ ਕਮਿਸ਼ਨਰ ਬਣਿਆ ਤਾਂ ਉਸ ਨੇ ਕਿਤਾਬਾਂ ਦੀਆਂ ਦੁਕਾਨਾਂ ਵਾਸਤੇ 17 ਸੈਕਟਰ ਦਾ ਇਕ ਬਲਾਕ ਬਣਵਾ ਦਿੱਤਾ

ਰੰਧਾਵਾ ਅਸਲ ਵਿਚ ਪੰਜਾਬ ਦੀ ਅਮੀਰ ਸਭਿਆਚਾਰਕ ਵਿਰਾਸਤ ਨੂੰ ਗਤੀਸ਼ੀਲ ਰੂਪ ਵਿਚ ਸਾਂਭਣਾ ਚਾਹੁੰਦਾ ਸੀ ਇਸੇ ਲਈ ਉਸ ਨੇ ਪੰਜਾਬ ਨੂੰ ਜਿਥੇ ਆਰਥਿਕ ਤੇ ਸਮਾਜਿਕ ਤੌਰ ਉੱਤੇ ਵਿਕਸਤ ਕਰਨ ਲਈ ਨੀਤੀਆਂ ਬਣਾਈਆਂ ਉਥੇ ਸਭਿਆਚਾਰਕ ਤੌਰ ਤੇ ਵਿਕਸਤ ਕਰਨ ਲਈ ਇਕ ਸਭਿਆਚਾਰਕ ਨੀਤੀ ਨੂੰ ਕਾਰਜਸ਼ੀਲ ਕਰਨ ਲਈ ਯਤਨਸ਼ੀਲ ਰਿਹਾ ਰਿਹਾ

ਗਾਰਗੀ ਨੇ ਜਿਨ੍ਹਾਂ ਉਰਦੂ ਲੇਖਕਾਂ ਦੇ ਰੇਖਾ ਚਿੱਤਰ ਲਿਖੇ ਹਨ ਉਨ੍ਹਾਂ ਵਿਚ ਰਾਜਿੰਦਰ ਸਿੰਘ ਬੇਦੀ ਪ੍ਰਮੁੱਖ ਹਨ ਬੇਦੀ ਬੇਦੀ ਨੇ ਰੇਡੀਓ ਨਾਟਕਾਂ ਰਾਹੀਂ ਸਾਹਿਤਕ ਜਗਤ ਵਿਚ ਇਕ ਵੱਖਰਾ ਸਥਾਨ ਬਣਾਇਆ ਉਸਦੇ ਨਾਟਕਾਂ ਵਿਚ ਖ਼ਾਜਾਂ ਸਰਾਂ ਪ੍ਰਮੁੱਖ ਹੈ ਇਹ ਨਾਟਕ ਗਹਿਰੇ ਮਾਨਸਿਕ ਸੰਘਰਸ਼ ਤੇ ਉਪਚੇਤ ਵਿਚ ਤਪਦੇ ਭਾਵਾਂ ਦੀ ਟੱਕਰ ਬਾਰੇ ਹੈ ਇਹ ਨਾਟਕ ਨਾਟਕ ਉਸ ਜ਼ਮਾਨੇ ਦੇ ਅਫਲਾਤੂਨੀ ਪਿਆਰੇ ਨੂੰ ਚੁਣੌਤੀ ਦੇਂਦਾ ਸੀ ਬੇਦੀ ਨੂੰ ਉਰਦੂ ਭਾਸ਼ਾ ਤੇ ਆਬੂਰ ਹਾਸਲ ਸੀ ਬੇਦੀ ਸਤੰਬਰ 1947 ਵਿਚ ਕਸ਼ਮੀਰ ਚਲਾ ਗਿਆ, ਉਥੇ ਉਹ ਸ਼ੀਲਾ ਭਾਟੀਆ, ਅਰਚਨਾ ਸਚਦੇਵ ਅਤੇ ਗਿਆਨ ਸਚਦੇਵ ਨਾਲ ਰਲ ਕੇ ਘੁਸਪੈਠੀਆਂ ਦੇ ਖਿਲਾਫ਼ ਲੜਿਆ ਲੜਾਈ ਤੋਂ ਬਾਅਦ ਬੇਦੀ ਕਸ਼ਮੀਰ ਰੇਡੀਓ ਸਟੇਸ਼ਨ ਦਾ ਡਾਇਰੈਕਟਰ ਬਣ ਗਿਆ ਪਰ ਉਹ ਸਰਕਾਰੀ ਬਣਤਰ ਵਿਚ ਫਿੱਟ ਨਾ ਹੋ ਸਕਿਆ ਅਤੇ ਨੌਕਰੀ ਛੱਡ ਕੇ ਦਿੱਲੀ ਆ ਗਿਆ ਫਿਰ ਉਹ ਦਿੱਲੀ ਛੱਡ ਕੇ ਬੰਬਈ ਚਲਾ ਗਿਆ ਉਸਨੇ ਬੰਬਈ ਵਿਚ ਰਹਿ ਕੇ ਫ਼ਿਲਮਾਂ ਬਣਾਈਆਂ ਤੇ ਪ੍ਰਗਤੀਵਾਦੀ ਲੇਖਕਾਂ ਦੀ ਪਹਿਲੀ ਪਹਿਲੀ ਕਤਾਰ ਵਿਚ ਡਟਿਆ ਰਿਹਾ

ਗਾਰਗੀ ਬੇਦੀ ਦੇ ਜੀਵਨ ਦੀ ਤਬਦੀਲੀ ਨੂੰ ਰੇਖਾ ਚਿੱਤਰ ਵਿਚ ਨੋਟ ਕਰਦਾ ਹੈ ਸਮੇਂ ਨੇ ਬੇਦੀ ਨੂੰ ਸਰੀਰਕ ਤੌਰ ਤੇ ਤੇ ਕਮਜ਼ੋਰ ਕਰ ਦਿੱਤਾ ਅਤੇ ਉਹ ਜੀਵਨ ਵਿਚ ਇਕੱਲਾ ਪੈ ਗਿਆ ਗਾਰਗੀ ਇਸ ਸਥਿਤੀ ਨੂੰ ਪੇਸ਼ ਕਰਦਾ ਹੈ:-

"ਉਹ ਬੋਲਿਆ, "ਮੈਨੂੰ ਲੋਕ ਭੁਲ ਜਾਂਦੇ ਹਨ... ਦਰਅਸਲ ਮੈਂ ਜਿੰਦਾ ਨਹੀਂ ਮਰ ਗਿਆ ਹਾਂ ਜੀਅ ਕਰਦਾ ਆਪਣੇ ਆਪ ਨੂੰ ਖਤਮ ਕਰ ਲਵਾਂ ਇਸ ਕਮਰੇ ਵਿਚ ਕੈਦ ਹਾਂ ਬੱਸ ਕਿਸੇ ਦਿਨ ਮੈਂ ਇਸ ਖਿੜਕੀ ਵਿਚੋਂ ਉੱਡ ਜਾਣਾ... ਬੇਦੀ ਬਹੁਤ ਬਹੁਤ ਦੇਰ ਤਕ ਮਰਨ ਦੀਆਂ ਗੱਲਾਂ ਕਰਦਾ ਰਿਹਾ" (ਹੁਸੀਨ ਚਿਹਰੇ) ਪੰਨਾ 114 ਪਿਛਲੀ ਉਮਰ ਵਿਚ ਉਹ ਇਨਾਮ ਇਕੱਠੇ ਕਰਨ ਤੇ ਲੱਗਾ ਰਿਹਾ ਉਹ ਜਦੋਂ ਗਾਰਗੀ ਨੂੰ ਮਿਲਦਾ ਦਿੱਲੀ ਦੇ ਲੇਖਕਾਂ ਅਮ੍ਰਿਤਾ ਪ੍ਰੀਤਮ, ਅਜੀਤ ਕੌਰ, ਖ਼ੁਸ਼ਵੰਤ ਸਿੰਘ ਅਤੇ ਗਾਇਕਾ ਸੁਰਿੰਦਰ ਕੌਰ ਬਾਰੇ ਜ਼ਰੂਰ ਪੁੱਛਦਾ ਉਹ ਆਪਣੀ ਹੋਂਦ ਪ੍ਰਤੀ ਵੱਧ ਸੁਚੇਤ ਹੋ ਗਿਆ ਸੀ ਉਸ ਨੂੰ ਲਗਦਾ ਸੀ ਕਿ ਲੋਕ ਭੁੱਲ ਗਏ ਹਨ ਕਿ ਉਹ ਸਾਹਿਤ ਦਾ ਵੱਡਾ ਅਦੀਬ ਸੀ ਬਕੌਲ ਗਾਰਗੀ; ਉਸ ਨੂੰ ਆਪਣੀ ਹੋਂਦ ਉਤੇ ਸ਼ੱਕ ਹੋਣ ਲੱਗ ਪਿਆ ਸੀ ਉਹ ਹੋਂਦ ਅਤੇ ਅਣਹੋਂਦ ਵਿਚ ਲਟਕਿਆ ਬਾਰ ਬਾਰ ਆਪਣੇ ਆਪ ਨੂੰ ਜੁਆਨ ਕਰ ਰਿਹਾ ਸੀ ਤੇ ਤੇ ਮਸ਼ਹੂਰ ਅਦੀਬ ਰਾਜਿੰਦਰ ਸਿੰਘ ਬੇਦੀ ਤੋਂ ਅਲਹਿਦਾ ਹੋ ਕੇ ਆਪਣੀ ਹੋਂਦ ਢੂੰਡ ਰਿਹਾ ਸੀ ਅਖੀਰ ਵਿਚ ਰੇਖਾ ਚਿੱਤਰ ਨੂੰ ਗੋਲਾਈ ਦਿੰਦਆ ਹੋਇਆ ਉਸ ਮੌਤ ਦੀ ਤਰੀਕ ਅੰਕਿਤ ਕਰਦਾ ਹੈ

ਗਾਰਗੀ, ਬੇਦੀ ਦੀ ਪਛਾਣ, ਉਸਦੀ ਰਚਨਾਕਾਰੀ, ਉਸ ਦੇ ਸੁਭਾਅ ਦੀ ਵਿੱਲਖਣਤਾ ਅਤੇ ਫਿਰ ਜੀਵਨ ਦੇ ਢਲਦੇ ਪੜਾਅ ਦਾ ਜ਼ਿਕਰ ਕਰਦਾ ਹੈ ਇਸ ਤਰ੍ਹਾਂ ਉਹ ਰੇਖਾ ਚਿੱਤਰ ਦੀ ਇਕ ਬਣਤਰ ਅਤੇ ਬੁਣਤਰ ਤਿਆਰ ਕਰਦਾ ਹੈ

ਗਾਰਗੀ ਇਨ੍ਹਾਂ ਰੇਖਾਂ ਚਿੱਤਰਾਂ ਵਿਚ ਸਾਹਿਤ ਅਤੇ ਕਲਾ ਦੀਆਂ ਵੱਖ ਸ਼ਖਸ਼ੀਅਤਾਂ ਬਾਰੇ ਲਿਖਦਾ ਹੈ ਇਨ੍ਹਾਂ ਵਿਚ ਪ੍ਰਮੁੱਖ ਨਰਤਕੀ ਯਾਮਿਨੀ ਕ੍ਰਿਸ਼ਨਾਮੂਰਤੀ ਵੀ ਸ਼ਾਮਲ ਹੈ ਉਹ ਭਾਰਤ ਦੀ ਮਹਾਨ ਨਰਤਕੀ ਹੈ ਉਸ ਨੇ ਭਰਤਨਾਟਿਅਮ ਵਿਚ ਪ੍ਰਬਧਤਾ ਹਾਸਲ ਕੀਤੀ ਗਾਰਗੀ ਉਸ ਦੀ ਸਖਸ਼ੀਅਤ ਨੂੰ ਸ਼ਬਦ ਚਿੱਤਰ ਵਿਚ ਇਸ ਤਰ੍ਹਾਂ ਬੰਨਦਾ ਹੈ:

ਲੰਮੀਆਂ ਲਚਕੀਲੀਆਂ ਬਾਹਵਾਂ ਤੋਂ ਉਂਗਲਾਂ ਮ੍ਰਿਗ ਵਰਗੀਆਂ ਸਿਆਹ ਅੱਖਾਂ ਤੇ ਸੁਡੋਲ ਖੂਬਸੂਰਤ ਜਿਸਮ ਜਿਵੇਂ ਕਿਸੇ ਮੰਦਰ ਦੀ ਮੂਰਤੀ ਹੋਵੇ ਉਸਦੇ ਨੱਚਣ ਨਾਲ ਸਾਜਾਂ ਵਿਚ ਜਾਨ ਪੈ ਗਈ ਮਰਦੰਗ ਦੇ ਤੜਪਦੇ ਹੋਏ ਲੈਆਤਮਕ ਬੋਲ ਬੋਲ ਸਭ ਨੂੰ ਸਮਝ ਆਉਣ ਲੱਗ ਪਏ ਨਰਤਕੀ ਨੇ ਸੁਰਾਂ ਤੇ ਲੈ ਆਤਮਕ ਟੁਕੜਿਆਂ ਨੂੰ ਸਾਕਾਰ ਰੂਪ ਬਖਸ਼ ਦਿੱਤਾ ਸੈਂਕੜੇ ਸੈਂਕੜੇ ਮੂਰਤੀਆਂ ਜਾਗ ਉੱਠੀਆਂ ਉਸ ਜਾਮਨੀ ਸਰੀਰ ਵਿਚੋਂ ਜੋ ਇਸ ਵੇਲੇ ਚੰਦਨ ਵਾਂਗ ਚਮਕ ਰਿਹਾ ਸੀ (ਹੁਸੀਨ ਚਿਹਰੇ) ਪੰਨਾ 120

ਰੇਖਾ ਚਿੱਤਰ ਵਿਚੋਂ ਹੀ ਯਾਮਿਨੀ ਦੇ ਪਰਿਵਾਰਕ ਪਿਛੋਕੜ ਦਾ ਪਤਾ ਲੱਗਦਾ ਹੈ ਉਹ ਆਂਧਰਾ ਪ੍ਰਦੇਸ ਦੇ ਰਾਏਜਲਮ ਵਿਖੇ ਪ੍ਰੋ. ਕ੍ਰਿਸ਼ਨਾਮੂਰਤੀ ਦੇ ਘਰ ਪੈਦਾ ਹੋਈ ਉਹ ਸੰਸਕ੍ਰਿਤੀ, ਸੰਗੀਤ, ਨ੍ਰਿਤ-ਫਲਸਫੇ ਦਾ ਵਿਦਵਾਨ ਸੀ ਯਾਮਿਨੀ ਨੂੰ ਮੁੱਢ ਤੋਂ ਹੀ ਨ੍ਰਿਤ ਅਤੇ ਸੰਗੀਤ ਦੀ ਸਿੱਖਿਆ ਦਿੱਤੀ ਗਈ ਸੀ ਉਹ ਆਪਣੇ ਪਿਤਾ ਦੀ ਅਗਵਾਈ ਹੇਠ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਨ ਲੱਗੀ ਦੋ ਤਿੰਨ ਸਾਲਾਂ ਵਿਚ ਹੀ ਉਹ ਸਾਰੇ ਹਿੰਦੁਸਤਾਨ ਵਿਚ ਅਪਸਰਾ ਦੇ ਤੌਰ ਤੇ ਮੰਨੀ ਜਾਣ ਜਾਣ ਲੱਗ ਪਈ ਉਸ ਦੀ ਪ੍ਰਸਿੱਧੀ ਦੁਨੀਆਂ ਵਿਚ ਫੈਲ ਗਈ ਮੈਕਸੀਕੋ ਵਿਚ ਕੈਦੀਆਂ ਨੇ ਉਸਨੂੰ ਟੈਲੀਵਿਜ਼ਨ ਤੇ ਨੱਚਦੇ ਵੇਖਿਆ ਅਤੇ ਇਕ ਕੈਦੀ ਚਿੱਤਰਕਾਰ ਨੇ ਸ਼ਰਾਬ ਦੀ ਖਾਲੀ ਬੋਤਲ ਉੱਤੇ ਉਸ ਦਾ ਚਿੱਤਰ ਬਣਾ ਦਿੱਤਾ ਇਹ ਪੇਂਟ ਕੀਤੀ ਬੋਤਲ ਯਾਮਿਨੀ ਦੇ ਸੈਂਕੜੇ ਪੁਰਸਕਾਰਾਂ ਵਿਚੋਂ ਇਕ ਹੈ ਇੰਨੀ ਮੁਹਾਰਤ ਮਿਲਣ ਤੇ ਉਹ ਹਾਊਮੈ ਤੋਂ ਉਪਰ ਸੀ ਉਸ ਨੂੰ ਆਪਣੀ ਕਲਾ ਤੇ ਗਰੂਰ ਸੀ ਉਹ ਆਪਣੀਆਂ ਸ਼ਰਤਾਂ ਉਤੇ ਕੰਮ ਕਰਦੀ ਸੀ ਗਾਰਗੀ ਯਾਮਿਨੀ ਉਤੇ ਫ਼ਿਲਮ ਬਣਾਉਂਦੇ ਸਮੇਂ ਸਮੇਂ ਉਸ ਦੇ ਅਨੁਭਵ ਅਧਾਰਤ ਵਿਚਾਰ ਦਾ ਚਿਤਰਣ ਕਰਦਾ ਹੈ ਉਹ ਇਸ ਰੇਖਾ ਚਿੱਤਰ ਵਿਚ ਨ੍ਰਿਤ ਦੀਆਂ ਅੰਦਰੂਨੀ ਬਣਤਰਾਂ ਬਾਰੇ ਵੀ ਵਿਚਾਰ ਪ੍ਰਗਟ ਕਰਦਾ ਲਿਖਦਾ ਹੈ:-

"ਭਰਤਨੱਟਯਮ ਨ੍ਰਿਤ ਦੇ ਪ੍ਰਧਾਨ ਪੱਖ ਹਨ: ਇਕ ਨਿਰੋਲ ਜੋ ਮੂਰਤੀ ਕਲਾ ਦੇ ਸੈਂਕੜੇ ਆਸਣਾਂ ਤੇ ਗਤੀਬੱਧ ਕਰਵਾਂ ਵਿਚ ਨੱਚਦਾ ਹੈ ਇਸ ਵਿਚ ਕੋਈ ਵਿਸ਼ੇਸ਼ ਭਾਵ ਜਾਂ ਸੁਨੇਹਾ ਨਹੀਂ ਹੁੰਦਾ, ਕੋਈ ਅਭਿਨਯ ਨਹੀਂ ਹੁੰਦਾ ਇਹ ਨਿਰੋਲ ਨ੍ਰਿਤ ਦਾ ਦਾ ਚਮਤਕਾਰ ਹੁੰਦਾ ਹੈ ਦੂਸਰਾ ਅੰਸ਼ ਹੈ: ਅਭਿਨਯ ਇਸ ਵਿਚ ਕਿਸੇ ਰਾਗ ਵਿਚ ਬੰਨੇ ਗੀਤ ਦੇ ਸ਼ਬਦਾਂ ਨੂੰ ਨਰਤਕੀ ਹਸਤ-ਮੁਦਰਾਵਾਂ ਤੇ ਚਿਹਰੇ ਦੇ ਭਾਵ ਨਾਲ ਪ੍ਰਗਟਾਉਂਦੀ ਹੋਈ ਨੱਚਦੀ ਹੈ ਇਸ ਅਭਿਨਯ ਪ੍ਰਧਾਨ ਨਾਚ ਦੀ ਮਲਿਕਾ ਮਦਰਾਸ ਦੀ ਬਾਲਾਵਰਸਵਤੀ ਸੀ ਪਰ ਯਮਿਨੀ ਨਿਰੋਲ ਨ੍ਰਿਤ ਨੇ ਅਭਿਨਯ-ਦੋਹਾਂ ਦੀ ਮਲਿਕਾ ਹੈ" (ਹੁਸੀਨ ਚਿਹਰੇ) ਪੰਨਾ 127

ਯਾਮਿਨੀ ਕ੍ਰਿਸ਼ਨਾਮੂਰਤੀ ਨੂੰ ਆਪਣੀ ਨ੍ਰਿਤ ਕਲਾ ਉਤੇ ਮਾਣ ਹੈ ਇਸੇ ਲਈ ਉਹ ਕਿਸੇ ਕਲਾ ਦੇ ਘਰਾਣੇ ਦੇ ਮਹੱਤਵ ਨੂੰ ਨਕਾਰ ਦਿੰਦੀ ਹੈ ਅਤੇ ਵਿਅਕਤੀ ਦੇ ਗੁਣਾਂ ਨੂੰ ਕੇਂਦਰ ਵਿਚ ਰੱਖਦੀ ਹੈ ਕ੍ਰਿਸ਼ਨਾਮੂਰਤੀ ਦਾ ਆਪਣਾ ਇਕ ਸਟਾਇਲ ਹੈ ਇਹ ਸਟਾਇਲ ਉਸਨੇ ਆਪ ਪੈਦਾ ਕੀਤਾ ਹੈ

ਗਾਰਗੀ ਨੇ ਵਿਅਕਤੀ ਅਧਾਰਿਤ ਰੇਖਾ ਚਿੱਤਰਾਂ ਵਿਚ ਪ੍ਰਸਿੱਧ ਸਾਹਿਤਕਾਰਾਂ, ਕਲਾਕਾਰਾਂ, ਪੱਤਰਕਾਰਾਂ ਨੂੰ ਕੇਂਦਰ ਵਿਚ ਰੱਖ ਕੇ ਇਨ੍ਹਾਂ ਵਿਅਕਤੀਆਂ ਦੇ ਸੁਭਾਅ, ਵਿਹਾਰ ਅਤੇ ਰਚਨਾਕਾਰੀ ਦੇ ਸੁਮੇਲ ਅਤੇ ਵੱਖਰਤਾਵਾਂ ਨਾਲ ਜੁੜੇ ਤੱਤਾਂ ਨੂੰ ਉਭਾਰਿਆ ਹੈ ਇਨ੍ਹਾਂ ਤੱਤਾ ਪਿੱਛੇ ਕੰਮ ਕਰਦੇ ਪ੍ਰੇਰਕ ਇਨ੍ਹਾਂ ਰੇਖਾ-ਚਿੱਤਰਾਂ ਦੇ ਕੇਂਦਰ ਵਿਚ ਹਨ ਗਾਰਗੀ ਨੇ ਰੇਖਾ-ਚਿੱਤਰਾਂ ਚਿੱਤਰਾਂ ਦੀ ਇਕ ਵਿਸ਼ੇਸ਼ ਸ਼ੈਲੀ ਵਿਕਸਤ ਕੀਤੀ ਹੈ ਇਹ ਸ਼ੈਲੀ ਰਾਹੀਂ ਰੇਖਾ-ਚਿੱਤਰ ਦੇ ਥੀਮਕ ਪਾਸਾਰਾਂ ਦੀ ਇਕ ਪਰਤ ਪਾਠਕਾਂ ਸਾਹਮਣੇ ਉਭਰਦੀ ਚਲੀ ਜਾਂਦੀ ਹੈ ਅਤੇ ਵਿਅਕਤੀ ਦਾ ਖਾਕਾ ਪਾਠਕ ਦੇ ਸਾਹਮਣੇ ਸਾਕਾਰ ਹੋ ਜਾਂਦਾ ਹੈ

## ਬਲਵੰਤ ਗਾਰਗੀ ਦੁਆਰਾ ਰਚਿਤ ਸਮੂਹ ਵਿਅਕਤੀ ਚਿੱਤਰਾਂ ਵਿਚੋਂ ਵਿਅਕਤੀਆਂ ਦੀ ਸ਼ਖ਼ਸੀਅਤ ਦੇ ਉਭਰਦੇ ਪਾਸਾਰ

### ਭੂਮਿਕਾ

ਬਲਵੰਤ ਗਾਰਗੀ ਪੰਜਾਬੀ ਪਾਠਕਾਂ ਵਿਚ ਸਭ ਤੋਂ ਵੱਧ ਮਕਬੂਲ ਲੇਖਕ ਹੈ ਉਹ ਨਾਟਕਕਾਰ ਦੇ ਨਾਲ-ਨਾਲ ਰੰਗਕਰਮੀ ਵੀ ਸੀ ਇਸ ਤੋਂ ਬਿਨਾਂ ਉਸ ਦੀ ਸਿਰਜਣਾਤਮਕ ਵਾਰਤਕ ਦਾ ਆਪਣਾ ਸਥਾਨ ਹੈ ਹੁਸੀਨ ਚਿਹਰੇ ਪੁਸਤਕ ਦਾ ਦਾ ਇਕ ਵੱਡਾ ਹਿੱਸਾ ਪਰਵਾਸੀ ਲੋਕਾਂ ਬਾਰੇ ਹੈ ਇਸ ਵਿਚੋਂ ਪਰਵਾਸੀ ਚੇਤਨਾ ਦੇ ਬਹੁਤ ਸਾਰੇ ਮਸਲੇ ਸਾਹਮਣੇ ਆਉਂਦੇ ਹਨ ਇਸ ਵਿਚ ਗਾਰਗੀ ਉਨ੍ਹਾਂ ਕਾਰਕਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਹੜੇ ਪਰਵਾਸੀ ਪੰਜਾਬੀ ਚੇਤਨਾ ਨੂੰ ਘੜਦੇ ਹਨ ਇਸ ਵਿਚ ਸਿਰਜਣਕਾਰੀ ਵਿਚ ਲੱਗੇ ਲੋਕਾਂ ਦੇ ਨਾਲ ਪੰਜਾਬੀ ਸਾਹਿਤ ਦਾ ਵੱਡਾ ਪਾਠਕ ਵਰਗ ਵੀ ਹੈ ਜਿਸ ਨੇ ਪਰਵਾਸ ਵਿਚ ਰਹਿ ਕੇ ਖੁਸ਼ਹਾਲ ਜੀਵਨ ਦੇ ਸਾਰੇ ਸਾਧਨ ਜੁਟਾ ਲਏ ਪ੍ਰੰਤੂ ਸਭਿਆਚਾਰਕ ਭੁੱਖ ਸੂਖਮ ਸਿਰਜਣਕਾਰੀ ਵਿਚੋਂ ਹੀ ਪ੍ਰਾਪਤ ਕਰਨ ਦਾ ਇਛੁਕ ਹੈ ਗਾਰਗੀ ਇਸ ਪਾਠ-ਪੁਸਤਕ ਦੇ ਕਈ ਪਾਠਾਂ ਵਿਚ ਇਨ੍ਹਾਂ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ ਇਸ ਵਿਚ ਪ੍ਰਮੁੱਖ ਵਲਾਇਤੀ ਲੇਖਕਾਂ ਨਾਲ ਇਕ ਸ਼ਾਮ, ਨਿਊਯਾਰਕ ਦੀਆਂ ਮਹਿਫ਼ਲਾਂ, ਪਿੰਨੀਆਂ ਦੀ ਮਹਿਕ, ਟੋਰਾਂਟੋ ਦੀ ਰਾਤ ਅਤੇ ਰੱਬ ਦਾ ਘੱਗਰਾ ਸ਼ਾਮਲ ਹਨ ਇਨ੍ਹਾਂ ਲੇਖਾਂ ਵਿਚ ਰਚਨਾਵਾਂ ਤੋਂ ਲੈ ਕੇ ਵਿਅਕਤੀਗਤ ਮਿੱਤਰਾਂ ਅਤੇ ਆਮ ਪਾਠਕਾਂ ਨੂੰ ਸ਼ਾਮਲ ਕੀਤਾ ਗਿਆ ਹੈ

### ਪਾਠ ਦੀ ਬਣਤਰ

ਇਹ ਪਾਠ ਉਨ੍ਹਾਂ ਸਮੂਹਿਕ ਵਿਅਕਤੀਆਂ ਵਿਚੋਂ ਉਭਰਦੇ ਖ਼ਾਸ ਅਤੇ ਸਾਧਾਰਨ ਸਾਹਿਤ ਦੇ ਪਾਠਕ ਅਤੇ ਉਹ ਆਮ ਪੰਜਾਬੀ ਹੈ ਜਿਹੜਾ ਖੁਸ਼ਹਾਲ ਜੀਵਨ ਜਿਉਣ ਦੀ ਖਾਹਿਸ਼ ਅਧੀਨ ਪਰਵਾਸ ਕਰਦਾ ਹੈ ਅਤੇ ਉਥੇ ਜਾ ਕੇ ਆਪਣੀ ਹੋਂਦ ਪ੍ਰਤੀ ਸੁਚੇਤ ਹੁੰਦਾ ਹੈ ਇਸ ਪਾਠ ਵਿਚ ਉਨ੍ਹਾਂ ਵਿਅਕਤੀਆਂ ਦੇ ਸਮੂਹਿਕ ਅਤੇ ਵਿਅਕਤੀਗਤ ਚਿੱਤਰ ਉਭਰਦੇ ਹਨ ਜਿਹੜੇ ਜਿਹੜੇ ਓਪਰੀ ਧਰਤੀ ਅਤੇ ਓਪਰੇ ਲੋਕਾਂ ਵਿਚ ਰਹਿੰਦੇ ਹਨ ਗਾਰਗੀ ਇਨ੍ਹਾਂ ਸਮੂਹਿਕ ਰੇਖਾਂ ਚਿੱਤਰਾਂ ਦੇ ਬਹਾਨੇ ਪਰਵਾਸੀ ਪਰਵਾਸੀ ਲੋਕਾਂ, ਪਰਵਾਸੀ ਚੇਤਨਾ ਅਤੇ ਪਰਵਾਸੀ ਸਾਹਿਤ ਦੇ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ ਇਸ ਪਾਠ ਵਿਚ ਉਨ੍ਹਾਂ ਪੰਜ ਪਾਠਾਂ ਨੂੰ ਸ਼ਾਮਲ ਕੀਤਾ ਗਿਆ ਜਿਹੜੇ ਇਸ ਪੁਸਤਕ ਦਾ ਐਲਾਨਿਆਂ ਦੂਜਾ ਭਾਗ ਹੈ ਇਨ੍ਹਾਂ ਪਾਠਾਂ ਦੀ ਬਿਰਤਾਂਤਕ ਸ਼ੈਲੀ, ਭਾਸ਼ਾਈ ਪੈਟਰਨ ਅਤੇ ਮਸਲੇ ਇਕ ਵਿਲੱਖਣ ਪੈਟਰਨ ਵਿਚ ਬੱਝੇ ਹੋਏ ਹਨ ਇਨ੍ਹਾਂ ਪਾਠਾਂ ਤੇ ਅਧਾਰਿਤ ਮੁਲੰਕਣ ਨੂੰ ਨੂੰ ਅਸੀਂ ਪਰਵਾਸੀ ਲੋਕਾਂ ਅਤੇ ਸਾਹਿਤਕਾਰੀ ਦੇ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ ਇਸ ਮੁਲੰਕਣ ਦੇ ਕੇਂਦਰ ਵਿਚ ਪੰਜਾਬੀ ਪਰਵਾਸੀਆਂ ਦਾ ਵਿਹਾਰ, ਵਿਰਾਸਤ, ਸਭਿਆਚਾਰਕ, ਸੂਖ਼ਮ ਕਲਾਵਾਂ ਪ੍ਰਤੀ ਭੁੱਖ ਅਤੇ ਪੈਸਾ ਕਮਾਉਣ ਦੀ ਲਾਲਸਾ ਦਾ ਸੁਮੇਲ ਸ਼ਾਮਲ ਹੈ ਇਸ ਸਾਰੇ ਵਰਤਾਰੇ ਨੂੰ ਗਾਰਗੀ ਦੀ ਪ੍ਰਤੱਖਣ ਸੂਝ, ਸ਼ੈਲੀ ਅਤੇ ਬਿਰਤਾਂਤਕ ਵਿਧੀ ਦੇ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪਰਵਾਸੀ ਜੀਵਨ ਅਤੇ ਸਾਹਿਤਕਾਰੀ ਦੇ ਵਰਤਾਰੇ ਨੂੰ ਇਕ ਸਾਹਿਤਕਾਰ ਦੀ ਦ੍ਰਿਸ਼ਟੀ ਤੋਂ ਪਛਾਣਿਆ ਜਾ ਸਕੇ

ਪਰਵਾਸ ਸਾਰੀ ਦੁਨੀਆਂ ਵਿਚ ਅਜਿਹਾ ਵਰਤਾਰਾ ਹੈ ਜਿਹੜਾ ਆਦਿ-ਕਾਲ ਤੋਂ ਨਿਰੰਤਰ ਗਤੀ ਵਿਚ ਹੈ ਪਰਵਾਸ ਹਮੇਸ਼ਾ ਅਵਿਕਸਤ ਖੇਤਰਾਂ ਤੋਂ ਵਿਕਸਤ ਖੇਤਰਾਂ ਵਲ ਹੁੰਦਾ ਹੈ ਲੋਕ ਵਧੀਆ ਜੀਵਨ ਜੀਉਣ ਦੀ ਲਾਲਸਾ ਅਧੀਨ ਸਥਾਨਕਤਾ ਨੂੰ ਤਿਆਗ ਕੇ ਪਰਵਾਸੀ ਜੀਵਨ ਧਾਰਨ ਕਰਦੇ ਹਨ ਪਰੰਤੂ ਉਹ ਆਪਣੇ ਪਿਛੋਕੜ ਨਾਲ ਹੇਰਵੇ ਦੀ ਪੱਧਰ ਉਤੇ ਜੁੜੇ ਰਹਿੰਦੇ ਹਨ ਇਹ ਹੇਰਵਾ ਲੰਮੇ ਸਮੇਂ ਤਕ ਚੱਲਦਾ ਹੈ ਪੰਜਾਬੀ ਲੋਕਾਂ ਦੇ ਪਰਵਾਸ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਪੁਰਾਣੀਆਂ ਹਨ ਪਰੰਤੂ ਇਹ ਵਰਤਾਰਾ ਵੀਹਵੀਂ ਸਦੀ ਦੇ ਮੁੱਢ ਵਿਚ ਤੇਜ਼ ਹੋ ਗਿਆ ਅਤੇ ਦੂਜੇ ਸੰਸਾਰ ਜੰਗ ਤੋਂ ਬਾਅਦ

ਸਨਅਤੀ ਖੇਤਰ ਵਿਚ ਆਈ ਤੇਜ਼ੀ ਨੇ ਵਿਕਸਤ ਦੇਸ਼ਾਂ ਵਿਚ ਕਿਰਤ ਲਈ ਸਪੇਸ ਪੈਦਾ ਕਰ ਦਿੱਤੀ ਇਸੇ ਸਮੇਂ ਪੰਜਾਬ ਵਿਚੋਂ ਵਿਚੋਂ ਬਹੁਤ ਸਾਰੇ ਲੋਕਾਂ ਨੇ ਪਰਵਾਸ ਧਾਰਨ ਕੀਤਾ ਫਿਰ ਇਹ ਸੰਖਿਆ ਵੱਧਦੀ ਹੀ ਗਈ ਪਹਿਲਾਂ ਇਸ ਵਿਚ ਅਨਪੜ੍ਹ ਜਾਂ ਜਾਂ ਘੱਟ ਪੜ੍ਹੇ ਲਿਖੇ ਦੁਆਬੇ ਇਲਾਕੇ ਨਾਲ ਸਬੰਧਿਤ ਕਿਸਾਨੀ ਦਾ ਬਹੁਤ ਵੱਡਾ ਹਿੱਸਾ ਸੀ ਸੱਠਵਿਆਂ ਤੋਂ ਬਾਅਦ ਪੜ੍ਹੇ ਲਿਖੇ ਅਤੇ ਕਈ ਨੌਕਰੀ ਪੇਸ਼ਾ ਲੋਕਾਂ ਨੇ ਵੀ ਉਥੇ ਜਾਣਾ ਸ਼ੁਰੂ ਕੀਤਾ ਇਨ੍ਹਾਂ ਵਿਚ ਬਹੁਤ ਸਾਰੇ ਲੇਖਕ ਵੀ ਸਨ ਇਸ ਲਈ ਬਹੁਤੀਆਂ ਪੰਜਾਬੀ ਪਰਵਾਸ ਦੀਆਂ ਸਮੱਸਿਆਵਾਂ ਸਾਹਿਤ ਰਾਹੀਂ ਪੇਸ਼ ਹੋਣ ਲੱਗ ਪਈਆਂ ਇਨ੍ਹਾਂ ਵਿਚ ਬਹੁਤਾ ਸਾਹਿਤ ਸਾਧਾਰਨ ਪੱਧਰ ਦਾ ਸੀ ਪਰ ਕਈ ਸਮਰੱਥਾਵਾਨ ਲੇਖਕਾਂ ਨੇ ਇਸ ਮਸਲੇ ਨੂੰ ਪੂਰੀ ਸ਼ਿੱਦਤ ਨਾਲ ਉਠਾਇਆ ਇਨ੍ਹਾਂ ਲੇਖਕਾਂ ਲੇਖਕਾਂ ਰਾਹੀਂ ਇਕ ਵੱਡਾ ਪਾਠਕ ਵਰਗ ਪਰਵਾਸ ਵਿਚ ਪੈਦਾ ਹੋਇਆ ਉਹ ਪੰਜਾਬੀ ਲੇਖਕਾਂ ਨਾਲ ਸ਼ਿੱਦਤ ਨਾਲ ਜੁੜੇ ਰਹੇ ਰਹੇ ਫਿਰ ਵਰਲਡ ਪੰਜਾਬੀ ਕਾਨਫਰੰਸ ਰਾਹੀਂ ਪੰਜਾਬ ਦੇ ਵੱਡੇ ਲੇਖਕਾਂ ਦਾ ਆਉਣ ਜਾਣ ਸ਼ੁਰੂ ਹੋ ਗਿਆ ਪਰਵਾਸ ਵਿਚ ਰਹਿ ਰਹੇ ਪੰਜਾਬੀ ਪਰਵਾਸੀ ਲੇਖਕ ਅਤੇ ਪਾਠਕ ਪੰਜਾਬ ਦੇ ਸਿਰਜਣੀ ਵਰਤਾਰੇ ਬਾਰੇ ਪੂਰੇ ਸੁਚੇਤ ਸਨ ਪਰਵਾਸੀ ਲੇਖਕਾਂ ਦੇ ਮੂਲ ਰੂਪ ਵਿਚ ਇੰਗਲੈਂਡ, ਅਮਰੀਕਾ ਅਤੇ ਕਨੇਡਾ ਪ੍ਰਮੁੱਖ ਕੇਂਦਰ ਬਣ ਗਏ ਇਨ੍ਹਾਂ ਵਿਚ ਵੀ ਸਾਊਥਾਲ (ਇੰਗਲੈਂਡ) ਨਿਊਯਾਰਕ (ਅਮਰੀਕਾ) ਅਤੇ ਟੋਰਾਂਟੋ (ਕਨੇਡਾ) ਪ੍ਰਮੁੱਖ ਸਨ

ਗਾਰਗੀ ਪੰਜਾਬੀ ਦੇ ਉਨ੍ਹਾਂ ਲੇਖਕਾਂ ਵਿਚ ਸ਼ੁਮਾਰ ਹੁੰਦਾ ਸੀ ਜਿਹੜੇ ਪੰਜਾਬੀ ਪਾਠਕਾਂ ਵਿਚ ਸਭ ਤੋਂ ਵੱਧ ਮਕਬੂਲ ਸਨ ਗਾਰਗੀ ਨਾਟਕਕਾਰੀ ਅਤੇ ਰੰਗ ਮੰਚ ਨਾਲ ਜੁੜਿਆ ਹੋਇਆ ਸੀ ਨਾਟਕਕਾਰਾਂ ਵਿਚ ਉਹ ਕੌਮਾਂਤਰੀ ਪ੍ਰਸਿੱਧੀ ਵਾਲਾ ਵਾਲਾ ਨਾਟਕਕਾਰ ਸੀ ਉਸ ਦੇ ਨਾਟਕ ਬਦੇਸ਼ਾਂ ਵਿਚ ਰੰਗ ਮੰਚ ਉਤੇ ਸਫ਼ਲ ਹੀ ਨਹੀਂ ਹੋਏ ਉਹ ਵਿਦੇਸ਼ੀ ਸੰਸਥਾਵਾਂ ਵਿਚ ਭਾਰਤੀ ਨਾਟਕ ਪੜ੍ਹਾਉਂਦਾ ਵੀ ਰਿਹਾ ਹੈ ਇਸ ਤੋਂ ਬਿਨਾਂ ਉਸ ਨੇ ਵਾਰਤਕ ਦੇ ਖੇਤਰ ਵਿਚ ਆਪਣੀ ਭਾਸ਼ਾ ਅਤੇ ਸ਼ੈਲੀ ਦੇ ਸਹਾਰੇ ਇਕ ਵੱਖਰੀ ਪਛਾਣ ਬਣਾਈ ਉਸਨੇ ਗਲਪ ਦੇ ਖੇਤਰ ਵਿਚ ਵੀ ਯੋਗਦਾਨ ਪਾਇਆ ਵਾਰਤਕ ਦੇ ਖੇਤਰ ਵਿਚ ਉਸ ਉਸ ਦੇ ਲਿਖੇ ਰੇਖਾ-ਚਿੱਤਰ ਬਹੁਤ ਚਰਚਿਤ ਹੋਏ ਇਸ ਤੋਂ ਬਿਨਾਂ ਉਸ ਨੇ ਸਫਰਨਾਮਾ ਤੋਂ ਹਟ ਕੇ ਸਮੂਹਿਕ ਵਿਅਕਤੀਆਂ ਦੇ ਚਰਿੱਤਰ ਨੂੰ ਵੀ ਵਿਅਕਤੀ ਚਿੱਤਰ ਬਣਾ ਕੇ ਪੇਸ਼ ਕੀਤਾ ਉਸ ਦੀਆਂ ਵਿਦੇਸ਼ ਵਿਚ ਫੇਰੀਆਂ ਸਮੇਂ ਦੇ ਅਨੁਭਵ ਬਹੁਤ ਮਹੱਤਵਪੂਰਨ ਹਨ ਇਨ੍ਹਾਂ ਵਿਚੋਂ ਪਰਵਾਸ ਵਿਚ ਰਹਿਣ ਵਾਲੇ ਲੋਕਾਂ ਦੀ ਮਾਨਸਿਕਤਾ, ਸਾਹਿਤ ਅਤੇ ਭਾਸ਼ਾ ਨਾਲੋਂ ਟੁੱਟਣ ਦਾ ਅਹਿਸਾਸ, ਸਾਹਿਤ ਅਤੇ ਕਲਾ ਪ੍ਰਤੀ ਭੁੱਖ ਵਿਕਸਤ ਸਭਿਅਚਾਰਕ ਵਿਚ ਰਹਿੰਦੇ ਹੋਏ ਹੋਂਦ ਦੇ ਮਸਲੇ, ਪੈਸੇ ਦੀ ਪ੍ਰਾਪਤੀ ਤੋਂ ਬਾਅਦ ਭੂ-ਹੇਰਵੇ ਦੇ ਮਸਲੇ ਆਦਿ ਨੂੰ ਗਾਰਗੀ ਹੁਸੀਨ ਚਿਹਰੇ ਦੇ ਕੁਝ ਅਧਿਆਏ ਵਿਚ ਉਠਾਉਂਦਾ ਹੈ ਉਸ ਦੀਆਂ ਇਨ੍ਹਾਂ ਲਿਖਤਾਂ ਵਿਚੋਂ ਇਨ੍ਹਾਂ ਮਸਲਿਆਂ ਨਾਲ ਜੁੜੇ ਕੁਝ ਥੀਮਿਕ ਪਾਸਾਰ ਉਭਰਦੇ ਹਨ ਸਾਡਾ ਮਨੋਰਥ ਇਨ੍ਹਾਂ ਪਾਸਾਰਾਂ ਨੂੰ ਮੁਲੰਕਿਤ ਕਰਨਾ ਹੈ

**ਵਲਾਇਤੀ ਲੇਖਕਾਂ ਨਾਲ ਇਕ ਸ਼ਾਮ**

ਗਾਰਗੀ ਇੰਗਲੈਂਡ ਵਿਚ ਲੰਡਨ ਦੀ ਇਕ ਸ਼ਾਮ ਤੋਂ ਸ਼ੁਰੂ ਕਰਦਾ ਹੈ ਪੰਜਾਬੀ ਪਰਵਾਸੀ ਲੇਖਕਾਂ ਦਾ ਸਭ ਤੋਂ ਪਹਿਲਾਂ ਪਹਿਲਾਂ ਕੇਂਦਰ ਇੰਗਲੈਂਡ ਹੀ ਬਣਿਆ ਲੰਡਨ ਦੇ ਆਸ-ਪਾਸ ਦੇ ਇਲਾਕੇ ਵਿਚ ਪੰਜਾਬੀ ਪਰਵਾਸੀ ਲੇਖਕ ਜੁੜਦੇ ਹੀ ਨਹੀਂ ਸਨ ਸਗੋਂ ਪੰਜਾਬ ਦੇ ਗਏ ਲੇਖਕਾਂ ਨਾਲ ਮਿਲਣੀਆਂ ਵੀ ਕਰਦੇ ਹਨ ਉਨ੍ਹਾਂ ਲਈ ਪੰਜਾਬੀ ਦੇ ਵੱਡੇ ਲੇਖਕ ਮਿੱਥ ਬਣੇ ਹੋਏ ਸਨ ਇਸ ਲਈ ਲੰਡਨ ਦੀ ਇਕ ਮਹਿਫ਼ਲ ਵਿਚ ਇਕ ਵਿਅਕਤੀ ਨੂੰ ਇਹ ਏਤਬਾਰ ਹੀ ਨਹੀਂ ਆਉਂਦਾ ਕਿ ਉਹ ਉਸ ਗਾਰਗੀ ਦੇ ਰੂਬਰੂ ਹੈ ਜਿਸ ਦੀਆਂ ਰਚਨਾਵਾਂ ਨੂੰ ਉਹ ਪੜ੍ਹਦਾ ਰਿਹਾ ਹੈ ਇਨ੍ਹਾਂ ਲੇਖਕਾਂ ਦੇ ਸਾਹਿਤ ਦੇ ਕਈ ਮਹੱਤਵਪੂਰਨ ਪਾਸਾਰਾਂ ਨੂੰ ਗਾਰਗੀ ਉਭਾਰਦਾ ਹੈ ਅਤੇ ਬਾਅਦ ਵਿਚ ਇਨ੍ਹਾਂ ਦਾ ਵਿਸਥਾਰ ਹੁੰਦਾ ਚਲਾ ਜਾਂਦਾ ਹੈ ਪਹਿਲਾ ਪਾਸਾਰ ਪਰਵਾਸੀ ਲੇਖਕਾਂ ਅਤੇ ਪਾਠਕਾਂ ਅੰਦਰ ਸਥਾਪਿਤ ਲੇਖਕਾਂ ਰਾਹੀਂ ਆਪਣੇ ਸਾਹਿਤ ਅਤੇ ਸਭਿਆਚਾਰ ਨਾਲ ਜੁੜਨ ਦੀ ਚਾਹਤ ਅਤੇ ਵਰਤਾਰਾ ਹੈ ਉਹ ਸਾਹਿਤ ਦੇ ਸਿਰਜਣੀ ਵਰਤਾਰੇ ਰਾਹੀਂ ਆਪਣੇ ਪਿਛੋਕੜ ਨਾਲ ਜੁੜਦੇ ਹਨ ਇਹ ਭੂ ਹੇਰਵੇ ਹੇਰਵੇ ਵਿਚੋਂ ਪੈਦਾ ਹੋਈ ਮਾਨਸਿਕਤਾ ਅਤੇ ਵਰਤਾਰਾ ਹੈ ਗਾਰਗੀ ਸਊਥਾਲ ਵਿਚ ਜੁੜੀ ਅਜਿਹੀ ਹੀ ਮਹਿਫਲ ਦਾ ਜ਼ਿਕਰ ਜ਼ਿਕਰ ਕਰਦਾ ਹੈ:-

*"ਇਸ ਮਹਿਫਲ ਵਿਚ ਦਸ ਬਾਰਾਂ ਜਣੇ ਸ਼ਾਮਿਲ ਸਨ ਪ੍ਰੀਤਮ ਸਿੱਧੂ ਦਾ ਘਰ ਸਾਊਥਾਲ ਵਿਚ ਪੰਜਾਬੀ ਕਲਚਰ ਦਾ ਦਾ ਇਕ ਨਿੱਕਾ ਜਿਹਾ ਟਾਪੂ ਬਣ ਗਿਆ ਹੈ, ਜੋ ਪੰਜਾਬੀ ਲੇਖਕ ਭਾਰਤ ਤੋਂ ਆਉਂਦਾ ਹੈ ਉਸਨੂੰ ਇਥੋਂ ਦੇ ਸਾਹਿਤਕਾਰ ਸਤਿਕਾਰਦੇ ਹਨ, ਹਵਾਈ ਅੱਡੇ ਉੱਤੇ ਉਸਦਾ ਸੁਆਗਤ ਕਰਦੇ ਹਨ, ਉਸਦੇ ਮਾਣ ਵਿਚ ਡਿਨਰ ਮਹਿਫਲਾਂ ਤੇ ਕਵੀ ਦਰਬਾਰ ਰਚਾਉਂਦੇ ਹਨ ਤੇ ਆਪਣਾ ਕੰਮ ਛੱਡ ਕੇ ਉਸਦੀ ਸੇਵਾ ਕਰਦੇ ਹਨ ਖ਼ੁਸ਼ੀ ਵਿਚ, ਨਸ਼ੇ ਵਿਚ, ਇਕ ਓਦਰੇ ਸਵਾਦ ਲਈ" (ਹੁਸਨੀ ਚਿਹਰੇ), ਪੰਨਾ 129*

ਇਸ ਲੇਖ ਦੇ ਕੇਂਦਰ ਵਿਚ ਇੰਗਲੈਂਡ ਦਾ ਪਰਵਾਸੀ ਲੇਖਕ ਪ੍ਰੀਤਮ ਸਿੱਧੂ ਹੈ ਪਰੰਤੂ ਗਾਰਗੀ ਇਥੇ ਪ੍ਰੀਤਮ ਸਿੱਧੂ ਤੋਂ ਸ਼ਿਵਚਰਨ ਗਿੱਲ ਤਕ ਸਾਰੇ ਲੇਖਕੀ ਵਰਤਾਰੇ ਦਾ ਜ਼ਿਕਰ ਕਰਦਾ ਹੈ ਇਹ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਅਤੇ ਨਵ-ਪ੍ਰਗਤੀਵਾਦੀ ਧਾਰਾ ਦਾ ਸਮਾਂ ਸੀ ਪ੍ਰਗਤੀਵਾਦੀ ਲੇਖਕ ਸੰਘ ਨੇ ਪੰਜਾਬੀ ਲੇਖਕਾਂ ਅਤੇ ਪਾਠਕਾਂ ਲਈ ਇਕ ਮੁਹਾਜ਼ ਉਸਾਰਿਆ ਜਿਥੇ ਵਿਚਾਰਧਾਰਕ ਸੰਵਾਦ ਲਈ ਸਪੇਸ ਪੈਦਾ ਹੋਈ ਇਸ ਵਰਤਾਰੇ ਬਾਰੇ ਇਸੇ ਮਹਿਫਲ ਵਿਚ ਜੁੜਿਆ ਕੁਲਦੀਪ ਸਿੰਘ ਗਾਰਗੀ ਨੂੰ ਜਾਣਕਾਰੀ ਦਿੰਦਾ ਹੈ ਇਸ ਪ੍ਰਗਤੀਵਾਦੀ ਸਭਾ ਦਾ ਜਨਰਲ ਸਕੱਤਰ ਸ਼ਿਵਚਰਨ ਗਿੱਲ ਹੈ ਗਿੱਲ ਪੰਜਾਬੀ ਪਰਵਾਸੀ ਗਲਪ ਦੀ ਸਿਰਜਣਕਾਰੀ ਨਾਲ ਜੁੜਿਆ ਹੋਇਆ ਦਰਮਿਆਨੇ ਦਰਜੇ ਦਾ ਲੇਖਕ ਹੈ ਗਾਰਗੀ ਕੁਲਦੀਪ ਸਿੰਘ ਨਾਂ ਦੇ ਪਾਠਕ ਰਾਹੀਂ ਪਰਵਾਸੀ ਵਰਤਾਰੇ ਦੀਆਂ ਕਈ ਪਰਤਾਂ ਨੂੰ ਉਭਾਰਦਾ ਹੈ ਪਰਵਾਸ ਵਿਚ ਰਹਿਣ ਵਾਲੇ ਪਾਠਕ ਅਤੇ ਲੇਖਕ ਗਾਰਗੀ ਤੋਂ ਉਸਦੀ ਸਿਰਜਣ ਪ੍ਰਕਿਰਿਆ ਬਾਰੇ ਜਾਣਨਾ ਚਾਹੁੰਦੇ ਹਨ, ਕੋਈ ਵੱਡਾ ਲੇਖਕ ਕਿਵੇਂ ਲਿਖਦਾ ਹੈ, ਸਾਰੇ ਵਰਤਾਰਿਆਂ ਨੂੰ ਕਿਵੇਂ ਨੋਟ ਕਰਦਾ ਹੈ ਆਦਿ ਕਈ ਸਵਾਲ ਇਸ ਪਾਠ ਵਿਚੋਂ ਉਭਰਦੇ ਹਨ ਗਾਰਗੀ ਇਸ ਵਰਤਾਰੇ ਨੂੰ ਸਾਧਾਰਨ ਅਤੇ ਅਸਧਾਰਨ ਦੋਵੇਂ ਤਰ੍ਹਾਂ ਲੈਂਦਾ ਹੈ ਨਾਲ-ਨਾਲ ਸ਼ਰਾਬ ਦੀ ਮਹਿਫਲ ਚਲ ਰਹੀ ਹੈ ਅਤੇ ਨਾਲ ਹੀ ਸਾਹਿਤਕ ਵਰਤਾਰੇ ਬਾਰੇ ਚਰਚਾ ਹੋ ਰਹੀ ਹੈ

"ਸ਼ਿਵਚਰਨ ਗਿੱਲ ਨੇ ਚੌਥਾ ਪੈੱਗ ਪਾ ਕੇ ਆਖਿਆ, "ਲਓ ਜੀ! ਚੱਕੋ ਗਲਾਸ ਗਾਰਗੀ ਜੀ... ਪੰਜਾਬ ਲਈ

ਅਸੀਂ ਸਾਰਿਆਂ ਨੇ ਰਲ ਕੇ ਜਾਮ ਪੀਤਾ

ਗੱਲਾਂ ਪੰਜਾਬੀ ਸਾਹਿਤ ਬਾਰੇ ਹੋਣ ਲੱਗੀਆਂ ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਜਸਵੰਤ ਸਿੰਘ ਕੰਵਲ, ਦੁੱਗਲ, ਫਿਰ ਸ਼ਿਵ ਕੁਮਾਰ.... ਅੰਮ੍ਰਿਤਾ ਪ੍ਰੀਤਮ...

ਇਸ ਜਣਾ ਬੋਲਿਆ, "ਤੁਸੀਂ ਆਪਣੇ ਡਰਾਮੇ ਬਾਰੇ ਦੱਸੋ ਆਪਣੇ ਪਿਛੋਕੜ ਬਾਰੇ ਨਿੰਮ ਦੇ ਪੱਤੇ, ਬਾਰੇ... ਤੇ ਦੁੱਧ ਵਿਚ ਬਰਾਂਡੀ... ਆਹਾ ਸਵਾਦ ਆ ਗਿਆ ਕੀ ਇਹ ਗੱਲਾਂ ਸੱਚ ਹਨ? ਦੇਖੋ ਸੰਤੋਖ ਸਿੰਘ ਧੀਰ ਸੁਰਮਾ ਪਾਉਂਦਾ ਸੀ, ਧਾਰੀ ਧਾਰੀ ਖਿੱਚ ਕੇ... ਸੁਰਮਚੂ ਖੜਕਾਉਂਦਾ ਸੀ ਪਰ ਅੱਜ ਕੱਲ ਉਹ ਸੁਰਮਾ ਨਹੀਂ ਪਾਉਂਦਾ ਜਦੋਂ ਮੈਂ ਪੁੱਛਿਆ ਧੀਰ, ਤੂੰ ਸੁਰਮਾ ਸੁਰਮਾ ਨਹੀਂ ਪਾਉਂਦਾ? ਬੋਲਿਆ, "ਜਦੋਂ ਦਾ ਗਾਰਗੀ ਨੇ ਲਿਖਿਆ ਹੈ ਸੁਰਮੇ ਵਾਲੀ ਅੱਖ, ਮੈਂ ਸੁਰਮਾ ਪਾਉਣਾ ਛੱਡ ਦਿੱਤਾ ਇਹ ਸਾਬਤ ਕਰਨ ਲਈ ਕਿ ਗਾਰਗੀ ਝੂਠਾ ਹੈ"

ਗਿਆਨੀ ਜੀ ਬੋਲੇ, "ਅੱਛਾ ਦੱਸੋ ਤੁਸੀਂ ਪੰਜਾਬੀ ਵਿਚ ਕਿਉਂ ਲਿਖਣਾ ਸ਼ੁਰੂ ਕੀਤਾ? ਕੱਕਾ ਰੇਤਾ ਪੰਜਾਬੀ ਵਿਚ ਕਿਉਂ ਲਿਖਿਆ?"...

"ਤੁਹਾਡਾ ਪਹਿਲਾ ਡਰਾਮਾ 'ਬੇਬੇ' ਕੀ ਤੁਹਾਡੀ ਮਾਂ ਦਾ ਚਿੱਤਰ ਹੈ?" (ਹੁਸੀਨ ਚਿਹਰੇ) ਪੰਨਾ 132

ਇਹ ਉਹ ਪ੍ਰਸ਼ਨ ਹਨ ਜਿਨ੍ਹਾਂ ਵਿਚੋਂ ਕਿਸੇ ਲੇਖਕ ਦੀਆਂ ਰਚਨਾਵਾਂ ਦੇ ਪ੍ਰੇਰਕ ਜਾਣਨ ਦੀ ਇੱਛਾ ਝਲਕਦੀ ਹੈ ਗਾਰਗੀ ਇਨ੍ਹਾਂ ਸਵਾਲਾਂ ਦੇ ਇਕ-ਇਕ ਕਰਕੇ ਜਵਾਬ ਦਿੰਦਾ ਹੈ ਇਸ ਤਰ੍ਹਾਂ ਗਾਰਗੀ ਸਾਹਿਤ ਨਾਲ ਜੁੜੇ ਸਿਰਜਣੀ ਵਰਤਾਰੇ ਨੂੰ ਵਾਰਤਕੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ ਇਸ ਮਹਿਫਲ ਵਿਚ ਅਜਿਹੇ ਪਾਠਕ ਵੀ ਸ਼ਾਮਿਲ ਹਨ ਜਿਹੜੇ ਗਾਰਗੀ ਨੂੰ ਚੁਣੌਤੀ ਦਿੰਦੇ ਹਨ ਕਿ ਉਨ੍ਹਾਂ ਨੇ ਗਾਰਗੀ ਦੀ ਲਿਖੀ ਹਰ ਸਤਰ ਪੜ੍ਹੀ ਹੈ ਉਹ ਕੋਈ ਵੀ ਅਧੂਰੀ ਸਤਰ ਬੋਲੇ, ਉਹ ਪੂਰੀ ਕਰ ਸਕਦਾ ਹੈ ਸਾਹਿਤ ਨਾਲ ਅਜਿਹਾ ਜੁੜਾਅ ਪਰਵਾਸੀ ਪਾਠਕ ਵਿਚ ਹੀ ਸੰਭਵ ਹੋ ਸਕਦਾ ਹੈ ਸਾਹਿਤ ਬਾਰੇ ਬਾਰੇ ਗੱਲਾਂ ਕਰਦੇ ਹੋਏ ਗਾਰਗੀ ਇਸ ਤੱਥ ਵਲ ਇਸ਼ਾਰਾ ਕਰਦਾ ਹੈ ਕਿ ਪਰਵਾਸ ਵਿਚ ਰਹਿਣ ਵਾਲੇ ਲੇਖਕਾਂ ਅਤੇ

ਪਾਠਕਾਂ ਨੂੰ ਇਸ ਗੱਲ ਦੀ ਸ਼ਿਕਾਇਤ ਰਹਿੰਦੀ ਹੈ ਕਿ ਪ੍ਰਮੁੱਖ ਲੇਖਕ ਇਥੇ ਪਰਵਾਸ ਵਿਚ ਆ ਕੇ ਉਨ੍ਹਾਂ ਨੂੰ ਮਿਲਣਾ ਨਹੀਂ ਚਾਹੁੰਦੇ ਸ਼ਿਵਚਰਨ ਗਿੱਲ ਅੰਮ੍ਰਿਤਾ ਪ੍ਰੀਤਮ ਬਾਰੇ ਇਹ ਗਿਲਾ ਕਰਦਾ ਹੈ

ਪਰਵਾਸ ਵਿਚ ਰਹਿਣ ਵਾਲੇ ਲੋਕਾਂ ਦਾ ਇਕ ਵੱਖਰਾ ਪਾਸਾਰ ਵਲਾਇਤ ਦੇ ਗਲੈਮਰੀ ਜੀਵਨ ਨਾਲ ਜੁੜਿਆ ਹੋਇਆ ਹੈ ਪੰਜਾਬ ਵਿਚ ਹਰੇ ਇਨਕਲਾਬ ਤੋਂ ਬਾਅਦ ਇਕ ਪੜ੍ਹਿਆ-ਲਿਖਿਆ ਪੇਸ਼ਾਵਰ ਸਿਖਿਅਤ ਵਰਗ ਇੰਗਲੈਂਡ ਜਾ ਕੇ ਸਥਾਪਿਤ ਹੀ ਨਹੀਂ ਹੋਇਆ ਸਗੋਂ ਉਸ ਨੇ ਉਥੋਂ ਦੇ ਸਮਾਜ ਵਿਚ ਆਪਣੀ ਥਾਂ ਵੀ ਬਣਾ ਲਈ ਹੈ ਇਹ ਵਰਗ ਪੰਜਾਬ ਵਿਚ ਵੀ ਖੁਸ਼ਹਾਲ ਪਰਿਵਾਰ ਨਾਲ ਸੰਬੰਧਿਤ ਹੈ ਇਹ ਪਰਵਾਸ ਵਿਚ ਰਹਿ ਰਿਹਾ ਵੱਖਰਾ ਵਰਗ ਹੈ ਇਸ ਦਾ ਸਾਹਿਤ ਜਾਂ ਜਾਂ ਉਸ ਦੀ ਸਿਰਜਣਕਾਰੀ ਨਾਲ ਬਹੁਤਾ ਸਬੰਧ ਨਹੀਂ ਹੈ ਗਾਰਗੀ ਦੀਆਂ ਇਨ੍ਹਾਂ ਲਿਖਤਾਂ ਦਾ ਇਹ ਪਾਸਾਰ ਵੀ ਮਹੱਤਵਪੂਰਨ ਹੈ:-

"ਰਵਿੰਦਰ ਦਾ ਘਰ ਖੂਬਸੂਰਤ ਫਿਜ਼ਾ ਵਿਚ ਰੋਮਨ ਪਹਾੜੀ ਲਾਗੇ ਹੈ ਸਾਰੇ ਘਰ ਵਿਚ ਖੁਸ਼ਹਾਲੀ ਤੇ ਉਦਾਰਤਾ ਸੀ ਸੀ ਇਸ ਇਲਾਕੇ ਵਿਚ ਟੋਰੀ ਅੰਗਰੇਜ਼ ਤੇ ਲਾਟ ਸਾਹਿਬ ਵਧੇਰੇ ਕਰਕੇ ਰਹਿੰਦੇ ਹਨ ਨੇੜੇ ਹੀ ਮਲਿਕਾ ਐਲਿਜਬਥ ਦੇ ਰੇਸ ਰੇਸ ਕੋਰਨ ਤੇ ਪੁਰਾਣੇ ਮਹਿਲ ਹਨ ਇਸ ਇਲਾਕੇ ਵਿਚੋਂ ਰਵਿੰਦਰ ਢਿੱਲੋਂ ਲੇਬਰ ਪਾਰਟੀ ਦੇ ਟਿਕਟ ਉਤੇ ਕੌਂਸਲਰ ਚੁਣਿਆ ਚੁਣਿਆ ਗਿਆ ਉਸ ਦਾ ਬਾਪੂ ਅਜਮੇਰ ਸਿੰਘ ਬਠਿੰਡੇ ਬੈਠਾ ਚਿੱਠੀਆਂ ਲਿਖਦਾ ਹੈ ਕਿ ਉਹ ਵਾਪਸ ਆ ਜਾਵੇ ਬਠਿੰਡੇ ਵੀ ਮਰੀਜਾਂ ਦਾ ਘਾਟਾ ਨਹੀਂ ਰਵਿੰਦਰ ਢਿੱਲੋਂ ਬਾਰ ਬਾਰ ਆਪਣੇ ਬਾਪੂ ਤੇ ਮਾਂ ਨੂੰ ਚਿੱਠੀਆਂ ਪਾਉਂਦਾ ਹੈ ਕਿ ਉਹ ਇੰਗਲੈਂਡ ਆ ਕੇ ਉਸ ਕੋਲ ਰਹਿ ਜਾਣ ਦੋਵੇਂ ਹਾਲਾਤ ਦੀ ਮਜਬੂਰੀ ਕਰਕੇ ਇਕ ਦੂਜੇ ਤੋਂ ਦੂਰ ਬੈਠੇ ਹੋਏ ਹਨ ਤੇ ਪੀੜ੍ਹੀ ਦੇ ਫ਼ਰਕ ਕਰਕੇ ਇਕ ਦੂਜੇ ਦੀ ਮੁਸ਼ਕਲ ਨੂੰ ਸਮਝ ਨਹੀਂ ਸਕਦੇ ਅਜਮੇਰ ਸਿੰਘ ਇੰਗਲੈਂਡ ਆ ਕੇ ਓਦਰ ਜਾਵੇਗਾ ਤੇ ਰਵਿੰਦਰ ਆਪਣੇ ਬਾਪੂ ਬਾਪੂ ਕੋਲ ਵਾਪਸ ਮੁੜ ਕੇ ਆਪਣੀ ਪ੍ਰਾਪਤੀ ਤੋਂ ਥਿੜਕ ਜਾਵੇਗਾ" (ਹੁਸੀਨ ਚਿਹਰੇ) ਪੰਨਾ 136

ਇਹ ਉਹ ਸਥਿਤੀ ਹੈ ਜਿਸ ਵਿਚ ਪਰਵਾਸੀਆਂ ਦੀ ਸਥਾਪਿਤ ਪੀੜ੍ਹੀ ਰਹਿ ਰਹੀ ਹੈ ਹੁਣ ਪੰਜਾਬ ਨੇ ਪਰਵਾਸੀਆਂ ਨੇ ਉਥੇ ਆਪਣੇ ਧਾਰਮਿਕ ਸਥਾਨ ਦੀ ਸਥਾਪਿਤ ਨਹੀਂ ਕੀਤੇ ਸਗੋਂ ਉਥੋਂ ਦੀਆਂ ਸੰਸਥਾਵਾਂ ਵਿਚ ਵੀ ਆਪਣੀ ਥਾਂ ਬਣਾ ਲਈ ਹੈ ਇੰਗਲੈਂਡ ਵਿਚ ਲੋਕਤੰਤਰ ਅਤੇ ਕਾਨੂੰਨ ਦਾ ਰਾਜ ਹੋਣ ਕਰਕੇ ਪਰਵਾਸੀਆਂ ਲਈ ਸਪੇਸ ਬਣੀ ਹੋਈ ਹੈ ਬਕੌਲ ਗਾਰਗੀ ਗਾਰਗੀ "ਸਾਊਥਾਲ ਵਿਚ ਪੰਜਾਬੀ ਵਾਤਾਵਰਣ ਹੈ ਪੰਜਾਬੀ ਬੋਲੀ, ਪੰਜਾਬੀ ਤਿਉਹਾਰ, ਪੰਜਾਬੀ ਗੀਤ, ਭੰਗੜੇ ਤੇ ਵਿਆਹ, ਸ਼ਾਦੀਆਂ ਤੇ ਸਾਹਿਤਕ ਗੋਸ਼ਟੀਆਂ ਜੇ ਦਲੀਪ ਕੁਮਾਰ ਜਾਂ ਰਾਜ ਕਪੂਰ ਆਉਂਦਾ ਹੈ ਤਾਂ ਉਨ੍ਹਾਂ ਦਾ ਸੁਆਗਤ ਹੁੰਦਾ ਹੈ ਇਕ ਛੋਟਾ ਪੰਜਾਬ ਪਰਵਾਸ ਵਿਚ ਵੱਸਦਾ ਹੈ ਗਾਰਗੀ ਦੀ ਵਾਰਤਕ ਦੇ ਕੇਂਦਰ ਵਿਚ ਪਰਵਾਸ ਦਾ ਆਮ ਜੀਵਨ ਤੋਂ ਲੈ ਲੈ ਕੇ ਸਾਹਿਤਕ ਸਰਗਰਮੀਆਂ ਫੈਲੇ ਹੋਏ ਹਨ

## ਨਿਊਯਾਰਕ ਦੀਆਂ ਮਹਿਫਲਾਂ

ਗਾਰਗੀ ਦੀ ਰਚਨਾਕਾਰੀ ਦਾ ਕੇਂਦਰ ਬਿੰਦੂ ਨਿਊਯਾਰਕ ਦੀਆਂ ਮਹਿਫਲਾਂ ਉਤੇ ਹੈ ਇੰਗਲੈਂਡ ਤੋਂ ਬਾਅਦ ਪੰਜਾਬੀ ਪਰਵਾਸੀਆਂ ਦਾ ਅਗਲਾ ਕੇਂਦਰ ਅਮਰੀਕਾ ਹੈ ਅਮਰੀਕਾ ਵਿਚੋਂ ਗਾਰਗੀ ਨਿਊਯਾਰਕ ਉਤੇ ਕੇਂਦਰਿਤ ਕਰਦਾ ਹੈ ਇਥੇ ਉਸ ਉਸ ਦੇ ਥੀਮਿਕ ਪਾਸਾਰਾਂ ਦੇ ਦੋ ਹਿੱਸੇ ਹਨ ਇਕ ਅਮਰੀਕਾ ਦਾ ਰੰਗ ਮੰਚ ਉਸ ਨਾਲ ਜੁੜੇ ਲੋਕਾਂ ਦੇ ਜੀਵਨ ਦੀ ਝਲਕ ਅਤੇ ਦੂਜਾ ਪਰਵਾਸੀ ਪੰਜਾਬੀਆਂ ਦਾ ਜੀਵਨ ਅਤੇ ਸਾਹਿਤ ਨਾਲ ਜੁੜਿਆ ਵਿਹਾਰ ਗਾਰਗੀ ਜਿਸ ਦੌਰ ਵਿਚ ਅਮਰੀਕਾ ਵਿਚ ਇੰਡੀਅਨ ਥੀਏਟਰ ਪੜ੍ਹਾ ਰਿਹਾ ਸੀ ਉਸ ਸਮੇਂ ਉਸ ਕੋਲ ਪੜ੍ਹਨ ਅਤੇ ਨਾਟਕ ਵਿਚ ਹਿੱਸਾ ਲੈਣ ਵਾਲੀਆਂ ਅਮਰੀਕਨ ਕੁੜੀਆਂ ਵਿਚ ਇਕ ਕੁੜੀ ਕਿਸੇ 'ਬਿੱਲੀ ਦੀ ਬੇਬੀ ਸਿਟਿੰਗ' ਦੀ ਨੌਕਰੀ ਕਰਨ ਚਲੀ ਜਾਂਦੀ ਹੈ ਉਹ ਲੜਕੀ ਅਮੀਰ ਹੋਣ ਦੇ ਦੇ ਬਾਵਜੂਦ ਅਜਿਹੀ ਨੌਕਰੀ ਕਰਨ ਲਈ ਉਤਸਕ ਅਤੇ ਖੁਸ਼ ਨਜ਼ਰ ਆ ਰਹੀ ਸੀ ਗਾਰਗੀ ਬਰਾਡਵੇ ਦੇ ਵੱਡੇ ਥੀਏਟਰ ਵਿਚ ਬਿੱਲੀਆਂ ਨਾਂ ਦੇ ਸੰਗੀਤ ਨਾਟਕ ਦਾ ਜ਼ਿਕਰ ਕਰਦਾ ਹੈ ਅਮਰੀਕਨਾਂ ਵਿਚ ਨਾਟਕ ਵੇਖਣ ਦੀ ਕਿੰਨੀ ਰੁਚੀ ਹੈ ਦੋ ਮਹੀਨੇ ਪਹਿਲਾਂ ਪੰਜਾਹ ਡਾਲਰ ਵਿਚ ਦੂਜੇ ਦਰਜੇ ਦਾ ਟਿਕਟ ਖਰੀਦਿਆ ਗਾਰਗੀ ਨਾਟਕਾਂ ਦਾ ਸਿਰਜਕ ਅਤੇ ਪਾਰਖੂ ਸੀ, ਉਹ ਇਸ ਨਾਟਕ ਦਾ ਜ਼ਿਕਰ ਭਾਵਪੂਰਤ ਅਤੇ ਜਾਣਕਾਰੀ ਵਾਲੀ ਸ਼ੈਲੀ ਵਿਚ ਕਰਦਾ ਹੈ:-

"ਬਰਫ ਦੇ ਅੰਨ੍ਹੇ ਤੂਫਾਨ ਵਿਚ ਮੈਂ ਟੈਕਸੀ ਲੈ ਕੇ ਸ਼ਾਮੀ ਸੱਤ ਵਜੇ "ਬਿੱਲੀਆਂ" ਦੇਖਣ ਗਿਆ ਹਾਲ ਖਚਾਖਚ ਭਰਿਆ ਭਰਿਆ ਹੋਇਆ ਸੀ ਨਿਊਯਾਰਕ ਦੀਆਂ ਝਮ ਝਮ ਕਰਦੀਆਂ ਨਾਰਾਂ, ਪੈਰਿਸ ਦੇ ਚਿੱਤਰ, ਹੀਰਿਆਂ ਦੀ ਚਮਕ

ਮੈਂ ਇਸ ਅਮੀਰ ਮਹਿਫਲ ਵਿਚ ਕੰਗਲਾ ਗਾਹਕ ਸੀ

ਨਾਟਕ ਸ਼ੁਰੂ ਹੋਇਆ ਅੱਖਾਂ ਚੁੰਧਿਆ ਦੇਣ ਵਾਲਾ ਮਿਊਜ਼ਿਕ ਤੇ ਹਾਲ ਵਿਚ ਰੌਸ਼ਨੀ ਦੇ ਆਬਸ਼ਾਰ ਸੁੱਟਦੀਆਂ ਲਾਈਟਾਂ, ਬਦਲਦੇ ਰੰਗ, ਬਦਲਦੀਆਂ ਬੱਤੀਆਂ ਤੇ ਬਦਲਦੇ ਸੰਗੀਤ ਦੀਆਂ ਸੂਕਦੀਆਂ ਨਦੀਆਂ ਦਰਸ਼ਕ ਮੁਗਧ ਹੋਏ ਬੈਠੇ ਸਨ

ਇਸ ਮਿਊਜ਼ਿਕ ਪਿਛੋਂ ਬਾਰਾਂ ਐਕਟਰਸਾਂ ਛਾਲਾਂ ਮਾਰਦੀਆਂ ਸਟੇਜ ਉਤੇ ਲੋਟਣੀਆਂ ਖਾਣ ਲੱਗੀਆਂ ਉਨ੍ਹਾਂ ਨੇ ਬਿੱਲੀਆਂ ਵਰਗੀ ਚਿੱਤਰਕਾਰੀ ਜੱਤ ਵਾਲਾ ਮੇਕਅਪ ਕੀਤਾ ਹੋਇਆ ਸੀ, ਧਾਰੀਆਂ ਕੰਡੇਦਾਰ ਮੁੱਛਾਂ ਤੇ ਲੰਮੀਆਂ ਕੁੰਡਲਦਾਰ ਪੂੰਛਾਂ ਕੋਈ ਕਾਲੀ ਤੇ ਚਿੱਟੀ, ਕੋਈ ਭੂਰੀ ਤੇ ਲਾਲ, ਕੋਈ ਸੁਰਮੇ ਰੰਗੀ ਤੇ ਸੰਧੂਰੀ ਉਹ ਛੜੱਪਾ ਮਾਰ ਕੇ ਲੋਟਣੀਆਂ ਖਾਂਦੀਆਂ, ਤਾਲ ਸਿਰ ਪੂੰਛਾਂ ਹਿਲਾਉਂਦੀਆਂ, ਆਕੜਾਂ ਭੰਨਦੀਆਂ ਜੱਤ ਕੰਡਿਆਉਂਦੀਆਂ ਤੇ ਘੂਰਦੀਆਂ

ਉਹ ਏਲੀਅਟ ਦੇ ਗੀਤ ਗਾਉਂਦੀਆਂ ਨੱਚ ਰਹੀਆਂ ਸਨ" (ਹੁਸੀਨ ਚਿਹਰੇ) ਪੰਨਾ 145

ਗਾਰਗੀ ਇਸ ਸੰਗੀਤ ਮਾਹੌਲ ਦੇ ਨਾਲ ਉਥੋਂ ਦੇ ਐਕਟਰ ਅਤੇ ਐਕਟਰਸਾਂ ਦੇ ਜੀਵਨ ਬਾਰੇ ਵੀ ਦਿਲਚਸਪ ਪਹਿਲੂ ਬਿਆਨ ਕਰਦਾ ਹੈ ਉਹ ਆਪਣੀ ਕਿਸੇ ਪਛਾਣ ਵਾਲੀ ਐਕਟਰਸ ਦੀ ਸਹੇਲੀ ਦੇ ਫਲੈਟ ਵਿਚ ਰਹਿੰਦਾ ਹੈ ਇਹ ਫਲੈਟ ਫ਼ਿਲਮੀ ਐਕਟਰੈਸ ਕੈਟੀ ਦਾ ਹੈ ਇਹ ਫਲੈਟ ਮਾਫੀਆ ਦੇ ਇਲਾਕੇ ਵਿਚ ਹੈ ਪਰੰਤੂ ਕੈਟੀ ਦੇ ਉਸ ਨੂੰ ਦੱਸਿਆ ਕਿ ਇਹ ਨਿਊਯਾਰਕ ਦਾ ਸਭ ਤੋਂ ਸੁਰੱਖਿਅਤ ਇਲਾਕਾ ਹੈ ਉਹ ਇਸ ਖੇਤਰ ਵਿਚ ਰਹਿਣ ਵਾਲੇ ਲੋਕਾਂ ਦੀ ਇਮਾਨਦਾਰੀ ਦੇ ਕਿੱਸੇ ਬਿਆਨ ਕਰਦਾ ਹੈ

"ਪੰਜਵੇਂ ਦਿਨ ਕੈਟੀ ਆ ਗਈ ਮੈਂ ਉਸ ਨਾਲ ਇਸ ਮਾਹੌਲ ਦੀ ਗੱਲ ਕੀਤੀ ਜਿਥੇ ਖ਼ਤਰਾ ਤਲਵਾਰ ਵਾਂਗ ਸਿਰ ਤੇ ਲਟਕਦਾ ਸੀ

ਉਹ ਹੱਸੀ ਤੇ ਬੋਲੀ, "ਇਸ ਥਾਂ ਕੋਈ ਖਤਰਾ ਨਹੀਂ ਨਿਊਯਾਰਕ ਵਿਚ ਇਹ ਥਾਂ ਸਭ ਤੋਂ ਸੇਫ਼ ਐ ਇਹ ਮਾਫੀਆ ਦਾ ਦਾ ਇਲਾਕਾ ਹੈ"

"ਮਾਫੀਆ?"

"ਹਾਂ ਇਹ ਸਾਰੀ ਫਿਸ਼ ਮਾਰਕੀਟ ਮਾਫੀਆ ਚਲਾਉਂਦਾ ਹੈ ਨਿਊਯਾਰਕ ਦੀ ਪੁਲਸ ਤੇ ਦੁਨੀਆਂ ਮਾਫੀਆ ਨੂੰ ਖ਼ਤਰਨਾਕ ਸਮਝਦੀ ਹੈ ਕਤਲ ਅਤੇ ਡਾਕੇ ਮਾਰਨ ਵਾਲੇ ਗਰੋਹ ਜੁਰਮ ਦੇ ਮਰਕਜ਼ ਪਰ ਜਿਥੇ ਮਾਫੀਆ ਖੁਦ ਹੋਵੇ ਉਥੇ ਉਥੇ ਜੁਰਮ ਨਹੀਂ ਹੋ ਸਕਦਾ ਇਸ ਇਲਾਕੇ ਵਿਚ ਕਦੇ ਕੋਈ ਵਾਰਦਾਤ ਨਹੀਂ ਹੋਈ ਮੈਂ ਰਾਤ ਨੂੰ ਇਕੱਲੀ ਇਕ ਵਜੇ ਆਵਾਂ ਚਾਹੇ ਦੋ ਵਜੇ ਕੋਈ ਖ਼ਤਰਾ ਨਹੀਂ" (ਹੁਸੀਨ ਚਿਹਰੇ) ਪੰਨਾ 143

ਗਾਰਗੀ ਨਿਊਯਾਰਕ ਦੀ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਖੁਸ਼ਹਾਲੀ ਦੀ ਥਾਂ ਅਜਿਹੇ ਇਲਾਕੇ ਦਾ ਜ਼ਿਕਰ ਕਰਦਾ ਹੈ ਇਸ ਤੋਂ ਬਾਅਦ ਉਹ ਆਪਣਾ ਫੋਕਸ ਬਦਲ ਕੇ ਪਰਵਾਸੀ ਪੰਜਾਬੀਆਂ ਦੇ ਲੇਖਕ ਭਾਈਚਾਰੇ ਉੱਤੇ ਕੇਂਦਰਿਤ ਕਰ ਦਿੰਦਾ ਹੈ ਹੈ ਇਹ ਭਾਈਚਾਰਾ ਯੂਰਪ, ਅਮਰੀਕਾ ਅਤੇ ਕਨੇਡਾ ਵਿਚ ਇਕੋ ਜਿਹਾ ਹੈ ਉਹ ਨਿਊਯਾਰਕ ਵਿਚ ਰਣਧੀਰ ਸਿੰਘ ਦੇ ਅਦਬੀ ਸੰਗਮ ਵਾਲੀ ਮਹਿਫਲ ਤੋਂ ਗੱਲ ਸ਼ੁਰੂ ਕਰਦਾ ਹੈ ਉਹ ਕਈ ਸਾਲਾਂ ਤੋਂ ਸਰਗਰਮ ਸਾਹਿਤਕ ਜਥੇਬੰਦੀ ਹੈ ਇਸ ਦੇ ਦੇ ਉਰਦੂ, ਪੰਜਾਬੀ ਅਤੇ ਹਿੰਦੀ ਦੇ ਲੇਖਕ ਕਈ ਮੈਂਬਰ ਹਨ ਹਰ ਮਹੀਨੇ ਕਿਸੇ ਇਕ ਲੇਖਕ ਦੇ ਘਰ ਇਹ ਸਾਹਿਤਕ ਮਹਿਫ਼ਲ ਹੁੰਦੀ ਹੈ ਦੋ ਘੰਟੇ ਅਦਬੀ ਗੱਲਾਂ ਹੁੰਦੀਆਂ ਹਨ ਅਤੇ ਫਿਰ ਡਿਨਰ ਹੁੰਦਾ ਹੈ ਇਸ ਮਹਿਫ਼ਲ ਵਿਚ ਸ਼ਾਇਸਤਾ ਗੱਲਾਂ ਗੱਲਾਂ ਹੁੰਦੀਆਂ ਹਨ ਗਾਰਗੀ ਇਸ ਮਹਿਫ਼ਲ ਦੇ ਪ੍ਰਧਾਨ ਰਣਧੀਰ ਸਿੰਘ ਦਾ ਚਿੱਤਰ ਉਭਾਰਦਾ ਹੈ ਇਸ ਚਿੱਤਰ ਨੂੰ ਉਹ ਸਵੈ-ਅਨੁਭਵਮੁਖੀ ਪਰਿਪੇਖ ਵਿਚ ਚਿਤਰਦਾ ਹੈ:-

"ਉਹ ਪਤਲਾ ਲੰਮਾ ਇੰਜੀਨੀਅਰ ਹੈ ਬਠਿੰਡੇ ਤੋਂ ਤਿੰਨ ਮੀਲ ਸਿਵੀਆਂ ਦਾ ਰਹਿਣ ਵਾਲਾ ਬਚਪਨ ਵਿਚ ਜਦੋਂ ਮੇਰੀ ਤਾਈ ਸਿਵੀਆਂ ਪਿੰਡ ਤੋਂ ਆਈ ਤੇ ਕਿਸੇ ਤੀਵੀਂ ਦੀ ਗੱਲ ਕਰਦੀ ਤਾਂ ਸਿਵੀਆਂ ਸ਼ਬਦ ਸਾਡੇ ਵਿਹੜੇ ਵਿਚ ਗੂੰਜਦਾ ਮੈਂ ਕੱਚੀ ਵਿਚ ਪੜ੍ਹਦਾ ਸਾਂ ਘੜੇ ਉੱਤੇ ਵੱਟੀਆਂ ਸੇਵੀਆਂ ਜੋ ਕਰੀਰ ਦੇ ਛਾਪਿਆ ਉੱਤੇ ਸੁੱਕ ਰਹੀਆਂ ਹੋਣੀਆਂ ਸੇਵੀਆਂ ਬਹੁਤ ਰੁਮਾਂਟਿਕ ਲਗਦੀਆਂ ਘਿਓ ਸ਼ੱਕਰ ਵਿਚ ਤਰ ਹੋਈਆਂ ਲੰਮੀਆਂ ਸੇਵੀਆਂ ਰਣਧੀਰ ਸਿੰਘ ਨਾਲ ਇਨ੍ਹਾਂ ਸੇਵੀਆਂ ਦੀ ਯਾਦ ਤਾਜ਼ਾ ਹੋ ਗਈ

ਅਦਬੀ ਸੰਗਮ ਵਿਚ ਸਭ ਨੇ ਰਣਧੀਰ ਸਿੰਘ ਨੂੰ ਇਸ ਲਈ ਪ੍ਰਧਾਨ ਚੁਣਿਆ ਸੀ ਕਿ ਉਹ ਪੰਜਾਬੀ ਦਾ ਕਵੀ ਸੀ ਪਰ ਉਹ ਸ਼ਰਾਫ਼ਤ, ਸਚਾਈ ਤੇ ਮਿਹਨਤਕਸ਼ੀ ਲਈ ਵੀ ਮਸ਼ਹੂਰ ਸੀ ਖਿੜਿਆ ਮੱਥਾ ਖਰੀ ਮੁਸਕਰਾਹਟ (ਹੁਸੀਨ ਚਿਹਰੇ) ਪੰਨਾ 145

ਪਰਵਾਸ ਵਿਚ ਭਾਰਤੀ ਅਤੇ ਪਾਕਿਸਤਾਨੀ ਕਈ ਸੰਸਥਾਵਾਂ ਵਿਚ ਇਕੱਠੇ ਕੰਮ ਕਰਦੇ ਹਨ ਉਨ੍ਹਾਂ ਸਾਰੇ ਲੇਖਕਾਂ ਅੰਦਰ ਵੀ ਭਾਰਤ ਦੇ ਪੰਜਾਬੀ ਲੇਖਕਾਂ ਬਾਰੇ ਜਾਣਨ ਦੀ ਉਤਸੁਕਤਾ ਸਾਡੇ ਲੇਖਕਾਂ ਜਿਨੀ ਹੀ ਹੈ ਇਕ ਮਹਿਫ਼ਲ ਵਿਚ ਗਾਰਗੀ ਬਾਰੇ ਜਾਣ-ਪਛਾਣ ਪਰਵਾਸੀ ਕਹਾਣੀਕਾਰਾ ਰਾਣੀ ਨਗਿੰਦਰ ਹੈ ਇਸ ਮਹਿਫ਼ਲ ਵਿਚੋਂ ਦੂਜਾ ਰੇਖਾ-ਚਿੱਤਰ ਇਕ ਪਾਠਕ ਪ੍ਰਗਟ ਸਿੰਘ ਦਾ ਹੈ ਉਹ ਰਾਗੀ ਹੈ ਉਸ ਨੂੰ ਰਾਗਾਂ ਅਤੇ ਸੰਗੀਤ ਦੀ ਸਮਝ ਹੈ ਪਰ ਉਹ ਸਾਹਿਤ ਬਾਰੇ ਵੀ ਸੂਝ ਰੱਖਦਾ ਹੈ ਗਾਰਗੀ ਉਸ ਦੀ ਸਖ਼ਸ਼ੀਅਤ ਦੇ ਇਸ ਤੱਤ ਨੂੰ ਉਭਾਰਦਾ ਹੈ ਉਹ ਇਹ ਮਹਿਸੂਸ ਕਰਦਾ ਹੈ ਕਿ ਪੰਜਾਬੀ ਜਗਤ ਜਗਤ ਵਿਚ ਪੰਜਾਬੀ ਲੇਖਕ ਦੀ ਪਛਾਣ ਉਸਦੀ ਕਲਾ ਕਰਕੇ ਹੈ ਬਕੌਲ ਗਾਰਗੀ, "ਉਹ ਅਦਬੀ ਸੰਗਮ ਦਾ ਜੋਸ਼ੀਲਾ ਮੈਂਬਰ ਹੈ ਸਾਹਿਤ ਦਾ ਰਸੀਆ ਹੈ ਪਰ ਨਾਲ ਹੀ ਕਲਾਸੀਕਲ ਰਾਗ ਦਾ ਗੁਣੀ ਰਾਗ ਦੀ ਵਿਦਿਆ ਉਸਨੇ ਮਾਸਟਰ ਰਤਨ ਰਤਨ ਤੋਂ ਪ੍ਰਾਪਤ ਕੀਤੀ"

ਅਜਿਹੀ ਇਕ ਹੋਰ ਮਹਿਫ਼ਲ ਦਾ ਜ਼ਿਕਰ ਗਾਰਗੀ ਕਰਦਾ ਹੈ ਗਾਰਗੀ ਇਹ ਨੋਟ ਕਰਦਾ ਹੈ ਪਰਵਾਸੀ ਪੰਜਾਬੀਆਂ ਵਿਚ ਆਪਣੇ ਸਾਹਿਤ ਅਤੇ ਸਭਿਆਚਾਰ ਨੂੰ ਜਾਣਨ ਅਤੇ ਮਾਣਨ ਦੀ ਇੱਛਾ ਬਹੁਤ ਪ੍ਰਬਲ ਹੈ ਉਹ ਇਕ ਵਿਅਕਤੀ ਕੁਲਦੀਪ ਸਿੰਘ ਦਾ ਜ਼ਿਕਰ ਕਰਦਾ ਹੈ ਜਿਹੜਾ ਕਿਸੇ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦਾ ਇੰਚਾਰਜ ਸੀ ਅਤੇ ਅਜਕੱਲ੍ਹ ਸਾਹਿਤ ਸਭਾਵਾਂ, ਕਲਚਰ ਗਰੁੱਪਾਂ ਤੇ ਪੰਜਾਬੀ ਪ੍ਰਚਾਰ ਟੋਲੀਆਂ ਦਾ ਖੁਦਾਈ ਫੌਜਦਾਰ ਹੈ ਉਸ ਅਨੁਸਾਰ ਜੋ ਗਾਰਗੀ ਦੇ ਨਾਟਕ ਅੰਗਰੇਜ਼ੀ ਵਿਚ ਅਮਰੀਕਨ ਐਕਟਰ ਅਤੇ ਐਕਟਰਸਾਂ ਖੇਡਣ ਤਾਂ ਉਹ ਬਰਾਡਵੇ ਵਿਚ ਕਈ ਸਾਲ ਤਕ ਖੇਡੇ ਜਾਂ ਸਕਦੇ ਹਨ ਗਾਰਗੀ ਅਜਿਹੇ ਹੀ ਇਕ ਹੋਰ ਵਿਅਕਤੀ ਸੌਦਾਗਰ ਸਿੰਘ ਦਾ ਜਿਕਰ ਕਰਦਾ ਕਰਦਾ ਹੈ ਜਿਸ ਨੇ ਆਪਣੇ ਘਰ ਵਿਚ ਗੁਰਬਖਸ਼ ਸਿੰਘ ਦੀ ਤਸਵੀਰ ਲਾਈ ਹੋਈ ਹੈ ਇਸ ਸਨਮਾਨ ਪਿਛੇ ਭੂ-ਹੇਰਵੇ ਦੀ ਮਾਨਸਿਕਤਾ ਮੌਜੂਦ ਹੁੰਦੀ ਹੈ ਗਾਰਗੀ ਇਹ ਗੱਲ ਨੋਟ ਕਰਦਾ ਹੈ ਕਿ ਪੰਜਾਬ ਲੇਖਕਾਂ ਅਤੇ ਕਲਾਕਾਰਾਂ ਪ੍ਰਤੀ ਭਾਵੁਕ ਸਾਂਝ ਸਾਂਝ ਪਰਵਾਸੀਆਂ ਵਿਚ ਵਧੇਰੇ ਹੋ ਉਹ ਹੀ ਮਹਿਸੂਸ ਕਰਦੇ ਹਨ ਕਿ ਅਸੀਂ ਆਪਣਿਆਂ ਨੂੰ ਵੀ ਬਣਦਾ ਸਨਮਾਨ ਦੇਈਏ ਇਸ ਵਾਰਤਕ ਵਿਚੋਂ ਇਸ ਸਥਿਤੀ ਰਾਹੀਂ ਸੁਦਾਗਰ ਸਿੰਘ ਦਾ ਆਪਣਾ ਬਿੰਬ ਨਿਖਰ ਕੇ ਸਾਹਮਣੇ ਆਉਂਦਾ ਹੈ:-

"ਉਹ ਬੋਲਿਆ, "ਜਿਸ ਕਵੀ ਜਾਂ ਲੇਖਕ ਤੋਂ ਅਸੀਂ ਕੁਝ ਸਿੱਖਦੇ ਹਾਂ, ਉਸਨੂੰ ਪੜ੍ਹਦੇ ਹਾਂ, ਸਾਡਾ ਫਰਜ਼ ਬਣਦਾ ਹੈ ਕਿ ਉਸਨੂੰ ਸਨਮਾਨੀਏ ਦੀ ਅਸੀਂ ਏਥੇ ਬੈਠੇ ਹਾਂ ਸਾਡੇ ਲੋਕਾਂ ਨੇ ਲੱਖਾਂ ਡਾਲਰ ਕਮਾਏ ਖਰਚ ਕੀਤੇ ਸਿਆਸੀ ਅਤੇ ਧਾਰਮਿਕ ਧਾਰਮਿਕ ਸੰਸਥਾਵਾਂ ਨੂੰ ਚੰਦੇ ਦਿੱਤੇ ਡਿਫਰ ਪਾਰਟੀਆਂ ਉੱਤੇ ਹਜ਼ਾਰਾਂ ਡਾਲਰ ਖਰਚੇ ਪਰ ਸ਼ਾਇਰਾਂ ਤੇ ਲੇਖਕਾਂ ਨੂੰ ਸਿਰਫ਼ ਵਾਹ-ਵਾਹ ਮੈਂ ਸੋਚਦਾ ਇਥੇ ਅਸੀਂ ਮੋਹਨ ਸਿੰਘ ਨੂੰ ਬੁਲਾਇਆ ਹੁੰਦਾ ਉਸਦੀ ਫਿਲਮ ਬਣਾਈ ਹੁੰਦੀ ਸ਼ਿਵ ਬਟਾਲਵੀ ਨੂੰ ਇਥੇ ਇਥੇ ਬੁਲਾ ਕੇ ਉਸ ਦੇ ਗੀਤ ਸੁਣੇ ਹੁੰਦੇ, ਉਸਦੀ ਸੇਵਾ ਕੀਤੀ ਹੁੰਦੀ ਇਸ ਨਾਲ ਸਾਡੀ ਵੀ ਇੱਜ਼ਤ ਬਣਦੀ ਰਾਈਟਰ ਕੌਣ ਹੈ? ਰਾਇਟਰ ਹਰ ਕੋਈ ਸੀ ਹੁੰਦਾ ਇਕ ਕੌਮ ਇਕ ਵੇਲੇ ਜੇ ਪੰਜ-ਛੇ ਰਾਈਟਰ ਪੈਦਾ ਕਰ ਦੇਵੇ ਤਾਂ ਬਹੁਤ ਵੱਡੀ ਗੱਲ ਹੁੰਦੀ ਹੁੰਦੀ ਹੈ ਰਾਈਟਰ ਹੀਰੋ ਹੁੰਦਾ ਉਹ ਕਦੇ-ਕਦੇ ਜੰਮਦਾ ਹੈ ਸਾਡੇ ਕੋਲ ਸ਼ਿਵ ਬਟਾਲਵੀ ਦੀ ਕੋਈ ਯਾਦ ਨਹੀਂ ਉਹ ਕਿਵੇਂ ਲਿਖਦਾ ਸੀ? ਕਿਵੇਂ ਗੱਲਾਂ ਕਰਦਾ ਸੀ ਇਹ ਚੀਜ਼ਾਂ ਕਲਾਕਾਰ ਦੇ ਜਾਣ ਪਿੱਛੋਂ ਕੌਮ ਦਾ ਵਿਰਸਾ ਬਣ ਜਾਂਦੀਆਂ ਹਨ ਜੇ ਸਾਨੂੰ

ਸਾਨੂੰ ਪਤਾ ਹੋਵੇ ਵਾਰਸ ਸ਼ਾਹ ਦਾ ਰੰਗ ਰੂਪ ਕੀ ਸੀ, ਬੁੱਲ੍ਹੇ ਸ਼ਾਹ ਕਿਵੇਂ ਬੈਠਦਾ ਸੀ, ਗਾਲਿਬ ਕਿਵੇਂ ਗ਼ਜ਼ਲ ਆਖਦਾ ਸੀ ਤਾਂ ਲੱਖਾਂ ਡਾਲਰ ਵੀ ਇਸ ਦਾ ਮੁੱਲ ਨਹੀਂ ਤਾਰ ਸਕਦੇ" (ਹੁਸੀਨ ਚਿਹਰੇ) ਪੰਨਾ 150

**ਪਿੰਨੀਆਂ ਦਾ ਮਹਿਕ**

ਗਾਰਗੀ ਦੇ ਸਮੂਹ ਵਿਅਕਤੀਆਂ ਦੇ ਰੇਖਾ-ਚਿੱਤਰਾਂ ਦੇ ਕੇਂਦਰ ਵਿਚ ਪਰਵਾਸ ਅਤੇ ਪਰਵਾਸੀਆਂ ਵਿਚ ਵਧੇਰੇ ਅਮਰੀਕਾ ਹੈ ਉਹ ਅਮਰੀਕਾ ਦੇ ਸਿਆਟਲ ਸ਼ਹਿਰ ਦੇ ਵਾਸਰ ਕਾਲਜ ਵਿਚ ਦੋ ਸਾਲ ਭਾਰਤੀ ਥੀਏਟਰ ਪੜ੍ਹਾਉਂਦਾ ਰਿਹਾ ਹੈ ਅਮਰੀਕਾ ਨਾਲ ਉਸ ਦੀਆਂ ਬਹੁਤ ਸਾਰੀਆਂ ਜਜ਼ਬਾਤੀ ਸਾਂਝਾ ਹਨ ਉਹ ਇਸ ਸ਼ਹਿਰ ਬਾਰੇ ਜਾਣਕਾਰੀ ਦਿੰਦਾ ਹੋਇਆ ਹੋਇਆ ਲਿਖਦਾ ਹੈ:-

"ਇਸ ਸ਼ਹਿਰ ਦੇ ਅੰਦਰ ਸੱਚ ਝੀਲਾਂ ਹਨ- ਸਾਫ਼ ਸਫਾਫ ਪਾਣੀਆਂ ਦਾ ਸਰੋਦੀ ਵਾਯੂ ਮੰਡਲ ਇੱਥੇ ਨਿੱਕੀਆਂ ਲਹਿਰਾਉਂਦੀਆਂ ਪਹਾੜੀਆਂ ਹਨ, ਬੇਲੇ ਹਨ, ਸ਼ਾਂਤ ਸਾਗਰ ਦਾ ਕੰਢਾ ਹੈ ਤੇ ਹੁਸਨ ਹੈ ਇਸ ਸ਼ਹਿਰ ਦੀਆਂ ਯਾਦਾਂ ਮੇਰੇ ਸ਼ੀਨੇ ਵਿਚ ਦੱਬੀਆਂ ਪਈਆਂ ਹਨ ਇਸ ਸ਼ਹਿਰ ਵਿਚ ਮੇਰੀ ਨਿੱਕੀ ਬੇਟੀ 'ਜੰਨਤ' ਰਹਿੰਦੀ ਹੈ, ਜਿਸਨੂੰ ਵਿਛੜੇ ਕਈ ਸਾਲ ਹੋ ਗਏ ਸਨ" (ਹੁਸੀਨ ਚਿਹਰੇ) ਪੰਨਾ 152

ਜਿਸ ਕਾਲਜ ਵਿਚ ਗਾਰਗੀ ਪੜਾਉਂਦਾ ਸੀ ਉਹ ਅਮਰੀਕਾ ਦੀਆਂ ਹਸੀਨ ਅਤੇ ਅਮੀਰ ਕੁੜੀਆਂ ਦਾ ਕਾਲਜ ਹੈ ਇਹ ਉਹ ਕਾਲਜ ਸੀ ਜਿਥੇ ਅਮਰੀਕਾ ਦੀ ਫ਼ਿਲਮੀ ਸਨਅਤ ਦੀਆਂ ਨਾਮਵਰ ਐਕਟਰੈਸਾਂ ਪੜ੍ਹੀਆਂ ਸਨ ਇਹ ਕਾਲਜ 1861 ਵਿਚ ਅਮਰੀਕਾ ਦੇ ਇਕ ਵਾਈਨ ਮਰਚੈਂਟ ਮਿਸਟਰ ਵਾਸਰ ਨੇ ਲੜਕੀਆਂ ਦੀ ਪੜ੍ਹਾਈ ਲਈ ਖੋਹਲਿਆਂ ਸੀ ਇਸ ਦਾ ਕੈਂਪਸ ਇਕ ਹਜ਼ਾਰ ਏਕੜ ਤੋਂ ਵੱਧ ਜ਼ਮੀਨ ਵਿਚ ਫੈਲਿਆ ਹੋਇਆ ਹੈ ਇਸ ਕਾਲਜ ਵਿਚ ਸੌ ਸਾਲ ਤਕ ਸਿਰਫ਼ ਲੜਕੀਆਂ ਪੜ੍ਹਾਈਆਂ ਜਾਂਦੀਆਂ ਰਹੀਆਂ ਹਨ ਗਾਰਗੀ ਇਥੇ ਇਕ ਮਹੱਤਵਪੂਰਨ ਨੁਕਤਾ ਉਥੋਂ ਦੇ ਰਾਜਸੀ ਪ੍ਰਬੰਧ ਅਰਥਾਤ ਲਿਬਰਲ ਡੈਮੋਕਰੇਸੀ ਬਾਰੇ ਉਠਾਉਂਦਾ ਹੈ ਇਸ ਕਾਲਜ ਦੀਆਂ ਲੜਕੀਆਂ ਦੀ ਮੰਗ ਉਤੇ ਕਿਨੇ ਮੁੰਡਿਆਂ ਨੂੰ ਵੀ ਦਾਖਲ ਕੀਤਾ ਜਾਣ ਲਗ ਪਿਆ ਗਾਰਗੀ ਦੀ ਕਲਾਸ ਵਿਚ ਨੌ ਕੁੜੀਆਂ ਅਤੇ ਛੇਅ ਮੁੰਡੇ ਸਨ ਗਾਰਗੀ ਨੇ ਉਨ੍ਹਾਂ ਨੂੰ ਸੰਸਕ੍ਰਿਤ ਨਾਟਕ, ਲੋਕ-ਨਾਟਕ ਤੇ ਅਧੁਨਿਕ ਨਾਟਕ ਪੜ੍ਹਾਏ ਮਿੱਟੀ ਦਾ ਗਡੀਰਾ ਦੇ ਨਾਲ ਨਾਲ 'ਸੌਂਕਣ' ਨਾਟਕ ਦੀ ਰਿਹਸਲ ਵੀ ਸ਼ੁਰ ਹੋ ਗਈ ਇਸ ਨਾਟਕ ਵਿਚ ਸਭ ਤੋਂ ਚੁਣੌਤੀ ਭਰਿਆ ਮਾਂ ਦਾ ਰੋਲ ਕਰਨ ਲਈ ਨੌਂ ਕੁੜੀਆਂ ਤਿਆਰ ਸਨ ਬਕੌਲ ਗਾਰਗੀ ਇਨ੍ਹਾਂ ਵਿਦਿਆਰਥੀਆਂ ਨੇ 'ਮਿਰਜਾ ਸਾਹਿਬਾ' ਨਾਟਕ ਪੜ੍ਹਿਆ ਸ਼ੌਕਣ ਦੇ ਪਾਤਰਾਂ ਦਾ ਵਿਸ਼ਸ਼ੇਲਣ ਕੀਤਾ ਸੌਂਕਣ ਦੇ ਕਈ ਦ੍ਰਿਸ਼ਾਂ ਦੇ ਰੀਹਰਸਲ ਕਰਵਾਏ ਇਨ੍ਹਾਂ ਵਿਚ ਐਕਟਰਾਂ ਤੇ ਐਕਟਰਸਾਂ ਨੇ ਵੇਗ ਵਿਚ ਮੱਚ ਕੇ ਪਾਰਟ ਪਾਰਟ ਕੀਤੇ ਅਜਿਹਾ ਪਾਰਟ ਕਰਨ ਵਾਸਤੇ ਕਲਾਤਮਿਕ ਦਲੇਰੀ, ਜੋਸ਼ ਅਤੇ ਸੰਜਮ ਦੀ ਲੋੜ ਹੈ"

ਗਾਰਗੀ ਇਸ ਸ਼ਹਿਰ ਦੀ ਫਿਜ਼ਾ ਵਿਚ ਵੀ ਘੁਟਣ ਮਹਿਸੂਸ ਕਰਦਾ ਹੈ ਉਹ ਇਸ ਮਾਹੌਲ ਤੋਂ ਬੇਜ਼ਾਰ ਹੋਇਆ ਪਿਛੋਕੜ ਦੇ ਹੇਰਵੇ ਦਾ ਸ਼ਿਕਾਰ ਹੋ ਜਾਂਦਾ ਹੈ ਇਸੇ ਸਥਿਤੀ ਵਿਚ ਨਿਊਯਾਰਕ ਪਹੁੰਚ ਕੇ ਆਪਣੇ ਮਿੱਤਰ ਰੌਸ਼ਨ ਲਾਲ ਖਿੱਪਲ ਦੀ ਧੀ ਰੰਜਨਾ ਦੇ ਘਰ ਪੰਜਾਬੀ ਰੋਟੀ ਖਾ ਕੇ ਤਰੋ ਤਾਜ਼ਾ ਮਹਿਸੂਸ ਕਰਦਾ ਹੈ ਉਹ ਰੰਜਨਾ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:-

"ਰੰਜਨਾ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਐਮ.ਏ. ਕਰਕੇ ਪੀ-ਐਚ.ਡੀ. ਕੀਤੀ ਸੀ ਤੇ ਲੋਕਾਂ ਦੀ ਸਿਹਤ ਤੇ ਮਾਨਸਿਕ ਸਲਾਹਕਾਰ ਮਹਿਕਮੇ ਵਿਚ ਦੋ ਹਜ਼ਾਰ ਡਾਲਰ ਮਹੀਨੇ ਉਤੇ ਸਰਵਿਸ ਕਰਦੀ ਸੀ ਕਲਾਤਮਿਕ ਰੁਚੀ ਹੋਣ ਕਰਕੇ ਉਸ ਦੇ ਫਲੈਟ ਵਿਚ ਹਰ ਚੀਜ਼ ਆਰਟਿਸਟਿਕ ਸੀ ਕਈ ਜਗ੍ਹਾ ਭਾਰਤ ਦੇ ਲੋਕ-ਚਿੱਤਰ ਵੀ ਸਨ ਦੋ ਮਹੀਨੇ ਹੋਏ, ਉਹ ਆਪਣੀ ਨੌਕਰੀ ਤੋਂ ਬੋਰ ਹੋ ਗਈ ਉਸ ਨੇ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਹੁਣ ਆਜ਼ਾਦੀ ਨਾਲ ਜੀਅ ਰਹੀ ਸੀ ਉਸ ਉਸ ਦੀ ਤਮੰਨਾ ਸੀ ਕਿ ਦੋ ਤਿੰਨ ਮਹੀਨਿਆਂ ਲਈ ਪੰਜਾਬ ਜਾਵੇ ਤੇ ਏਥੋਂ ਦੀਆਂ ਕਣਕਾਂ ਤੇ ਵਾਢੀਆਂ ਵੇਖੇ ਤੇ ਗੰਦਲਾਂ ਦਾ ਸਾਗ ਤੇ ਵਿਆਹ ਸ਼ਾਦੀਆਂ ਤੇ ਭੁੱਲੀਆਂ ਹੋਈਆਂ ਬੋਲੀਆਂ ਤੇ ਸ਼ਗਨਾਂ ਨੂੰ ਮਾਣੇ

ਰੰਜਨਾ ਦੀ ਪੰਜਾਬ ਤੇ ਨਵੀਂ ਦਿੱਲੀ ਲਈ ਤੜਪ ਉਸੇ ਪਰਕਾਰ ਦੀ ਸੀ ਜਿਵੇਂ ਮੇਰੀ ਵਾਸਰ ਕਾਲਜ ਵਿਚ ਰਹਿੰਦਿਆਂ ਮਿਰਚਾਂ ਤੇ ਤੜਕੇ ਵਾਲੀ ਦਾਲ ਲਈ

ਇਕ ਘੰਟੇ ਪਿੱਛੋਂ ਰੰਜਨਾ ਰੋਟੀ ਤਿਆਰ ਕਰਕੇ ਮੇਜ਼ ਉਤੇ ਲੈ ਆਈ ਮੈਂ ਰੋਟੀ ਖਾਧੀ ਤਾਂ ਅਜੀਬ ਸ਼ਾਂਤੀ ਤੇ ਪੂਰਨਤਾ ਦਾ ਅਹਿਸਾਸ ਹੋਇਆ ਮਧੁਰ ਬੇਹੋਸ਼ੀ ਜਿਹੀ ਇਕ ਇਹੋ ਜਿਹਾ ਸੰਤੋਖ ਜੋ ਮੰਜਲ ਤੇ ਪਹੁੰਚ ਕੇ ਆਉਂਦਾ ਹੈ (ਹੁਸੀਨ ਚਿਹਰੇ) ਪੰਨਾ 157

ਗਾਰਗੀ ਜਿਸ ਕਾਲਜ ਵਿਚ ਪੜ੍ਹਾਉਂਦਾ ਸੀ ਉਥੋਂ ਦੀ ਤੱਥਗਤ ਜਾਣਕਾਰੀ ਵੀ ਪਾਠਕਾਂ ਨਾਲ ਸਾਂਝੀ ਕਰਦਾ ਹੈ ਅਸਲ ਵਿਚ ਤੱਥਗਤਾਂ ਕਿਸੇ ਵਾਰਤਕ ਦਾ ਮਹੱਤਵਪੂਰਨ ਤੱਤ ਹੁੰਦਾ ਹੈ ਇਸ ਕਾਲਜ ਦੇ ਕੈਂਪਸ ਵਿਚ ੨150 ਵਿਦਿਆਰੀ ਵਿਦਿਆਰੀ ਹਨ ਦਸ ਹੋਸਟਲ ਅਤੇ ਹਰ ਹੋਸਟਲ ਮਹਿਲ ਵਰਗਾ ਹੈ ਇਥੋਂ ਦੇ ਥੀਏਟਰ ਵਿਭਾਗ ਕੋਲ ਚਾਰ ਨਾਟਕ ਘਰ ਘਰ ਹਨ ਕਲਾ ਭਵਨ, ਕੀਮਤੀ ਲਾਇਬਰੇਰੀ ਇਹ ਕਾਲਜ ਸਰਕਾਰ ਤੋਂ ਕੋਈ ਗਰਾਂਟ ਨਹੀਂ ਲੈਂਦਾ ਇਸ ਕਾਲਜ ਦਾ ਖਰਚਾ ਇਥੋਂ ਦੀ ਜਾਗੀਰ, ਇਮਾਰਤਾਂ ਦੇ ਕਿਰਾਏ ਅਤੇ ਅੱਸੀ ਕਰੋੜ ਰੁਪਏ ਦੇ ਵਿਆਜ ਉਤੇ ਚੱਲਦਾ ਹੈ ਇਸ ਤੋਂ ਬਿਨਾਂ ਇਥੋਂ ਦੀਆਂ ਪੜ੍ਹੀਆਂ ਕੁੜੀਆਂ ਜਦੋਂ ਕਿਸੇ ਕਰੋੜਪਤੀ ਨਾਲ ਵਿਆਹ ਕਰਵਾ ਲੈਂਦੀਆਂ ਹਨ ਜਾਂ ਕੋਈ ਵੱਡੀ ਫ਼ਿਲਮ ਸਟਾਰ ਬਣ ਜਾਂਦੀ ਤਾਂ ਇਸ ਕਾਲਜ ਦੀ ਵਿੱਤੀ ਸਹਾਇਤਾ ਕਰਦੀਆਂ ਹਨ

ਇਸ ਵਾਰਤਕ ਨਿਬੰਧ ਦਾ ਅਗਲਾ ਪਾਸਾਰ ਪਰਵਾਸੀ ਚੇਤਨਾ ਅਤੇ ਭੂ ਹੇਰਵੇ ਦੇ ਵਰਤਾਰੇ ਉਤੇ ਕੇਂਦਰਿਤ ਹੈ ਇਸ ਇਸ ਵਰਤਾਰੇ ਦੇ ਕੇਂਦਰ ਵਿਚ ਰਣਬੀਰ ਸਿੰਘ ਹੈ ਉਹ ਟਰਿਨਟੀ ਕਾਲਜ ਵਿਚ ਪੋਲੀਟੀਕਲ ਸਾਇੰਸ ਦਾ ਪ੍ਰੋਫੈਸਰ ਤੇ ਚੇਅਰਮੈਨ ਹੈ ਉਹ ਪੰਜਾਬੀ ਸੁਭਾਅ ਵਾਲਾ ਗਹਿਰ ਗੰਭੀਰ ਸਕਾਲਰ ਹੈ ਉਹ ਅੰਗਰੇਜ਼ੀ ਭਾਸ਼ਾ ਵਿਚ ਪੂਰੀ ਮੁਹਾਰਤ ਰੱਖਦਾ ਹੈ ਪਰੰਤੂ ਪੰਜਾਬੀ ਬੋਲਦਾ ਹੋਇਆ ਉਹ ਠੇਠ ਪੰਜਾਬੀ ਬੋਲਦਾ ਹੈ ਉਸ ਦੀ ਮਾਨਸਿਕਤਾ ਅਤੇ ਵਿਹਾਰ ਨੂੰ ਗਾਰਗੀ ਗਾਰਗੀ ਸਿਰਜਣਾਤਮਕ ਅੰਦਾਜ ਵਿਚ ਪੇਸ਼ ਕਰਦਾ ਹੈ ਇਸ ਸਮੂਹਿਕ ਚਿੱਤਰਾਂ ਵਾਲੇ ਹਿੱਸੇ ਵਿਚ ਗਾਰਗੀ ਰਣਬੀਰ ਸਿੰਘ ਸਿੰਘ ਉਤੇ ਕੇਂਦਰਿਤ ਕਰਦਾ ਹੈ:-

"ਰਣਬੀਰ ਬੋਲਿਆ, "ਯਾਰ ਦੋ ਦਿਨ ਲਈ ਮੇਰੇ ਕੋਲ ਜ਼ਰੂਰ ਆ ਜਾ ਹੁਣੇ ਤਰੀਕ ਦਾ ਫੈਸਲਾ ਕਰ ਪੰਜਾਬੀ ਵਿਚ ਗੱਲਾਂ ਕੀਤੀਆਂ ਤੇ ਗਾਲ੍ਹਾਂ ਕੱਢਿਆਂ ਬਹੁਤ ਦਿਨ ਹੋ ਗਏ ਹਨ, ਅੰਗਰੇਜ਼ੀ ਵਿਚ ਬੋਲਦਿਆਂ ਜਬਾੜੇ ਦੁਖਣ ਲੱਗੇ ਹਨ, ਦੱਸ ਕਦੋਂ ਆਏਗਾ" (ਹੁਸੀਨ ਚਿਹਰੇ) ਪੰਨਾ 160

ਇਸ ਵਾਰਤਕ ਨਿਬੰਧ ਦਾ ਸਭ ਤੋਂ ਮਹੱਤਵਪੂਰਨ ਪੱਖ ਰਣਬੀਰ ਸਿੰਘ ਦੇ ਘਰ ਬਿਤਾਈ ਸ਼ਾਮ ਹੈ ਉਸ ਨੂੰ ਪੰਜਾਬੀ ਪੰਜਾਬੀ ਲੇਖਕਾਂ ਨਾਲ ਮੋਹ ਹੈ ਉਹ ਖੁਸ਼ਵੰਤ ਸਿੰਘ, ਇੰਦਰ ਮਲਹੋਤਰਾ, ਰਾਜਿੰਦਰ ਿਸੰਘ ਬੇਦੀ ਦੀ ਬਿਮਾਰੀ ਅਤੇ ਅੰਮ੍ਰਿਤਾ ਪ੍ਰੀਤਮ ਬਾਰੇ ਪੁੱਛਦਾ ਹੈ ਬਕੌਲ ਗਾਰਗੀ ਉਹ ਇਕੋ ਸਾਹੇ ਸਾਰੇ ਦੋਸਤਾਂ ਬਾਰੇ ਪੁੱਛਣਾ ਚਾਹੁੰਦਾ ਸੀ ਜਿਵੇਂ ਸਾਰਿਆਂ ਸਾਰਿਆਂ ਨੂੰ ਇਕੋ ਸਮੇਂ ਕਲਾਵੇ ਵਿਚ ਲੈਣਾ ਚਾਹ ਰਿਹਾ ਸੀ

"ਵਾਈਨ ਅਤੇ ਵਿਸਕੀ ਨਾਲ ਫਰਾਂਸੀਸੀ ਪਨੀਰ ਤੇ ਨਮਕੀਨ ਬਿਸਕੁਟ ਪਏ ਸਨ ਥੋੜੇ ਚਿਰ ਪਿਛੋਂ ਉਹ ਗੁੜ ਦੀਆਂ ਰਿਊੜੀਆਂ ਤੇ ਕਰਾਰੀ ਗੱਚਕ ਕਿਸੇ ਡੱਬੇ ਵਿਚੋਂ ਕੱਢ ਕੇ ਲੈ ਆਇਆ ਬੋਲਿਆ, "ਇਹ ਖਾ ਪੰਜਾਬ ਦਾ ਗੁੜ

ਵਿਸਕੀ ਤੇ ਗੁੜ ਦਾ ਕੀ ਮੇਲ ਸੀ? ਪਰ ਰਣਬੀਰ ਦੇ ਆਪ ਹੁਦਰੀ ਦਾਰਸ਼ਨਿਕ ਤਰਕ ਵਿਚ ਇਨ੍ਹਾਂ ਦਾ ਡੂੰਘਾ ਮੇਲ ਸੀ ਉਹ ਗੁੜ ਦੀਆਂ ਰਿਊੜੀਆਂ ਚੱਬਦਾ ਹੋਇਆ ਤੇ ਫਰਾਂਸੀਸੀ ਪਨੀਰ ਖਾਂਦਾ ਹੋਇਆ ਵਿਸਕੀ ਪੀ ਰਿਹਾ ਸੀ"...

ਮੈਂ ਦੋ ਤਿੰਨ ਸਾਲ ਨੂੰ ਪੰਜਾਬ ਆ ਜਾਵਾਂਗਾ ਬਥੇਰਾ ਰੁਪਿਆ ਕਮਾ ਲਿਆ ਰੁਪਏ ਨੂੰ ਕੀ ਫੂਕਣਾ ਹੈ? ਇਸ ਨੂੰ ਛਾਤੀ ਛਾਤੀ ਤੇ ਧਰ ਕੇ ਨਾਲ ਲੈ ਜਾਣਾ ਹੈ? ਅਸਲ ਗੱਲ ਤਾਂ ਪੰਜਾਬ ਹੈ, ਤੇ ਦੋਸਤ ਯਾਰ ਉਹ ਸਾਰੇ ਹਿੰਦੁਸਤਾਨ ਹਨ ਇਸ ਲਈ ਮੈਂ ਦੋ ਤਿੰਨ ਸਾਲਾਂ ਨੂੰ ਦਿੱਲੀ ਆ ਜਾਵਾਂਗਾ, ਦਿੱਲੀ ਇਕ ਪ੍ਰਕਾਰ ਦਾ ਪੰਜਾਬ ਹੀ ਹੈ ਵਾਪਸ ਆਉਣ ਨੂੰ ਜੀਅ ਤਰਸ ਰਿਹਾ ਹੈ

...ਰਣਬੀਰ ਪਿੰਨੀ ਖਾਂਦੇ ਹੋਏ ਬੋਲਿਆ, "ਇਹ ਪਿੰਨੀ ਸਿਰਫ ਪੰਜਾਬ ਵਿਚ ਹੀ ਬਣਦੀ ਹੈ ਪੰਜਾਬੀ ਮਾਂ ਅਤੇ ਭੈਣ ਦੀ ਸੌਗਾਤ ਜੋ ਮੈਨੂੰ ਸਕੂਲ ਅਤੇ ਕਾਲਜ ਦੇ ਸਮੇਂ ਤੋਂ ਮਿਲਦੀ ਆ ਰਹੀ ਹੈ" (ਹੁਸੀਨ ਚਿਹਰੇ) ਪੰਨਾ 162

ਬਲਵੰਤ ਗਾਰਗੀ ਆਪਣੇ ਜੀਵਨ ਅਨੁਭਵ ਨੂੰ ਵੱਖੋ ਵੱਖਰੇ ਕਈ ਪਾਸਾਰਾਂ ਸਮੇਤ ਇਸ ਨਿਬੰਧ ਵਿਚੋਂ ਉਭਾਰਦਾ ਹੈ ਇਹ ਸਮੁੱਚੀ ਨਿਬੰਧਕਾਰੀ ਬਿਰਤਾਂਤ ਮੁਖੀ ਸ਼ੈਲੀ ਵਿਚ ਹੈ

**ਟੋਰਾਂਟੋ ਦੀ ਰਾਤ**

ਟੋਰਾਂਟੋ ਕਨੇਡਾ ਦਾ ਉਹ ਸ਼ਹਿਰ ਹੈ ਜਿਥੇ ਸਭ ਤੋਂ ਵੱਧ ਪਰਵਾਸੀ ਰਹਿੰਦੇ ਹਨ ਕਰੋੜਾਂ ਦੁਨੀਆਂ ਦਾ ਵੱਡੇ ਭੂਗੋਲਿਕ ਖਿੱਤੇ ਵਾਲਾ ਇਲਾਕਾ ਹੈ ਇੰਗਲੈਂਡ ਦੇ ਸਾਊਥਾਲ ਤੋਂ ਬਾਅਦ ਇਹ ਦੂਜਾ ਵੱਡਾ ਕੇਂਦਰ ਹੈ ਇਥੇ ਪੰਜਾਬੀ ਦੇ ਸਭ ਤੋਂ ਵੱਧ ਲੇਖਕ ਰਹਿੰਦੇ ਹਨ ਪੰਜਾਬੀਆਂ ਨੇ ਇਥੇ ਆਪਣੇ ਵੱਡੇ-ਵੱਡੇ ਕਾਰੋਬਾਰ ਸਥਾਪਿਤ ਕੀਤੇ ਹਨ ਵੱਡੇ-ਵੱਡੇ ਘਰ ਖਰੀਦੇ ਹਨ ਅਤੇ ਮਹਿੰਗੀਆਂ-ਮਹਿੰਗੀਆਂ ਕਾਰਾਂ ਲਈਆਂ ਹੋਈਆਂ ਹਨ ਗਾਰਕੀ ਟੋਰਾਂਟੋ ਵਿਚ ਇਕਬਾਲ ਮਾਹਲ ਦੇ ਘਰ ਠਹਿਰਿਆ ਹੋਇਆ ਸੀ ਅਜਿਹਾ ਹੀ ਇਕ ਵਿਅਕਤੀ ਹਰਜੀਤ ਸਿੰਘ ਹੈ ਜਿਹੜਾ ਪੈਸੇ ਪੱਖੋਂ ਅਮੀਰ ਆਦਮੀ ਹੈ ਪਰੰਤੂ ਉਹ ਸਾਹਿਤ ਦਾ ਰਸੀਆ ਹੈ ਅਜਿਹੇ ਵਿਅਕਤੀ ਸਾਹਿਤ ਨਾਲ ਮੋਹ ਤਕ ਦਾ ਰਿਸ਼ਤਾ ਰੱਖਦੇ ਹਨ ਉਥੇ ਹੀ ਗਾਰਗੀ ਸੁਦਾਗਰ ਸਿੰਘ ਦੇ ਦੇ ਘਰ ਜਾਂਦਾ ਹੈ ਸੁਦਾਗਰ ਸਿੰਘ ਨੇ ਪੰਜਾਬੀ ਦੀ ਹਰ ਚੰਗੀ ਰਚਨਾ ਪੜ੍ਹੀ ਹੋਈ ਹੈ ਗਾਰਗੀ ਤੋਂ ਸੁਦਾਗਰ ਸਿੰਘ ਪੰਜਾਬੀ ਲੇਖਕਾਂ ਬਾਰੇ ਜਾਣਕਾਰੀ ਲੈਂਦਾ ਹੈ ਉਸ ਦੀ ਗੱਲਬਾਤ ਨਹੀਂ ਗਾਰਗੀ ਉਥੇ ਦੇ ਪਰਵਾਸੀਆਂ ਦੀ ਰੁਚੀ ਦਾ ਜਿਕਰ ਕਰਦਾ ਹੈ:-

ਗਾਰਗੀ ਸਾਹਿਬ, ਇਥੇ ਤੁਸੀਂ ਕੋਈ ਪੰਜਾਬੀ ਡਰਾਮਾ ਕਿਉਂ ਨਹੀਂ ਖੇਡਦੇ ਇਥੇ ਹੋਰ ਕਿੰਨੇ ਹੀ ਨਾਟਕਕਾਰ ਆਪਣੇ ਡਰਾਮੇ ਲੈ ਕੇ ਆਏ ਟੋਰਾਂਟੋ ਵਿਚ ਸਾਰੇ ਹੀ ਕਾਮਯਾਬ ਸਾਨੂੰ ਪੰਜਾਬੀ ਦੀ ਭੁੱਖ ਹੈ ਇਥੇ ਸੱਠ ਹਜ਼ਾਰ ਪੰਜਾਬੀ ਵਸਦੇ ਹਨ ਹਨ ਦੋ ਟੈਲੀਵੀਜ਼ਨ ਪ੍ਰੋਗਰਾਮ ਪੰਜਾਬੀ ਦੇ ਹਨ ਰੇਡੀਓ ਤੇ ਫ਼ਿਲਮਾਂ ਵੀ ਪੰਜਾਬੀ ਵਿਚ ਤੁਹਾਡਾ ਡਰਾਮਾ 'ਕਣਕ ਦੀ ਬੱਲੀ' ਬੱਲੀ' ਹੋਣਾ ਚਾਹੀਦਾ ਜੇ ਤੁਸੀਂ ਆ ਸਕੋ ਤਾਂ ਅਸੀਂ ਇਥੇ ਇੰਤਜਾਮ ਕਰ ਸਕਦੇ ਹਾਂ" (ਹੁਸੀਨ ਚਿਹਰੇ) ਪੰਨਾ 164

ਗਾਰਗੀ ਪੰਜਾਬੀ ਸਾਹਿਤਕਾਰਾਂ ਦੀਆਂ ਮਹਿਫ਼ਲਾਂ ਦਾ ਜ਼ਿਕਰ ਕਰਦਾ ਹੈ ਮਹਿਫਲ ਵਿਚ ਹਾਸਰਸ ਦਾ ਕਵੀ ਹਜ਼ਾਰਾ ਸਿੰਘ ਰਮਤਾ, ਸ਼ਾਇਰਾ ਨਜ਼ਰਤ ਤੇ ਉਸਦਾ ਪਤੀ, ਕੁਲਵੰਤ ਦੀਵਾਨਾ, ਸੁਦਾਗਰ ਸਿੰਘ ਸਿੱਧੂ, ਜੋਗਿੰਦਰ ਕਲਸੀ, ਕੌਂਸਲਰ ਦਵਿੰਦਰ ਸਿੰਘ, ਬਲਬੀਰ ਮੋਮੀ, ਸੰਤੋਖ ਛੀਨਾ, ਮਿੱਤਰ ਰਾਸ਼ਾ ਕਈ ਆਰਟਿਸਟ ਲੇਖਕ, ਕਵੀ ਅਤੇ ਗਾਉਣ ਵਾਲੇ ਸਨ ਸੁਰਿੰਦਰ ਕੌਰ ਦੇ ਗੀਤ ਅਤੇ ਸ਼ਿਵ ਦੀਆਂ ਕਵਿਤਾਵਾਂ ਦੀ ਗੂੰਜ ਮਹਿਫਲ ਵਿਚ ਸੁਣਾਈ ਦਿੰਦੀ ਰਹੀ ਗਾਰਗੀ ਇਸ ਗੱਲ ਦਾ ਅਹਿਸਾਸ ਕਰਾਉਂਦਾ ਹੈ ਕਿ ਕਨੇਡਾ ਵਿਚ ਰਹਿਣ ਵਾਲੇ ਪਰਵਾਸੀਆਂ ਦੀ ਮਾਨਸਿਕਤਾ ਅਤੇ ਕਨੇਡਾ ਦੀ ਧਰਤੀ ਦਾ ਤਸੱਵਰ ਭਾਰਤ ਵਿਚ ਰਹਿ ਕੇ ਨਹੀਂ ਕੀਤਾ ਜਾ ਸਕਦਾ ਗਾਰਗੀ ਕਨੇਡਾ ਦਾ ਭੂਗੋਲਿਕ ਨਕਸ਼ਾ ਤੱਥਾਂ ਸਮੇਤ ਪੇਸ਼ ਕਰਦਾ ਹੈ

"ਭਾਰਤ ਵਿਚ ਬੈਠੇ ਪੰਜਾਬੀ ਕੈਨੇਡਾ ਦੀ ਖ਼ੂਬਸੂਰਤੀ ਤੇ ਵਿਸ਼ਾਲਤਾ ਦਾ ਅੰਦਾਜ਼ਾ ਨਹੀਂ ਲਾ ਸਕਦੇ ਅਮਰੀਕਾ ਇਤਨਾ ਸ਼ਕਤੀਸ਼ਾਲੀ ਤੇ ਦੁਨੀਆਂ ਉਤੇ ਛਾਇਆ ਹੋਇਆ ਕਲਚਰਲ ਹਾਥੀ ਹੈ ਕਿ ਵਿਚਾਰਾ 'ਗੇਂਡਾ' ਛੋਟਾ ਲੱਗਦਾ ਹੈ ਪਰ ਕਨੇਡਾ ਕਈ ਗੱਲਾਂ ਵਿਚ ਜ਼ਿਆਦਾ ਅਮੀਰ, ਜ਼ਿਆਦਾ ਜਵਾਨ ਤੇ ਜ਼ਿਆਦਾ ਖ਼ੂਬਸੂਰਤ ਹੈ ਰੂਸ ਨੂੰ ਛੱਡ ਕੇ ਦੁਨੀਆਂ ਵਿਚ ਇਹ ਸਭ ਤੋਂ ਵੱਡਾ ਮੁਲਕ ਹੈ ਇਸ ਵਿਚ ਚਾਰ ਪੰਜ ਹਿੰਦੁਸਤਾਨ ਆ ਸਕਦੇ ਹਨ ਆਬਾਦੀ ਸਿਰਫ਼ ਢਾਈ ਕਰੋੜ ਹੈ ਟੋਰਾਂਟੋ ਟੋਰਾਂਟੋ ਇਸ ਆਬਾਦੀ ਦਾ ਅੱਠਵਾਂ ਹਿੱਸਾ ਹੈ ਇਸ ਸੂਬੇ ਅੰਟਾਰੀਉ ਵਿਚ ਢਾਈ ਲੱਖ ਝੀਲਾਂ ਹਨ ਮੈਨੂੰ ਜਦੋਂ ਕਿਸੇ ਨੇ ਦੱਸਿਆ ਤਾਂ ਮੈਂ ਇਸ ਨੂੰ ਬਕਵਾਸ ਸਮਝਿਆ ਪਰ ਇਹ ਭੂਗੋਲਿਕ ਸਚਾਈ ਹੈ ਕਈ ਝੀਲਾਂ ਦਾ ਰਕਬਾ ਤਾਂ ਹਜ਼ਾਰਾਂ ਮੁਰੱਬਾ ਮੁਰੱਬਾ ਮੀਲਾਂ ਵਿਚ ਹੈ ਜੰਗਲ ਮੀਲਾਂ ਤਕ ਫੈਲੇ ਹੋਏ ਹਨ ਦਰਿਆ ਵਿਸ਼ਾਲ ਸਾਰੇ ਲੋਕ ਬਾਹਰ ਤੋਂ ਆ ਕੇ ਇਥੋਂ ਦੇ ਵਾਸੀ ਵਾਸੀ ਬਣ ਗਏ ਹਨ ਪੰਜਾਬੀਆਂ ਨੇ ਵੀ ਇਸ ਧਰਤ ਨੂੰ ਫਤਿਹ ਕਰਕੇ ਇਥੇ ਆਪਣੇ ਕਲਚਰ ਦਾ ਰੰਗ ਭਰਿਆ ਹੈ" (ਹੁਸੀਨ ਚਿਹਰੇ) ਪੰਨਾ 166

ਇਸ ਨਿਬੰਧ ਰੂਪ ਵਿਚ ਸਮੂਹਿਕ ਰੇਖਾ ਚਿੱਤਰ ਦਾ ਸਭ ਤੋਂ ਪ੍ਰਮੁੱਖ ਹਿੱਸਾ ਇਕ ਸਾਹਿਤਕ ਮਹਿਫ਼ਲ ਵਿਚ ਉਭਰੇ ਸਵਾਲ ਅਤੇ ਗਾਰਗੀ ਵੱਲੋਂ ਦਿੱਤੇ ਗਏ ਜਵਾਬ ਹਨ ਇਹ ਸ਼ਬਦ ਵਿਅਕਤੀ ਤੋਂ ਸ਼ੁਰੂ ਹੋ ਕੇ ਸਮੁੱਚੇ ਸਾਹਿਤ ਸਭਿਆਚਾਰ ਅਤੇ ਸਿਰਜਣੀ ਵਰਤਾਰੇ ਨੂੰ ਆਪਣੇ ਕਲੇਵਰ ਵਿਚ ਸਮੇਟਦੇ ਹਨ ਇਹ ਸਵਾਲ ਜਵਾਬ ਨੂੰ ਇਕ ਇਕ ਕਰਕੇ ਵੇਖਣ ਦੀ ਥਾਂ ਥਾਂ ਸਵਾਲਾਂ ਦੀ ਸਮੁੱਚੀ ਫਹਿਰਿਸ ਦੇ ਪ੍ਰਸੰਗ ਵਿਚ ਉਠਾਉਣਾ ਅਤੇ ਸਮਝਣਾ ਜ਼ਰੂਰੀ ਹੈ ਸਵਾਲ ਮੋਟੇ ਰੂਪ ਵਿਚ ਪੰਜਾਬੀ ਦਾ ਭਵਿੱਖ ਈ ਹੈ? ਤੁਹਾਨੂੰ ਕਿਹੜੀ ਚੀਜ਼ ਲਿਖਣ ਲਈ ਪ੍ਰੇਰਦੀ ਹੈ, ਪੰਜਾਬੀ ਦਾ ਕਿਹੜਾ ਲੇਖਕ ਪਸੰਦ ਹੈ, ਸਥਾਪਿਤ ਲੇਖਕ ਪਸੰਦ ਹੈ, ਸਥਾਪਿਤ ਲੇਖਕਾਂ ਨੇ ਨਵੇਂ ਲੇਖਕ ਨੂੰ ਅੱਗੇ ਕਿਉਂ ਨਹੀਂ ਆਉਣ ਦਿੱਤਾ? ਆਦਿ ਅਜਿਹੇ ਸਵਾਲ ਹਨ ਜਿਹੜੇ ਸਮੁੱਚੇ ਸਾਹਿਤ ਸਿਰਜਣੀ ਵਰਤਾਰੇ ਨੂੰ ਆਪਣੇ ਕਲੇਵਰ ਵਿਚ ਸਮੇਟਦੇ ਹਨ ਓਪਰੀ ਨਜ਼ਰੇ ਵੇਖਿਆਂ ਇਹ ਉਹ ਸਵਾਲ ਹਨ ਜਿਹੜੇ ਭਾਰਤੀ ਪੰਜਾਬ ਤੋਂ ਲੈ ਕੇ ਪਰਵਾਸੀ ਪੰਜਾਬ ਤਕ ਗੂੰਜਦੇ ਹਨ ਅਤੇ ਹਰ ਪੀੜ੍ਹੀ ਦੇ ਸਥਾਪਿਤ ਲੇਖਕਾਂ ਨੂੰ ਇਨ੍ਹਾਂ ਦਾ ਜਵਾਬ ਦੇਣਾ ਪੈਂਦਾ ਹੈ ਗਾਰਗੀ ਵੀ ਇਨ੍ਹਾਂ ਸਵਾਲਾਂ ਨੂੰ ਇਕ ਇਕ ਕਰਕੇ ਨਜਿੱਠਦਾ ਹੈ

ਗਾਰਗੀ ਦੇ ਜਵਾਬਾਂ ਅਨੁਸਾਰ ਉਹ ਕਿਸੇ ਵੇਲੇ ਵੀ ਲਿਖ ਸਕਦਾ ਹੈ ਕਈ ਵਾਰ ਛੇ ਮਹੀਨੇ ਕੁਝ ਨਹੀਂ ਲਿਖਦਾ ਅਤੇ ਅਤੇ ਕਈ ਵਾਰ ਅਠਾਰਾਂ-ਅਠਾਰਾਂ ਘੰਟੇ ਲਿਖਦਾ ਹੈ ਬਠਿੰਡੇ ਦਾ ਇਲਾਕਾ ਉਸ ਦੀ ਰੂਹ ਵਿਚ ਵਸਿਆ ਹੋਇਆ ਹੈ ਰਿਹਾ ਸਾਰੀ ਉਮਰ ਲਾਹੌਰ ਜਾਂ ਦਿੱਲੀ ਹੈ ਲਿਖਤ ਦਾ ਰਹਿਣ ਵਾਲੀ ਥਾਂ ਨਾਲ ਕੋਈ ਸਬੰਧ ਨਹੀਂ ਸਭਿਆਚਾਰਕ ਮੁੱਲ ਰੂਹ ਵਿਚ ਵਿਚ ਵਸੇ ਹੁੰਦੇ ਹਨ ਗਾਰਗੀ ਨੂੰ ਮੋਹਨ ਸਿੰਘ, ਸੰਤ ਸਿੰਘ ਸੇਖੋਂ, ਸ਼ਿਵ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਵਧੀਆ ਲੇਖਕ ਲਗਦੇ ਹਨ ਗਾਰਗੀ ਅਨੁਸਾਰ ਚੰਗੇ ਲੇਖਕ ਨੂੰ ਅੱਗੇ ਆਉਣ ਤੋਂ ਕੋਈ ਨਹੀਂ ਰੋਕ ਸਕਦਾ ਸ਼ਿਵ ਕੁਮਾਰ ਨੂੰ ਅੱਗੇ ਆਉਣ ਤੋਂ ਕੋਈ ਨਹੀਂ ਰੋਕ ਸਕਦਾ ਸਆਦਤ ਹਸਨ ਮੰਟੋ ਸਤਾਈ ਸਾਲ ਵਿਚ ਹੀ ਭਾਰਤ ਪੱਧਰ ਦਾ ਲੇਖਕ ਬਣ ਗਿਆ ਸੀ ਸਰਕਾਰ, ਮੌਲਵੀਆਂ, ਪੰਡਤਾਂ, ਸਿਆਸੀ ਪਾਰਟੀਆਂ ਨੇ ਉਸ ਨੂੰ ਬਹੁਤ ਭੰਡਿਆ ਪਰੰਤੂ ਮੰਟੋ ਅਜੇ ਵੀ ਚਮਕ ਰਿਹਾ ਹੈ ਹੈ ਗਾਰਗੀ ਨਵੇਂ ਲੇਖਕਾਂ ਬਾਰੇ ਕਹਿੰਦਾ ਹੈ ਕਿ ਮੈਂ ਹਰ ਨਵੇਂ ਲੇਖਕ ਨੂੰ ਉਤਸਾਹਿਤ ਕੀਤਾ ਹੈ, ਉਸਦੀ ਚੰਗੀ ਲਿਖਤ ਨੂੰ ਸਲਾਹਿਆ ਹੈ ਚੰਗਾ ਲੇਖਕ ਆਪਣੀ ਰਚਨਾ ਦੀ ਤਾਕਤ ਦੇ ਸਿਰ ਤੇ ਅੱਗੇ ਆਉਂਦਾ ਹੈ

ਗਾਰਗੀ ਆਪਣੇ ਸਮੇਂ ਪਾਠਕਾਂ ਵਿਚ ਇਕ ਸਟਾਰ ਦਾ ਦਰਜਾ ਰੱਖਦਾ ਸੀ ਹਰਜੀਤ ਇਸ ਦਾ ਇਕ ਹਵਾਲਾ ਆਪਣੇ ਆਪਣੇ ਅਨੁਭਵ ਵਿਚੋਂ ਦਿੰਦਾ ਹੈ ਐਵਾਰਡਾਂ ਬਾਰੇ ਗਾਰਗੀ ਦੀ ਧਾਰਨਾ ਹੈ ਕਿ ਵੱਡਾ ਲੇਖਕ ਸਨਮਾਨ ਨੂੰ ਵੱਡਾ ਕਰ ਦਿੰਦਾ ਹੈ ਪਰੰਤੂ ਛੋਟੇ ਲੇਖਕ ਨੂੰ ਇਨਾਮ ਮਿਲਣ ਉਤੇ ਇਨਾਮ ਛੋਟਾ ਹੋ ਜਾਂਦਾ ਹੈ ਗਾਰਗੀ ਪਰਵਾਸੀ ਲੋਕਾਂ, ਸਾਹਿਤਕਾਰਾਂ ਅਤੇ ਸਾਹਿਤਕ ਵਰਤਾਰੇ ਨਾਲ ਜੁੜੇ ਕਈ ਮੁੱਦਿਆਂ ਨੂੰ ਵਾਰਤਕੀ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ ਗਾਰਗੀ ਦੇ ਇਨ੍ਹਾਂ ਨਿਬੰਧਾਂ ਨਿਬੰਧਾਂ ਰਾਹੀਂ ਪਰਵਾਸੀ ਸਾਹਿਤਕ ਵਰਤਾਰੇ ਅਤੇ ਪਰਵਾਸੀ ਜੀਵਨ ਦੇ ਕਈ ਪੱਖ ਸਾਹਮਣੇ ਆਉਂਦੇ ਹਨ

**ਰੱਬ ਦਾ ਘੱਗਰਾ**

ਗਾਰਗੀ ਵੀ ਇਹ ਵਾਰਤਕੀ ਬਿਰਤਾਂਤ ਰਚਨਾ ਇਸ ਰੇਖਾ-ਚਿੱਤਰੀ ਸੰਗ੍ਰਹਿ ਦੀ ਅੰਤਿਮ ਰਚਨਾ ਹੈ ਇਹ ਵੀ ਅਮਰੀਕਾ ਦੇ ਪਰਵਾਸੀਆਂ ਉਤੇ ਕੇਂਦਰਿਤ ਹੈ ਇਸ ਅਨੁਭਵ ਵਿਚ ਅਮਰੀਕਾ ਪਹੁੰਚਦਿਆਂ ਤਕਨੀਕੀ ਸਿਖਿਅਤ ਵਰਗ ਹੈ ਹੈ ਇਹ ਵਰਗ ਆਪਣੇ ਸਾਹਿਤਕ ਅਤੇ ਸਭਿਆਚਾਰਕ ਵਰਤਾਰੇ ਪ੍ਰਤੀ ਬਹੁਤ ਸੁਚੇਤ ਹੈ ਸਭਿਆਚਾਰ ਪ੍ਰਤੀ ਇਨ੍ਹਾਂ ਦੀਆਂ ਦੀਆਂ ਧਾਰਨਾਵਾਂ ਸਮਾਜ ਸਭਿਆਚਾਰਕ ਵਿਗਿਆਨੀਆਂ ਦੀ ਥਾਂ ਲੋਕ ਸਭਿਆਚਾਰਕ ਦੇ ਅਨੁਭਵੀ ਸਿਧਾਂਤ ਤੇ ਅਧਾਰਿਤ ਹਨ ਉਨ੍ਹਾਂ ਅਨੁਸਾਰ ਸਭਿਆਚਾਰ ਉਹ ਖੁੱਲ੍ਹਾ ਵਰਤਾਰਾ ਹੈ ਜਿਸ ਵਿਚ ਜੀਵਨ ਜਾਚ ਦੇ ਸਾਰੇ ਅੰਗ ਉਪ-ਅੰਗ ਸਮਾਂ ਜਾਂਦੇ ਜਾਂਦੇ ਹਨ:-

"ਪੰਜਾਬੀਅਤ ਵਿਚ ਪੰਜਾਬੀ ਜੱਫੀਆਂ, ਪੰਜਾਬੀ ਗਾਲ੍ਹਾਂ, ਪੰਜਾਬੀ ਗਿੱਧੇ, ਪੰਜਾਬੀ ਹਾਸੇ, ਪੰਜਾਬੀ ਮਖੌਲ, ਪੰਜਾਬੀ ਡਾਂਗਾਂ, ਪੰਜਾਬੀ ਬੋਤੇ ਪੰਜਾਬੀ ਝਾਂਜਰਾਂ ਤੇ ਦੰਦਾਸੇ ਤੇ ਮੁਟਿਆਰਾਂ ਦੇ ਹਾਸੇ ਹਨ ਇਹ ਪੰਜਾਬੀਅਤ ਬਿਆਨ ਨਹੀਂ ਕੀਤੀ ਜਾ ਸਕਦੀ ਇਸ ਵਿਚ ਸਭ ਕੁਝ ਜਿਸ ਨੂੰ ਸਿਰਫ਼ ਅਸੀਂ ਲੋਕ ਹੀ ਜਾਣਦੇ ਹਾਂ ਜਿਹੜਾ ਬੰਦਾ ਇਹ ਸਵਾਲ ਕਰੇ ਕਿ ਪੰਜਾਬੀਅਤ ਕੀ ਹੈ ਅਸੀਂ ਉਸਨੂੰ ਮਹਿਫ਼ਲ 'ਚੋਂ ਕੱਢ ਦਿਨੇ ਆ ਇਹ ਇਸੇ ਤਰ੍ਹਾਂ ਐ ਜਿੰਮੇ ਕੋਈ ਸਾਹ ਮਕੀਮ ਦੇ ਤਕੀਏ ਚੋਂ

ਚੋਂ ਜਾ ਕੇ ਪੁੱਛੋ ਰੱਬ ਕੀ ਐ? ਗਾਰਗੀ ਜੀ ਪੰਜਾਬੀਅਤ ਵਿਚ ਸਭ ਕੁਝ ਐ ਇਹ ਤਾਂ ਨਿਰਾ ਰੱਬ ਦਾ ਘੱਗਰਾ ਐ..." (ਹੁਸੀਨ ਚਿਹਰੇ) ਪੰਨਾ 176

ਅਮਰੀਕਾ ਵਿਚ ਬੈਠ ਕੇ ਪੰਜਾਬੀ ਆਪਣੇ ਪਿਛੋਕੜ ਨੂੰ ਯਾਦ ਕਰਦੇ ਹਨ ਬਠਿੰਡਾ ਨੂੰ ਵਿਸ਼ੇਸ਼ ਤੌਰ ਤੇ ਗਾਰਗੀ ਦਾ ਦਾ ਪਿਛੋਕੜ ਵੀ ਬਠਿੰਡੇ ਨਾਲ ਹੀ ਸਬੰਧਿਤ ਹੈ ਉਨ੍ਹਾਂ ਨੂੰ ਬਠਿੰਡੇ ਦੀ ਤਰੱਕੀ ਆਪਣੀ ਤਰੱਕੀ ਲਗਦੀ ਹੈ ਉਨ੍ਹਾਂ ਅੰਦਰ ਇਹ ਅਹਿਸਾਸ ਹੈ ਕਿ ਅਮਰੀਕਾ ਆ ਕੇ ਸਿਰਫ਼ ਉਹ ਬੰਦਾ ਹੀ ਤਰੱਕੀ ਕਰ ਸਕਦਾ ਹੈ ਜਿਹੜਾ ਜ਼ਮੀਨ ਨਾਲ ਜੁੜਿਆ ਹੋਵੇ ਪੰਜਾਬ ਵਿਚੋਂ ਉਨ੍ਹਾਂ ਬੰਦਿਆਂ ਨੇ ਹੀ ਆ ਕੇ ਤਰੱਕੀ ਕੀਤੀ ਹੈ ਗਾਰਗੀ ਇਸ ਸਥਿਤੀ ਨੂੰ ਸ਼ਿੱਦਤ ਨਾਲ ਨੋਟ ਕਰਦਾ ਹੈ:-

ਹਰਭਜਨ ਸਿੰਘ ਬੋਲਿਆ, "ਅਮਰੀਕਾ ਜੇ ਆਦਮੀ ਗਰੀਬ ਘਰ ਤੋਂ ਆਇਆ ਹੋਵੇ ਤਾਂ ਉਹ ਆਸਮਾਨ ਨੂੰ ਹੱਥ ਲਾ ਸਕਦੈ ਅਸੀਂ ਪਿੰਡੋਂ ਆਏ ਹਾਂ ਕਣਕ ਵੱਢਦੇ ਹੋਏ ਇਹੋ ਮਨ ਵਿਚ ਰਹਿੰਦਾ ਸੀ ਕਿ ਸਾਡੀ ਫਾਂਟ ਅੱਗੇ ਹੀ ਰਹੇ ਇਹ ਗੱਲ ਨਿਊਯਾਰਕ ਵਿਚ ਕੰਮ ਕਰਦੇ ਹੋਏ ਵੀ ਖਹਿੜਾ ਨਹੀਂ ਛਡਦੀ ਬਸ ਅੱਗੇ ਹੀ ਰਹੀਦੈ" (ਹੁਸੀਨ ਚਿਹਰੇ) ਪੰਨਾ 170

ਅਮਰੀਕਾ ਅਤੇ ਸਾਰੇ ਯੋਰਪੀ ਦੇਸ਼ਾਂ ਵਿਚ ਗਏ ਵਿਅਕਤੀਆਂ ਵਿਚੋਂ ਵੱਡਾ ਹਿੱਸਾ ਕਿਸਾਨੀ ਦਾ ਹੈ ਉਸ ਵਿਚੋਂ ਵੀ ਬਹੁਤੇ ਗਰੀਬ ਕਿਸਾਨ ਹਨ ਹਿੰਦੁਸਤਾਨ ਵਿਚੋਂ ਚੰਗੀਆਂ ਨੌਕਰੀਆਂ ਕਰਦੇ ਲੋਕ ਕੁਝ ਦੇਰ ਬਾਅਦ ਉਥੋਂ ਵਾਪਸ ਆ ਗਏ ਗਏ ਪੰਜਾਬ ਦੀ ਸਮੱਸਿਆ ਨਾਲ ਸੰਬੰਧਿਤ ਸਮੇਂ ਨੇ ਪਰਵਾਸੀ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਗਾਰਗੀ ਸਿਰਫ਼ ਪੰਜਾਬ ਪੰਜਾਬ ਵਿਚਲੀ ਅਮਨ ਕਾਨੂੰਨ ਦੀ ਸਥਿਤੀ ਦੀ ਚਰਚਾ ਕਰਦਾ ਹੈ ਪਰੰਤੂ ਉਹ ਸਿਰਫ਼ ਇਕ ਤਰੀਕ 8 ਅਪ੍ਰੈਲ 1984 ਹੀ ਅੰਕਿਤ ਕਰਦਾ ਹੈ ਇਹ ਸਥਿਤੀ ਪੰਜਾਬ ਦੇ ਲੇਖਕਾਂ ਅਤੇ ਸਾਹਿਤਕਾਰੀ ਨਾਲ ਜੁੜੇ ਲੋਕਾਂ ਨੂੰ ਬਹੁਤਾ ਸਿਧੇ ਰੂਪ ਵਿਚ ਪ੍ਰਭਾਵਿਤ ਨਹੀਂ ਕਰ ਸਕੀ ਗਾਰਗੀ ਨੂੰ ਲੈਣਚਾਰ ਪੰਜਾਬੀ ਜੁਆਨ ਆਉਂਦੇ ਹਨ ਅਤੇ ਮੋਹ ਨਾਲ ਜੱਫੀਆਂ ਪਾ ਕੇ ਆਪਣੇ ਨਾਲ ਲੈ ਜਾਂਦੇ ਹਨ ਇਸ ਮਹਿਫ਼ਲ ਵਿਚ ਚਰਚਾ ਦਾ ਕੇਂਦਰ ਸਾਹਿਤ ਸੀ ਬਕੌਲ ਗਾਰਗੀ ਚਾਹੇ ਗੱਲ ਕੋਈ ਵੀ ਚਲ ਰਹੀ ਰਹੀ ਹੁੰਦੀ ਪਰੰਤੂ ਗੱਲ ਘੁੰਮ ਫਿਰ ਕੇ ਸਾਹਿਤ ਦੇ ਮਸਲਿਆਂ ਉਤੇ ਆ ਕੇ ਰੁਕ ਜਾਂਦੀ ਸ਼ਰਾਬ ਦੇ ਨਸ਼ੇ ਵਿਚ ਝੂਮਦੇ ਹੋਏ ਸਾਰੇ ਜਦੋਂ ਧੁਰ ਦੀ ਚੇਤਨਾ ਤੇ ਹੋਸ਼ ਦੀ ਗੱਲ ਕਰ ਰਹੇ ਸਨ ਪੰਜਾਬੀ ਸਾਹਿਤ ਕੀ ਹੈ? ਪੰਜਾਬੀ ਭਾਸ਼ਾ ਕੀ ਹੈ? ਪੰਜਾਬੀ ਕਲਚਰ ਕੀ ਹੈ? ਪੰਜਾਬੀ ਭਾਸ਼ਨ ਕੀ ਹੈ? ਇਹ ਪੰਜਾਬੀਅਤ ਹੈ ਕੀ ਆਦਿ

ਇਹ ਸਾਰਾ ਵਰਤਾਰਾ ਗਾਰਗੀ ਦੀ ਵਾਰਤਕ ਬਿਰਤਾਂਤਕਾਰੀ ਵਿਚੋਂ ਉਭਰਦਾ ਹੈ ਗਾਰਗੀ ਇਨ੍ਹਾਂ ਲਿਖਤਾਂ ਵਿਚੋਂ ਵਿਅਕਤੀਆਂ ਰਾਹੀਂ ਪਰਵਾਸੀ ਵਰਤਾਰੇ ਨੂੰ ਸਮਝਦਾ ਹੈ ਫਿਰ ਇਹ ਵਾਰਤਾਰਾ ਅਤੇ ਵਿਅਕਤੀ ਇਕ ਦੂਜੇ ਦੇ ਪੂਰਕ ਬਣ ਕੇ ਸਾਹਮਣੇ ਆਉਂਦੇ ਹਨ ਇਸ ਤਰ੍ਹਾਂ ਇਹ ਰਚਨਾ ਪੰਜਾਬੀ ਵਾਰਤਕ ਦੇ ਖੇਤਰ ਵਿਚ ਮਹੱਤਵਪੂਰਨ ਟੈਕਸਟ ਹੋ ਨਿਬੜੀ ਹੈ

ਪਾਠ ਨੰਬਰ : 1.8 - **ਰਜਨੀਸ਼ ਬਹਾਦਰ ਸਿੰਘ**

## ਬਲਵੰਤ ਗਾਰਗੀ ਦੀ ਭਾਸ਼ਾ ਤੇ ਸ਼ੈਲੀ ਦੀ ਵੱਖਰਤਾ ਅਤੇ ਪੰਜਾਬੀ ਵਾਰਤਕਕਾਰੀ ਵਿਚ ਉਸ ਦਾ ਸਥਾਨ (ਹੁਸੀਨ ਚਿਹਰੇ ਦੇ ਅਧਾਰ ਤੇ)

**ਭੂਮਿਕਾ**

ਬਲਵੰਤ ਗਾਰਗੀ ਅਧੁਨਿਕ ਪੰਜਾਬੀ ਸਾਹਿਤ ਦੀ ਦੂਜੀ ਪੀੜ੍ਹੀ ਦਾ ਪ੍ਰਮੁੱਖ ਲੇਖਕ ਹੈ ਉਹ ਨਾਟਕਾਰੀ, ਰੰਗਮੰਚ, ਗਲਪ ਅਤੇ ਵਾਰਤਕਕਾਰੀ ਦੇ ਸਿਰਜਣੀ ਵਰਤਾਰੇ ਨਾਲ ਜੁੜਿਆ ਹੋਇਆ ਸੀ ਉਹ ਮਾਲਵੇ ਦਾ ਜੰਮਪਲ ਦਿੱਲੀ ਵਰਗੇ ਮਹਾਂਨਗਰ ਵਿਚ ਰਿਹਾ ਅਤੇ ਦੇਸ ਪ੍ਰਦੇਸ਼ ਵਿਚ ਪ੍ਰਸਿੱਧੀ ਪਾਉਣ ਵਾਲਾ ਲੇਖਕ ਸੀ ਉਸ ਦੀ ਅਭੀਵਿਅਕਤੀ ਦੇ ਕੇਂਦਰ ਵਿਚ ਵਿਚ ਮਲਵਈ ਭਾਸ਼ਾ ਦਾ ਰੂਪ ਸੀ ਪਰੰਤੂ ਉਸ ਦੀ ਸ਼ੈਲੀ ਬਿਰਤਾਂਤਮੁਖੀ ਸੀ ਉਹ ਜਿਸ ਸਮੇਂ ਪੰਜਾਬੀ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਉਹ ਸਮਾਂ ਪੰਜਾਬੀ ਵਾਰਤਕਾਰੀ ਦਾ ਸੁਨਹਿਰੀ ਯੁੱਗ ਸੀ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਪ੍ਰਗਤੀਵਾਦੀ ਲਹਿਰ ਦੇ ਉਥਾਨ ਦਾ ਸਮਾਂ ਸੀ ਪੰਜਾਬੀ ਪਾਠਕ ਵਰਗ ਦਾ ਘੇਰਾ ਫੈਲ ਰਿਹਾ ਸੀ ਲੋਕ ਪੱਖੀ ਅਤੇ ਲੋਕਮੁਖੀ ਮੁਹਾਵਰਾ ਪੰਜਾਬੀ ਵਾਰਤਕਕਾਰੀ ਦੇ ਕੇਂਦਰ ਵਿਚ ਸੀ ਇਸ ਸਮੇਂ ਨਿਰੋਲ ਸਾਹਿਤਕਾਰੀ ਅਤੇ ਵਿਚਾਰਮਈ ਮੁਹਾਵਰੇ ਵਿਚ ਇਕ ਮੂਕ ਸੰਘਰਸ਼ ਚਲ ਰਿਹਾ ਸੀ ਗਾਰਗੀ ਸਾਹਿਤਕ ਮੁਹਾਵਰੇ ਦਾ ਹਮਾਇਤੀ ਸੀ ਉਹ ਮਨੁੱਖ ਦੇ ਅਵਚੇਤਨ ਵਿਚ ਚਲ ਰਹੇ ਉਨ੍ਹਾਂ ਉਨ੍ਹਾਂ ਬਿੰਦੂਆਂ ਦੀ ਨਿਸ਼ਾਨਦੇਹੀ ਤੇ ਲੱਗਿਆ ਹੋਇਆ ਸੀ ਜਿਹੜੇ ਵਿਅਕਤੀ ਦੇ ਵਰਤਾਰੇ ਨੂੰ ਪ੍ਰਭਾਵਿਤ ਕਰ ਰਹੇ ਸਨ ਇਸ ਵਿਚ ਆਰਥਿਕਤਾ ਮੌਜੂਦ ਸੀ ਪਰੰਤੂ ਕਾਮ ਅਤੇ ਸਾਂਸਕ੍ਰਿਤਕ ਵਰਤਾਰਿਆਂ ਤੇ ਪ੍ਰਭਾਵ ਵੀ ਗਾਰਗੀ ਉਭਾਰ ਰਿਹਾ ਸੀ ਸੀ ਉਹ ਨਿੱਜ ਅਤੇ ਸਮੂਹ ਦੇ ਵਰਤਾਰਿਆਂ ਵਿਚ ਉਹ ਸਿਰਜਣਕਾਰੀ ਦੇ ਦੋ ਪੱਖਾਂ ਨੂੰ ਸੰਬੋਧਿਤ ਹੁੰਦਾ ਹੈ ਇਕ ਵਿਚ ਵਿਅਕਤੀ ਚਿਤਰ ਹਨ ਇਨ੍ਹਾਂ ਵਿਅਕਤੀ ਚਿੱਤਰਾਂ ਦਾ ਘੇਰਾ ਸਾਹਿਤਕਾਰੀ ਤੋਂ ਪੱਤਰਕਾਰੀ ਵਿਚੋਂ ਦੀ ਹੁੰਦਾ ਹੋਇਆ ਨ੍ਰਿਤਕਾਰੀ ਤਕ ਪਹੁੰਚਦਾ ਹੈ ਦੂਜਾ ਪੱਖ ਪਰਵਾਸੀ ਜੀਵਨ, ਸਾਹਿਤਕਾਰੀ ਤੋਂ ਹੁੰਦਾ ਹੋਇਆ ਪਰਵਾਸੀਆਂ ਦੇ ਵਿਹਾਰ ਤੱਕ ਤੱਕ ਫੈਲਿਆ ਹੋਇਆ ਹੈ ਇਸ ਵਾਰਤਕ ਦੀ ਸ਼ੈਲੀ ਤਥ ਮੂਲਕ ਵੇਰਵਿਆਂ ਤੋਂ ਲੈ ਕੇ ਚਿੰਤਨੀ ਸੰਵਾਦ ਤਕ ਫੈਲੀ ਹੋਈ ਹੈ

### ਪਾਠ ਦੀ ਬਣਤਰ

ਇਹ ਪਾਠ ਬਲਵੰਤ ਗਾਰਗੀ ਦੀ ਭਾਸ਼ਾ ਅਤੇ ਸ਼ੈਲੀ ਦੀ ਨਿਸ਼ਾਨਦੇਹੀ ਕਰਨ ਦੇ ਨਾਲ-ਨਾਲ ਪੰਜਾਬੀ ਵਾਰਤਕਕਾਰੀ ਵਿਚ ਉਸ ਦਾ ਸਥਾਨ ਨਿਸਚਤ ਕਰਨ ਵੱਲ ਵੀ ਸੇਧਿਤ ਰਹੇਗਾ ਹੁਸੀਨ ਚਿਹਰੇ ਟੈਕਸਟ ਵਿਚਲੇ ਪਾਠਾਂ ਦਾ ਸੁਭਾਅ ਅਨੁਭਵਮੂਲਕ ਹੈ, ਇਸ ਤਰ੍ਹਾਂ ਇਹ ਰੇਖਾ-ਚਿੱਤਰ ਸਿਮਰਤੀਆਂ ਵਿਚੋਂ ਗਤੀਸ਼ੀਲ ਹੁੰਦੇ ਹਨ ਇਸ ਟੈਕਸਟ ਵਿਚ ਜਿਨ੍ਹਾਂ ਵਿਅਕਤੀਆਂ ਦੇ ਰੇਖਾ-ਚਿੱਤਰ ਹਨ ਉਹ ਵਿਅਕਤੀਗਤ ਰੂਪ ਵਿਚ ਲੇਖਕ ਦੇ ਸੰਪਰਕ ਵਿਚ ਸਨ ਇਸ ਪਾਠ ਵਿਚ ਉਨ੍ਹਾਂ ਤੱਥਮੂਲਕ ਵੇਰਵਿਆਂ ਦੀ ਪਛਾਣ ਸ਼ਾਮਲ ਹੈ, ਜਿਸ ਵਿਚੋਂ ਉਨ੍ਹਾਂ ਲੇਖਕਾਂ, ਪੱਤਰਕਾਰਾਂ, ਕਲਾਕਾਰਾਂ ਅਤੇ ਸਾਧਾਰਨ ਪਾਠਕਾਂ ਦੀ ਸਖ਼ਸ਼ੀਅਤ ਅਤੇ ਵਿਹਾਰ ਆਪਣੀ ਹੋਂਦ ਗ੍ਰਹਿਣ ਕਰਦੇ ਹਨ, ਇਸ ਵਰਤਾਰੇ ਸਮੇਂ ਗਾਰਗੀ ਦੀ ਇਕ ਵਿਸ਼ੇਸ਼ ਸ਼ੈਲੀ ਅਤੇ ਭਾਸ਼ਾ ਉਭਰ ਕੇ ਸਾਹਮਣੇ ਆਉਂਦੀ ਹੈ ਜਿਸ ਕਾਰਨ ਵਾਰਤਕਾਰੀ ਵਿਚ ਗਾਰਗੀ ਦਾ ਵਿਸ਼ੇਸ਼ ਸਥਾਨ ਨਿਸਚਤ ਕੀਤਾ ਜਾ ਸਕਦਾ ਹੈ

### ਗਾਰਗੀ ਦੀ ਸ਼ੈਲੀ ਅਤੇ ਭਾਸ਼ਾ

ਬਲਵੰਤ ਗਾਰਗੀ ਜਿਸ ਸਮੇਂ ਪੰਜਾਬੀ ਵਾਰਤਕ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਉਸ ਸਮੇਂ ਪੰਜਾਬੀ ਵਾਰਤਕ ਆਪਣੇ ਸਿਖਰ ਉੱਤੇ ਸੀ ਪੰਜਾਬੀ ਵਾਰਤਕ ਵਿਚ ਸਫ਼ਰਨਾਮੇ, ਸਵੈ-ਜੀਵਨੀਆਂ, ਸਿਮਰਤੀਆਂ, ਰੇਖਾ-ਚਿੱਤਰ ਅਤੇ ਨਿਬੰਧਕਾਰੀ ਆਪਣੇ ਸਿਖਰ ਉੱਤੇ ਸੀ ਉਹ ਸਮਾਂ ਵਿਚਾਰਧਾਰਕ ਅਤੇ ਸਾਹਿਤਕ ਪ੍ਰਵਿਰਤੀਆਂ ਦਾ ਦੌਰ ਸੀ ਵਿਚਾਰਧਾਰਕ

ਵਿਚਾਰਧਾਰਕ ਤੌਰ ਤੇ ਇਹ ਸਮਾਂ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪਾਸਾਰ ਦਾ ਸਮਾਂ ਸੀ ਗਾਰਗੀ ਆਪਣੀਆਂ ਆਪਣੀਆਂ ਰਚਨਾਵਾਂ ਵਿਚ ਇਸ ਮੁਹਾਵਰੇ ਦੀ ਵਰਤੋਂ ਤਾਂ ਕਰਦਾ ਹੈ ਪ੍ਰਤੀ ਸਾਹਿਤਕਾਰੀ ਨਾਲ ਜੁੜੇ ਤੱਤਾਂ ਨੂੰ ਉਹ ਭਾਰੂ ਰੂਪ ਵਿਚ ਅਗਰਭੂਮੀ ਵਿਚ ਰੱਖਦਾ ਹੈ ਇਸ ਤਰ੍ਹਾਂ ਬਲਵੰਤ ਗਾਰਗੀ ਨੇ ਆਪਣੀ ਇਕ ਵੱਖਰੀ ਸ਼ੈਲੀ ਸਥਾਪਿਤ ਕਰ ਲਈ ਲਈ ਇਸ ਸ਼ੈਲੀ ਵਿਚ ਕਈ ਪਾਸਾਰ ਬਲਵੰਤ ਗਾਰਗੀ ਦੀ ਵੱਖਰਤਾ ਨੂੰ ਸਥਾਪਿਤ ਕਰਦੇ ਹਨ ਇਸ ਵਿਚ ਪ੍ਰਮੁੱਖ ਤੱਤ ਅਨੁਭਵਮੁਖਤਾ ਨਾਲ ਜੁੜਿਆ ਹੋਇਆ ਹੈ ਇਹ ਤੱਤ ਸ਼ੈਲੀ ਤੋਂ ਲੈ ਕੇ ਭਾਸ਼ਾਈ ਪੈਟਰਨ ਤੱਕ ਫੈਲਿਆ ਹੋਇਆ ਹੈ ਅਨੁਭਵਮੂਲਕਤਾ ਰੇਖਾ-ਚਿੱਤਰਾਂ ਦੇ ਖ਼ਮੀਰ ਵਿਚ ਮੌਜੂਦ ਹੁੰਦੀ ਹੈ ਇਸ ਵਿਚ ਪੁਸਤਕ ਦਸ ਪ੍ਰਮੁੱਖ ਵਿਅਤੀਆਂ ਦੇ ਰੇਖਾ-ਚਿੱਤਰ ਦਰਜ ਹਨ ਇਹ ਵਿਅਕਤੀ ਸਾਹਿਤਕਾਰ, ਪੱਤਰਕਾਰ, ਸਰਕਾਰੀ ਅਫ਼ਸਰ ਅਤੇ ਨ੍ਰਿਤਕਾਰ ਸ਼ਾਮਲ ਹਨ ਸਾਹਿਤਕਾਰ ਵੀ ਉਰਦੂ, ਪੰਜਾਬੀ, ਅੰਗਰੇਜ਼ੀ ਦੇ ਸ਼ਾਮਲ ਹਨ ਅਤੇ ਸਖ਼ਸ਼ੀਅਤਾਂ ਦੇ ਖੇਤਰ ਪੱਖੋਂ ਵੀ ਉੱਤਰੀ ਭਾਰਤ ਤੋਂ ਦੱਖਣ ਤਕ ਫੈਲੇ ਹੋਏ ਹਨ ਅਨੁਭਵਪੁਖਤਾ ਵਿਚੋਂ ਹੀ ਇਹ ਰੇਖਾ ਚਿੱਤਰ ਆਪਣੀ ਸਿਰਜਣਾਤਮਕਤਾ ਗ੍ਰਹਿਣ ਕਰਦੇ ਹਨ ਅਸੀਂ ਇਸ ਅਨੁਭਵਮੁਖਤਾ ਨੂੰ ਵਿਅਕਤੀ ਚਿੱਤਰਾਂ ਤੋਂ ਲੈ ਕੇ ਪਰਵਾਸੀਆਂ ਨਾਲ ਜੁੜੇ ਅਨੁਭਵਾਂ ਨੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ ਇਸ ਮੁਲੰਕਣ ਦਾ ਅਧਾਰ 'ਹੁਸੀਨ ਚਿਹਰੇ' ਦੀ ਟੈਕਸਟ ਵਿਚੋਂ ਉਭਰਦੀਆਂ ਸਖਸ਼ੀਅਤਾਂ ਹਨ

ਅਨੁਭਵਮੁਖਤਾ ਦਾ ਤੱਤ ਰੇਖਾ ਚਿੱਤਰ ਵਿਚ ਇਸ ਕਰਕੇ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਲੇਖਕ ਨੇ ਪਾਠਕ ਵਿਚ ਇਕ ਭਰੋਸਾ ਪੈਦਾ ਕਰਨਾ ਹੁੰਦਾ ਹੈ ਇਹ ਭਰੋਸਾ ਸਵੈਮੂਲਕ ਬਿਰਤਾਂਤ ਵਿਧੀ ਅਤੇ ਚਿੱਤਰਤ ਸਖਸ਼ੀਅਤ ਨਾਲ ਲੇਖਕ ਦੇ ਮੇਲ ਮਿਲਾਪ 'ਚੋਂ ਪੈਦਾ ਹੁੰਦਾ ਹੈ ਇਸ ਮੇਲ ਮਿਲਾਪ ਦੇ ਪ੍ਰਮੁੱਖ ਕਾਰਨਾਂ ਵਿਚ ਇਕ ਚਿਤਰਤ ਲੇਖਕ ਦੀ ਪ੍ਰਸਿੱਧੀ ਨਾਲ ਜੁੜਿਆ ਹੁੰਦਾ ਹੈ ਗਾਰਗੀ ਇਸੇ ਵਿਧੀ ਵਿਚੋਂ ਮੰਟੋ ਦਾ ਰੇਖਾ-ਚਿੱਤਰ ਸਿਰਜਦਾ ਹੈ ਮੰਟੋ ਉਰਦੂ ਸਾਹਿਤ ਦਾ ਥੋੜ੍ਹੀ ਉਮਰ ਵਿਚ ਸਥਾਪਿਤ ਹੋਇਆ ਲੇਖਕ ਸੀ ਬਕੌਲ ਗਾਰਗੀ 1944 ਵਿਚ ਮੰਟੋ ਬੂ ਕਹਾਣੀ ਰਾਹੀਂ ਉਰਦੂ ਦੇ ਪਾਠਕਾਂ ਵਿਚ ਮਕਬੂਲੀਅਤ ਪ੍ਰਾਪਤ ਕਰ ਚੁੱਕਿਆ ਸੀ ਉਰਦੂ ਦੇ ਹਲਕਿਆਂ ਵਿਚ ਉਸ ਦੀਆਂ ਰਚਨਾਵਾਂ ਦੀ ਪਾਠਕ ਉਡੀਕ ਕਰਦੇ ਸਨ ਸਨ ਉਹ ਦਿੱਤੇ ਮਜ਼ਮੂਨ ਉੱਤੇ ਲਿਖਤ ਦੀ ਸਮਰੱਥਾ ਅਤੇ ਮੁਹਾਰਤ ਰੱਖਦਾ ਸੀ ਮੰਟੋ ਨੇ ਉਰਦੂ ਸਾਹਿਤ ਨੂੰ ਹੀ ਨਹੀਂ ਸਗੋਂ ਸਗੋਂ ਭਾਰਤੀ ਕਹਾਣੀ ਨੂੰ ਵੀ ਨਵੀਂ ਦਸ਼ਾ ਅਤੇ ਦਿਸ਼ਾ ਦਿੱਤੀ ਮੰਟੋ ਦਾ ਚਰਿੱਤਰ ਉਭਾਰਦੇ ਹੋਏ ਗਾਰਗੀ ਬਹੁਤੇ ਹਵਾਲੇ ਆਪਣੀਆਂ ਅਤੇ ਮੰਟੋ ਦੀਆਂ ਮੁਲਾਕਾਤਾਂ ਵਿਚੋਂ ਦਿੰਦਾ ਹੈ ਮੰਟੋ ਪਾਕਿਸਤਾਨ ਜਾਣ ਦਾ ਫੈਸਲਾ ਕਰਦਾ ਹੈ ਇਸ ਫੈਸਲੇ ਪਿਛੇ ਪਿਛੇ ਮੰਟੋ ਦਾ ਕੋਈ ਧਾਰਮਿਕ ਅਕੀਦਾ ਨਹੀਂ ਸਗੋਂ ਇਕ ਸੋਚ ਹੈ ਇਸ ਸੋਚ ਨੂੰ ਗਾਰਗੀ ਆਪਣੀ ਅਨੁਭਵੀ ਸ਼ੈਲੀ ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ:

"ਉਸਨੇ ਇਕ ਗਲਾਸ ਹੋਰ ਭਰਿਆ ਤੇ ਉਸ ਦੀਆਂ ਅੱਖਾਂ ਅਤੇ ਜ਼ਿਹਨ ਹੋਰ ਤੇਜ਼ ਹੋ ਗਏ

ਉਹ ਬੋਲਿਆ, "ਮੇਰੇ ਦੋਸਤ ਪੁੱਛਦੇ ਨੇ ਕਿ ਮੈਂ ਪਾਕਿਸਤਾਨ ਕਿਉਂ ਜਾ ਰਿਹਾ ਹਾਂ?... ਕੀ ਮੈਂ ਡਰਪੋਕ ਹਾਂ? ਪਾਕਿਸਤਨੀ ਹਾਂ? ਮੁਸਲਮਨ ਹਾਂ? ਲੇਕਿਨ ਉਹ ਮੇਰੇ ਦਿਲ ਦੀ ਗੱਲ ਨਹੀਂ ਸਮਝ ਸਕਦੇ ਮੈਂ ਪਾਕਿਸਤਾਨ ਜਾ ਰਿਹਾ ਤਾਂ ਕਿ ਉਥੇ ਇਕ ਮੰਟੋ ਹੋਵੇ ਜੋ ਉਥੋਂ ਦੀਆਂ ਸਿਆਸੀ ਹਰਾਮਜਦਗੀਆਂ ਦਾ ਪਰਦਾਫ਼ਾਸ ਕਰ ਸਕੇ ਹਿੰਦੁਸਤਾਨ ਵਿਚ ਉਰਦੂ ਦਾ ਭਵਿੱਖ ਮਾੜਾ ਹੈ ਹੁਣੇ ਤੋਂ ਹਿੰਦੀ ਛਾ ਰਹੀ ਹੈ... ਮੈਂ ਲਿਖਣਾ ਚਾਹੁੰਦਾ ਹਾਂ ਤੇ ਉਰਦੂ ਵਿਚ ਹੀ ਲਿਖਣਾ ਚਾਹੁੰਦਾ ਹਾਂ ਤੇ ਉਰਦੂ ਵਿਚ ਹੀ ਲਿਖ ਸਕਦਾ ਹਾਂ ਛਪਣਾ ਚਾਹੁੰਦਾ ਹਾਂ ਤਾਂ ਕਿ ਹਜ਼ਾਰਾਂ ਤਕ ਪਹੁੰਚ ਸਕਾਂ... ਜੁਬਾਨ ਦੀ ਆਪਣੀ ਮੰਤਕ ਹੁੰਦੀ ਹੈ... ਕਈ ਵਾਰੀ ਜੁਬਾਨ ਖਿਆਲਾਤ ਵੀ ਦੇਂਦੀ ਹੈ... ਜਿਸਦਾ ਤੁੱਲਕ ਲਹੂ ਨਾਲ ਹੈ... ਇਕ ਮੰਟੋ ਬੰਬਈ ਵਿਚ ਰਿਹਾ...ਦੂਸਰਾ ਲਾਹੌਰ ਵਿਚ ਹੋਵੇਗਾ

ਰਾਤ ਨੂੰ ਦੇਰ ਤੀਕ ਉਹ ਗੱਲਾਂ ਕਰਦਾ ਰਿਹਾ
ਮੈਂ ਉਸੇ ਕਮਰੇ ਵਿਚ ਸੁੱਤਾ
ਦੂਜੇ ਦਿਨ ਮੈਂ ਮੰਟੋ ਕੋਲ ਰਿਹਾ
ਇਕ ਹਫ਼ਤੇ ਪਿਛੋਂ ਮੈਂ ਦਿੱਲੀ ਆ ਗਿਆ

ਫਿਰ ਪਤਾ ਚਲਿਆ ਕਿ ਮੰਟੋ ਲਾਹੌਰ ਚਲਾ ਗਿਆ" (ਹੁਸੀਨ ਚਿਹਰੇ) ਪੰਨਾ 30

ਇਸੇ ਪ੍ਰਕਾਰ ਗਾਰਗੀ ਖੁਸ਼ਵੰਤ ਸਿੰਘ ਬਾਰੇ ਲਿਖਦਾ ਹੋਇਆ ਆਪਣੇ ਅਨੁਭਵ ਵਿਚੋਂ ਖੁਸ਼ਵੰਤ ਸਿੰਘ ਨੇ ਮਾਂ-ਬੋਲੀ ਬਾਰੇ ਵਿਚਾਰ ਪ੍ਰਗਟ ਕਰਦਾ ਹੈ ਖੁਸ਼ਵੰਤ ਸਿੰਘ ਦੇ ਵਿਚਾਰਾਂ ਦੀ ਭਾਵਕਮੁਕਤਾ ਨੂੰ ਗਾਰਗੀ ਆਪਣੇ ਅਨੁਭਵਮੁਖੀ ਵਰਤਾਰੇ ਵਰਤਾਰੇ ਵਿਚੋਂ ਉਭਾਰਦਾ ਹੈ ਅਜਿਹੇ ਹਵਾਲੇ ਉਹ ਐਮ.ਐਸ. ਰੰਧਾਵੇ ਬਾਰੇ ਦਿੰਦਾ ਹੈ ਕਿ ਰੰਧਾਵਾ ਅਜੋਕੇ ਪੰਜਾਬ ਦਾ ਨਿਰਮਾਤਾ ਅਤੇ ਤੁਰੰਤ ਫੈਸਲੇ ਲੈਣ ਵਾਲਾ ਅਫ਼ਸਰ ਹੈ ਗਾਰਗੀ ਦੀ ਇਹ ਸ਼ੈਲੀ ਸ਼ਿਵ ਕੁਮਾਰ ਬਟਾਲਵੀ ਬਾਰੇ ਲਿਖਦੇ ਹੋਏ ਹੋਏ ਬਹੁਤ ਸ਼ਿੱਦਤੀ ਰੂਪ ਵਿਚ ਉਭਰਦੀ ਹੈ ਸ਼ਿਵ ਨਾਲ ਉਸਦੀ ਸਾਂਝ ਬਹੁਤ ਗੂੜ੍ਹੀ ਸੀ ਅਜਿਹੇ ਲਈ ਹਵਾਲੇ ਸ਼ਿਵ ਨਾਲ ਸਬੰਧਿਤ ਰੇਖਾ-ਚਿੱਤਰ ਦੇ ਆਰ-ਪਾਰ ਫੈਲੇ ਹੋਏ ਹਨ

"ਸ਼ਿਵ ਉੱਠਿਆ ਤਾਂ ਸਾਰੇ ਹਾਲ ਵਿਚ ਲੂਹਰੀ ਦੌੜ ਗਈ

ਉਸਨੇ ਨਜ਼ਮ ਪੜ੍ਹੀ: ਸਫਰ

ਅੱਖਾਂ ਬੰਦ ਕਰਕੇ ਤੇ ਬਾਂਹ ਉਲਾਰ ਕੇ ਉਹ ਮਾਇਕਰੋਫੋਨ ਸਾਹਮਣੇ ਗੁਣਗੁਣਾਇਆ ਨਸ਼ੀਲੇ ਧੀਮੇ ਸੁਰ ਲਰਜੇ ਤੇ ਲੋਕਾਂ ਦੇ ਦਿਲਾਂ ਦੀਆਂ ਤਰਬਾਂ ਨੂੰ ਕਿਸੇ ਨੇ ਮਿਜ਼ਰਾਬ ਨਾਲ ਛੇੜਿਆ

ਯਕਦਮ ਉਸ ਦੀ ਆਵਾਜ਼ ਦੀਪ ਦੇ ਸੁਰਾਂ ਉਤੇ ਗੂੰਜੀ ਉਹ ਨਾਨਕ ਨੂੰ ਵੰਗਾਰ ਰਿਹਾ ਸੀ ਇਕ ਸ਼ਾਇਰ ਦੂਜੇ ਸ਼ਾਇਰ ਸ਼ਾਇਰ ਨੂੰ ਮੁਖਾਤਿਬ ਸੀ ਉਹ ਨਾਨਕ ਨੂੰ ਆਖ ਰਿਹਾ ਸੀ, "ਦੇਖ ਤੇਰੀ ਕੌਮ ਨੇ ਕਿੰਨਾ ਸਫ਼ਰ ਕੀਤਾ ਹੈ ਤੇਰੇ ਤੋਂ ਅੱਗੇ ਇਹ ਇਹ ਅੱਜ ਪਹੁੰਚੀ ਹੈ ਨਾਮ ਤੋਂ ਤਲਵਾਰ ਤੀਕ"

'ਨਾਮ ਤੋਂ ਤਲਵਾਰ ਤੀਕ' ਸ਼ਬਦ ਗੂੰਜੇ ਤਾਂ ਜਵਾਨਾਂ ਦੇ ਸੀਨੇ ਵਿਚ ਸਮੁੱਚੀ ਕੌਮ ਦੇ ਨਿਮਨ-ਚੇਤਨ ਵਿਚਲੀਆਂ ਸਧਰਾਂ ਜਾਗ ਉੱਠੀਆਂ ਸਾਰੇ ਹਾਲ ਵਿਚ ਸ਼ਿਵ ਗੂੰਜ ਰਿਹਾ ਸੀ ਉਸ ਦਾ ਕੱਦ ਬਹੁਤ ਉੱਚਾ ਲੱਗ ਰਿਹਾ ਸੀ ਤੇ ਉਸ ਦੀ ਆਵਾਜ਼ ਵਿਚ ਪੈਗੰਬਰ ਵਾਲਾ ਜਲਾਲ ਸੀ-ਲੋਕਾਂ ਨੂੰ ਹਲੂਨਣ ਦੀ ਸ਼ਕਤੀ, ਉਨ੍ਹਾਂ ਨੂੰ ਗੁਆਉਣਾ ਤੇ ਜਗਾਉਣਾ ਤੇ ਅੱਗੇ ਵਧਣ ਲਈ ਪ੍ਰੇਰਨਾ

ਹਾਲ ਵਿਚ ਸੱਨਾਟਾ ਸੀ ਕਿਸੇ-ਕਿਸੇ ਵੇਲੇ ਹਲਕੀ ਜਿਹੀ 'ਆਹ' ਨਿਕਲਦੀ ਫਿਰ ਟੂਣੇਹਾਰੀ ਮੁਗਧਤਾ" (ਹੁਸੀਨ ਚਿਹਰੇ) ਪੰਨਾ 94

ਇਹ ਅਜਿਹੀ ਬਿਰਤਾਂਤਕ ਵਾਰਤਕ ਜਿਸ ਵਿਚ ਲੇਖਕ ਅਤੇ ਸ਼ਿਵ ਕੁਮਾਰ ਦੇ ਆਪਸੀ ਸਬੰਧਾਂ ਤੇ ਅਧਾਰਿਤ ਅਨੁਭਵ ਵਿਚੋਂ ਸ਼ਿਵ ਕੁਮਾਰ ਬਟਾਲਵੀ ਦਾ ਬਿੰਬ ਉਭਰਦਾ ਹੈ ਗਾਰਗੀ ਆਪਣੀ ਸ਼ੈਲੀਗਤ ਵਿਧਾ ਅਨੁਸਾਰ ਇਸ ਅਨੁਭਵ ਪੰਜਾਬੀ, ਉਰਦੂ, ਅੰਗਰੇਜ਼ੀ ਦੇ ਸਾਹਿਤਕਾਰਾਂ ਤੋਂ ਅੱਗੇ ਵਧ ਕੇ ਨ੍ਰਿਤਕਾਰਾ ਤੱਕ ਫੈਲਾਅ ਦਿੰਦਾ ਹੈ ਨਿਰਤਕਾਰੀ ਦੇ ਕੇਂਦਰ ਵਿਚ ਯਾਮਿਨੀ ਕ੍ਰਿਸ਼ਨਾਮੂਰਤੀ ਹੈ ਗਾਰਗੀ ਉਸ ਦਾ ਬਿੰਬ ਰੇਖਾ-ਚਿੱਤਰ ਵਿਚੋਂ ਉਭਾਰਦੇ ਸਮੇਂ ਆਪਣੀ ਅਨੁਭਵਮੂਲਕਤਾ ਵਾਲੀ ਸ਼ੈਲੀ ਦੀ ਵਰਤੋਂ ਹੀ ਕਰਦਾ ਹੈ ਇਸ ਵਿਚੋਂ ਯਾਮਿਨੀ ਦਾ ਸੁਭਾਅ, ਚਰਿੱਤਰ ਅਤੇ ਵਿਹਾਰ ਉਭਾਰਦਾ ਹੈ

"ਮੈਂ ਯਾਮਿਨੀ ਨਾਲ ਸਾਰੀ ਗੱਲਬਾਤ ਖੋਲ੍ਹ ਕੇ ਚਿੱਠੀਆਂ ਉੱਤੇ ਮੁਹਰ ਲਵਾ ਕੇ ਤੇ ਪੱਕਾ ਕੰਟਰੈਕਟ ਕਰਕੇ ਕੰਮ ਸ਼ੁਰੂ ਕੀਤਾ ਉਸ ਨੇ ਆਖਿਆ, "ਹੁਣ ਜੁਲਾਈ ਵਿਚ ਤਾਂ ਬਹੁਤ ਗਰਮੀ ਹੈ... ਮੈਂ ਸ਼ਾਇਦ ਰੋਮ ਤੇ ਯੁਗੋਸਲਾਵੀਆ ਜਾਵਾਂ... ਉਸ ਪਿਛੋਂ ਦੁਸਹਿਰੀ... ਉਸ ਪਿੱਛੋਂ ਨਵੰਬਰ ਵਿਚ ਫਿਲਮ ਦੀ ਸ਼ੂਟਿੰਗ ਰੱਖ ਲੈ ਮੈਂ ਪੰਦਰਾਂ ਦਿਨ ਇਸ ਫ਼ਿਲਮ ਦੇ ਨਮਿਤ ਲਾ ਦੇਵਾਂਗੀ... ਪਰ ਮੈਨੂੰ ਕੀ ਫਾਇਦਾ? ਮੈਂ ਕਿਤੇ ਪ੍ਰੋਗਰਾਮ ਸਮੇਂ ਕਰ ਸਕਾਂਗੀ ਪੰਦਰਾਂ ਦਿਨ ਕਈ ਹਜ਼ਾਰ ਰੁਪਏ ਦਾ ਨੁਕਸਾਨ ਨੁਕਸਾਨ ਹੋਏਗਾ ਫ਼ਿਲਮ ਡਵੀਜਨ ਮੈਨੂੰ ਕੀ ਦੇਵੇਗਾ?"

ਮੈਂ ਆਖਿਆ ਤੇਰੇ ਉੱਤੇ ਫ਼ਿਲਮ ਬਣ ਰਹੀ ਹੈ ਜੋ ਸਾਰੇ ਦੇਸ਼ ਵਿਚ ਵਿਖਾਈ ਜਾਵੇਗੀ... ਗੌਰਮਿੰਟ ਲੱਖਾਂ ਰੁਪਏ ਖਰਚ ਕੇ ਤੇਰਾ ਇਮੇਜ਼ ਉੱਚਾ ਕਰ ਰਹੀ ਹੈ ਤੇਰੀ ਸੁਹਰਤ"

"ਮੇਰੇ ਕੋਲ ਸੁਹਰਤ ਬਥੇਰੀ ਹੈ ਪੈਸੇ ਦੀ ਲੋੜ ਹੈ ਮੈਨੂੰ" (ਹੁਸੀਨ ਚਿਹਰੇ) ਪੰਨਾ 123

ਗਾਰਗੀ ਦੀ ਸ਼ੈਲੀ ਦਾ ਤੱਤ ਵਿਅਕਤੀ ਚਿੱਤਰਾਂ ਤੋਂ ਫੈਲ ਕੇ ਪੰਜਾਬੀ ਸਾਹਿਤ ਨੇ ਪਰਵਾਸੀ ਵਰਤਾਰੇ ਤਕ ਫੈਲ ਜਾਂਦਾ ਹੈ ਇਥੇ ਉਹ ਵਿਅਕਤੀਆਂ ਰਾਹੀਂ ਸਮੁੱਚੇ ਵਰਤਾਰੇ ਨੂੰ ਆਪਣੇ ਕਲੇਵਰ ਵਿਚ ਸਮੇਟਦਾ ਹੈ ਇਹ ਵਰਤਾਰਾ ਪਰਵਾਸੀ ਸਾਹਿਤਕਾਰੀ ਰਾਹੀਂ ਸਭਿਆਚਾਰ, ਭਾਸ਼ਾ ਅਤੇ ਪਰਵਾਸੀ ਚੇਤਨਾ ਦੀਆਂ ਕਈ ਪਰਤਾਂ ਅਤੇ ਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਸਮੇਟਦਾ ਹੈ ਉਸ ਦਾ ਇਹ ਪਾਸਾਰ ਇੰਗਲੈਂਡ, ਅਮਰੀਕਾ ਤੋਂ ਕਨੇਡਾ ਤਕ ਫੈਲਿਆ ਹੋਇਆ ਹੈ ਇਹ ਇਲਾਕੇ ਪਰਵਾਸੀ ਪੰਜਾਬੀਆਂ ਦੇ ਵੱਡੇ ਕੇਂਦਰ ਹਨ ਇਥੇ ਆਮ ਪੰਜਾਬੀ ਤੋਂ ਲੈ ਕੇ ਪਾਠਕ ਅਤੇ ਲੇਖਕ ਫੈਲੇ ਹੋਏ ਹਨ ਗਾਰਗੀ ਦਾ ਅਨੁਭਵੀ ਘੇਰਾ ਉਥੋਂ ਦੇ ਮੂਲ ਕਲਾਕਾਰ ਵਾਸੀਆਂ, ਕਲਾਕਾਰਾਂ ਤੋਂ ਲੈ ਕੇ ਪਰਵਾਸੀ ਪੰਜਾਬੀਆਂ ਤਕ ਫੈਲਿਆ ਹੋਇਆ ਹੈ ਗਾਰਗੀ ਇਨ੍ਹਾਂ ਸ਼ਹਿਰਾਂ ਨਾਲ ਜੁੜੀਆਂ ਕੁਝ ਮਹਿਫ਼ਲਾਂ, ਵਿਅਕਤੀਗਤ ਮਿੱਤਰਾਂ ਅਤੇ ਅਮਰੀਕਾ ਦੇ ਸਥਾਨਕ ਕਲਾਕਾਰਾਂ ਤਕ ਫੈਲਿਆ ਹੋਇਆ ਹੈ ਇਹ ਸਾਰੀਆਂ ਮਹਿਫਲਾਂ ਵਿਚ ਗਾਰਗੀ ਆਪ ਸ਼ਾਮਲ ਹੈ ਉਹ ਉਨ੍ਹਾਂ ਸਾਰੀਆਂ ਬਹਿਸਾਂ ਦਾ ਚਸ਼ਮਦੀਦ ਗਵਾਹ ਹੈ ਜਿਹੜੀਆਂ ਪਰਵਾਸ ਵਿਚਲੇ ਹੇਰਵੇ, ਭਾਸ਼ਾ, ਸਭਿਆਚਾਰ ਅਤੇ ਸਾਹਿਤ ਵਿਚਲੀਆਂ ਫਿਕਰਮੰਦੀਆਂ ਨਾਲ ਸਬੰਧਿਤ ਹਨ ਪਰਵਾਸ ਵਿਚ ਰਹਿ ਰਹੇ ਬਹੁਤੇ ਪੰਜਾਬੀਆਂ ਦਾ ਜਾਤੀ ਅਤੇ ਜਮਾਤੀ ਖ਼ਾਸਾ ਇਕੋ ਜਿਹਾ ਹੈ ਉਹ ਯੋਰਪ ਜਾਂ ਉੱਤਰੀ ਅਮਰੀਕਾ ਦੇ ਕਿਸੇ ਵੀ ਸ਼ਹਿਰ ਵਿਚ ਰਹਿ ਰਿਹਾ ਹੋਵੇ ਵਲਾਇਤ ਵਿਚ ਰਹਿਣ ਵਾਲੇ ਲੇਖਕਾਂ ਨਾਲ ਬਿਤਾਈ ਇਕ ਸ਼ਾਮ ਦਾ ਜ਼ਿਕਰ ਕਰਦੇ ਹੋਏ ਉਹ ਆਪਣਾ ਅਨੁਭਵ ਸਾਂਝਾ ਕਰਦਾ ਹੋਇਆ ਲਿਖਦਾ ਹੈ:

"ਗੱਲਾਂ ਫਿਰ ਸਾਹਿਤ ਬਾਰੇ ਹੋਣ ਲੱਗੀਆਂ ਸਾਹਿਤ ਨਾਲੋਂ ਵਧ ਸਾਹਿਤਕਾਰਾਂ ਬਾਰੇ ਇਸ ਮਹਿਫ਼ਲ ਦੇ ਕੁਝ ਲੇਖਕਾਂ ਨੂੰ ਸ਼ਿਕਾਇਤ ਸੀ ਕਿ ਅੰਮ੍ਰਿਤਾ ਪ੍ਰੀਤਮ ਲੰਡਨ ਆਈ ਤੇ ਉਹ ਪੰਜਾਬੀ ਲੇਖਕਾਂ ਤੋਂ ਦੂਰ ਹੀ ਰਹੀ ਸ਼ਿਵਚਰਨ ਬੋਲਿਆ, "ਅਸੀਂ ਉਸ ਨੂੰ ਮਾਣ ਦੇਣਾ ਚਾਹੁੰਦੇ ਸਾਂ- ਇਸ ਨਾਲ ਸਾਡਾ ਵੀ ਮਾਣ ਵਧਦਾ ਉਹ ਇਸ ਦੌਰ ਦੀ ਵੱਡੀ ਸਖਸ਼ੀਅਤ ਹੈ ਉਸ ਉਸ ਨੂੰ ਇੰਨਾ ਗਰੂਰ ਨਹੀਂ ਕਰਨਾ ਚਾਹੀਦਾ" (ਹੁਸੀਨ ਚਿਹਰੇ) ਪੰਨਾ 135

"ਮੈਨੂੰ ਲੋਕਾਂ ਨਾਲ ਇੰਟਰੋਡਿਊਸ ਕਰਵਾਉਣ ਵਾਲੀ ਰਾਣੀ ਨਗਿੰਦਰ ਸੀ ਪੰਜਾਬੀ ਕਵਿਤਾ ਲਿਖਦੀ ਹੈ ਤੇ ਆਖਦੀ ਹੈ ਮੈਂ ਉਸ ਸ਼ਹਿਰ ਜੰਮੀ ਸਾਂ ਜਿਥੇ ਕੇ.ਐਲ. ਸਹਿਗਲ ਜੰਮਿਆ ਸੀ: ਜੰਮੂ ਸੁਭਾ ਵਿਚ ਪੰਜਾਬੀ ਰਸ ਉਸਦੇ ਮਿਜ਼ਾਜ਼ ਵਿਚ ਵਿਚ ਉਰਦੂ ਦਾ ਰੰਗ ਹੈ ਕਵਿਤਾ ਵਿਚ ਨਵੇਂ ਬਿੰਬ ਅਤੇ ਸੱਜਰੇ ਪਰਛਾਵੇਂ... ਇਸ ਮਹਿਫ਼ਲ ਵਿਚ ਨਜ਼ਮਾਂ ਤੇ ਗੀਤ ਪੜ੍ਹੇ ਗਏ ਮੈਂ 'ਕੜਾਕਾ ਸਿੰਘ' ਕਹਾਣੀ ਪੜ੍ਹ ਕੇ ਸੁਣਾਈ ਮਾਹੌਲ ਵਿਚ ਰੌਸ਼ਨੀ ਅਤੇ ਰੰਗ ਸੀ

ਸਾਡੀ ਮੀਜ਼ਬਾਨ ਭਾਵੇਂ ਵੈਸ਼ਨੂੰ ਸੀ ਪਰ ਉਹ ਸਭ ਨੂੰ ਸਕਾਚ ਤੇ ਵਾਈਨ ਵਰਤਾ ਰਹੀ ਸੀ ਮਹਿਫ਼ਲ ਦੀ ਰੰਗੀਨੀ ਤੇ ਤੇ ਅਦਬ ਦੇਖ ਕੇ ਲਾਹੌਰ ਦੀਆਂ ਮਹਿਫ਼ਲਾਂ ਯਾਦ ਆ ਗਈਆਂ" (ਹੁਸੀਨ ਚਿਹਰੇ) ਪੰਨਾ 146

ਬਲਵੰਤ ਗਾਰਗੀ ਦੀ ਅਨੁਭਵਮੁਖੀ ਸ਼ੈਲੀ ਦਾ ਫੋਕਸ ਪੰਜਾਬੀ ਸਮਾਜ ਤੋਂ ਹਟ ਕੇ ਅਮਰੀਕੀ ਸਮਾਜ ਉਤੇ ਹੋ ਜਾਂਦਾ ਹੈ ਉਹ ਆਪਣੀ ਲਹਿਰ ਸਮੇਂ ਅਮਰੀਕੀ ਐਕਟਰਸ ਜੈਟੀ ਦੇ ਫਲੈਟ ਵਿਚ ਰਹਿੰਦਾ ਹੈ ਉਹ ਐਕਟਰੈਸ ਇਕ ਪਛੜੇ ਇਲਾਕੇ ਵਿਚ ਰਹਿੰਦੀ ਹੈ ਉਹ ਇਲਾਕਾ ਮੱਛੀ ਦੀ ਵਿਕਰੀ ਦਾ ਵੱਡਾ ਸੈਂਟਰ ਅਮਰੀਕਾ ਦਾ ਮਾਫੀਆ ਚਲਾਉਂਦਾ ਹੈ ਗਾਰਗੀ ਗਾਰਗੀ ਇਸ ਸਥਿਤੀ ਦੇ ਦੋ ਰੂਪ ਸਾਡੇ ਸਾਹਮਣੇ ਉਭਾਰਦਾ ਹੈ ਇਕ ਰੂਪ ਬਾਹਰੀ ਦਿੱਖ ਅਤੇ ਆਮ ਲੋਕਾਂ ਦੀ ਪ੍ਰਤੱਖਣੀ ਸੋਚ ਨਾਲ ਜੁੜਿਆ ਹੋਇਆ ਹੈ ਅਤੇ ਦੂਜੀ ਉਸ ਦੀ ਅਸਲ ਤਸਵੀਰ ਹੈ ਜੈਟੀ ਉਸ ਇਲਾਕੇ ਨੂੰ ਸਭ ਤੋਂ ਸੁਰੱਖਿਅਤ ਮੰਨਦੀ ਹੈ ਕਿਉਂਕਿ ਮਾਫੀਆ ਆਪਣੇ ਇਲਾਕੇ ਵਿਚ ਵਾਰਦਾਤ ਨਹੀਂ ਕਰਦਾ ਅਤੇ ਉਨ੍ਹਾਂ ਹੀ ਆਪਣੀ ਨੈਤਿਕਤਾ ਹੁੰਦੀ ਹੈ ਗਾਰਗੀ ਦੋਵੇਂ ਰੂਪ ਉਭਾਰਦਾ ਹੈ ਇਕ ਪਾਸੇ ਦਾ ਸ਼ੈਲੀਗਤ ਰੂਪ ਜਾਣਕਾਰੀ ਭਰਪੂਰ ਅਤੇ ਜੈਟੀ ਦੀ ਸੂਚਨਾ ਤੇ ਅਧਾਰਿਤ ਹੈ ਅਤੇ ਦਹਿਸ਼ਤ ਦੀ ਸਥਿਤੀ ਪ੍ਰਤੱਖਣੀ ਸੋਚ ਦੇ ਅਨੁਭਵ ਉਤੇ ਅਧਾਰਿਤ ਹੈ ਗਾਰਗੀ ਇਸ ਸਥਿਤੀ ਨੂੰ ਬਿਰਤਾਂਤਕੀ ਘਟਨਾਕ੍ਰਮ ਦਾ ਹਿੱਸਾ ਬਣਾ ਕੇ ਪੇਸ਼ ਕਰਦਾ ਹੈ

"ਇਕ ਹਬਸ਼ੀ ਨੇ ਮੇਰੇ ਗਲ ਤੋਂ ਬਾਂਹ ਵਲਾਈ ਤੇ ਝੂਮਦੇ ਹੋਏ ਮੈਨੂੰ ਨਾਲ ਖਿੱਚਿਆ ਫਿਰ ਉੱਚੀ ਦੇਣੇ ਕੁਝ ਬੋਲਿਆ ਮੈਂ ਮੈਂ ਲੜਖੜਾ ਕੇ ਦੋ ਚਾਰ ਕਦਮ ਤੁਰਿਆ ਗਿਆ ਫਿਰ ਉਹ ਮੈਨੂੰ ਛੱਡ ਕੇ ਝੂਮਦੇ ਹੋਏ ਅੱਗੇ ਨਿਕਲ ਗਏ ਦੋਹਾਂ ਨੇ ਸ਼ਰਾਬ ਪੀਤੀ ਹੋਈ ਸੀ

ਮੈਂ ਮੌਤ ਤੋਂ ਡਰ ਕੇ ਆਪਣੇ ਘਰ ਦੇ ਫਾਟਕ ਨੂੰ ਖੋਲ੍ਹਿਆ ਪੌੜੀਆਂ ਹਨੇਰੀਆਂ ਤੇ ਖੌਫਨਾਕ ਸਨ ਸਾਹ ਰੋਕੀ ਪੋਲੇ ਪੈਰ ਪੈਰ ਧਰਦਾ ਤੀਜੀ ਮੰਜ਼ਲ 'ਤੇ ਪਹੁੰਚਿਆ ਕੁੰਜੀ ਲਾ ਕੇ ਦਰਵਾਜ਼ਾ ਖੋਲ੍ਹਣ ਦਾ ਯਤਨ ਕੀਤਾ ਪਰ ਦਰਵਾਜ਼ਾ ਨਹੀਂ ਸੀ ਖੁੱਲ੍ਹ ਰਿਹਾ ਦੋਹਰੀ ਕੁੰਜੀ ਨੂੰ ਚਾਰ ਪੰਜ ਵਾਰ ਬਦਲ ਕੇ ਲਾਇਆ ਪਰ ਦਰਵਾਜ਼ਾ ਨਹੀਂ ਸੀ ਖੁੱਲ੍ਹਦਾ ਮੱਥੇ 'ਤੇ ਪਸੀਨਾ ਆ ਗਿਆ ਗਿਆ ਪੌੜੀਆਂ ਦੇ ਫਿੱਕੇ ਚਾਨਣ ਵਿਚ ਮੈਨੂੰ ਅਲੀ ਬਾਬਾ ਯਾਦ ਆ ਗਿਆ ਮੈਂ ਕਿਸੇ ਹਨੇਰੇ ਗਾਰ ਵਿਚ ਖੜ੍ਹਾ ਸੀ ਕੈਦ

ਲੰਮਾ ਸਾਹ ਲਿਆ ਗਾਇਤਰੀ ਦਾ ਭੁਲਾ ਹੋਇਆ ਮੰਤਰ ਤੇ ਜਪੁਜੀ ਸਾਹਿਬ ਦੀਆਂ ਪੌੜੀਆਂ ਯਾਦ ਆ ਗਈਆਂ

ਫਿਰ ਠਰੰਮੇ ਨਾਲ ਬਹੁਤ ਸੋਚ ਸੋਚ ਕੇ ਹੌਲੀ-ਹੌਲੀ ਚਾਬੀਆਂ ਲਾਈਆਂ ਦਰਵਾਜ਼ੇ ਨੂੰ ਖਿੱਚਿਆ ਤਾਂ ਉਹ ਖੁੱਲ੍ਹ ਗਿਆ ਗਿਆ ਅੰਦਰ ਉਹੀ ਲੰਮੇ ਸ਼ਤੀਰ ਵਾਲਾ ਦਾਲਾਨ ਨੀਵੀਂ ਛੱਤ ਤੇ ਡਰਾਉਣਾ ਮਾਹੌਲ

ਬੈੱਡ ਰੂਮ ਵਿਚ ਰੌਸ਼ਨੀ ਜਲਾ ਕੇ ਸੁੱਤਾ ਰਾਤ ਨੂੰ ਕਈ ਵਾਰ ਅੱਖ ਖੁੱਲ੍ਹ ਜਾਂਦੀ ਇਸ ਥਾਂ ਮੈਨੂੰ ਕੋਈ ਵੀ ਕਤਲ ਕਰ ਸਕਦਾ ਸੀ ਅਜਿਹੇ ਉਜਾੜ ਤੇ ਭਿਆਨਕ ਮਾਹੌਲ ਵਿਚ ਜੈਟੀ ਕਿਵੇਂ ਰਹਿੰਦੀ ਸੀ" (ਹੁਸੀਨ ਚਿਹਰੇ) ਪੰਨਾ 143

ਗਾਰਗੀ ਇਸ ਟੈਕਸਟ ਵਿਚ ਪ੍ਰਮੁੱਖ ਰੂਪ ਵਿਚ ਰੇਖਾ ਚਿੱਤਰਾਂ ਨੂੰ ਵਾਰਤਕ ਦੀ ਵਿਧਾ ਵਿਚ ਢਾਲਦਾ ਹੈ ਰੇਖਾ-ਚਿੱਤਰ ਦੇ ਕੇਂਦਰ ਵਿਚ ਵਿਅਕਤੀ ਹੁੰਦਾ ਹੈ ਇਹ ਵਿਅਕਤੀ ਵੀ ਉਹ ਹੁੰਦਾ ਹੈ ਜਿਹੜਾ ਆਮ ਭੀੜ ਤੋਂ ਹਟ ਕੇ ਆਪਣੀਆਂ ਪ੍ਰਾਪਤੀਆਂ ਰਾਹੀਂ ਸਮਾਜ ਵਿਚ ਇਕ ਵੱਖਰਾ ਸਥਾਨ ਨਿਸਚਤ ਕਰਦਾ ਹੈ ਅਜਿਹੇ ਵਿਅਕਤੀ ਅਤੇ ਉਸਦੀ ਸਿਰਜਣਕਾਰੀ ਸਿਰਜਣਕਾਰੀ ਦੇ ਪ੍ਰੇਰਣਾ ਅਤੇ ਉਸ ਵਰਤਾਰੇ ਬਾਰੇ ਜਾਨਣ ਦੀ ਇਸ ਹਰ ਵਿਅਕਤੀ ਵਿਚ ਖ਼ਾਹਿਸ ਹੁੰਦੀ ਹੈ ਇਨ੍ਹਾਂ ਬਾਰੇ ਜਦੋਂ ਕੋਈ ਹੋਰ ਵਿਅਕਤੀ ਜਾਣਕਾਰੀ ਦਿੰਦਾ ਹੈ ਤਾਂ ਅਜਿਹੀਆਂ ਲਿਖਤਾਂ ਜਦੋਂ ਵਾਰਤਕ ਸ਼ੈਲੀ ਵਿਚ ਸਾਹਮਣੇ ਆਉਂਦੀਆਂ ਹਨ ਤਾਂ ਅਜਿਹੀ ਵਿਧਾ ਵਿਚ ਰੇਖਾ-ਚਿੱਤਰਾਂ ਦੀ ਆਪਣੀ ਵੱਖਰੀ ਇਕ ਸ਼ੈਲੀ ਹੁੰਦੀ ਹੈ ਗਾਰਗੀ ਰੇਖਾ-ਚਿੱਤਰਾਂ ਵਿਚੋਂ ਅਜਿਹੇ ਅਜਿਹੇ ਵਿਅਕਤੀਆਂ ਦਾ ਇਕ ਬਿੰਬ ਉਸਾਰਦਾ ਹੈ ਜਿਸ ਵਿਚੋਂ ਵਿਅਕਤੀ ਦਾ ਚਿੱਤਰ ਉਭਰਦਾ ਹੈ ਗਾਰਗੀ ਵਿਅਕਤੀਆਂ ਬਾਰੇ ਲਿਖਦਾ ਹੋਇਆ ਕਈ ਵਿਧੀਆਂ ਦੀ ਵਰਤੋਂ ਕਰਦਾ ਹੈ ਇਨ੍ਹਾਂ ਵਿਚ ਇਕ ਸ਼ੈਲੀ ਵਿਅਕਤੀ ਦੇ ਸ਼ਬਦ ਚਿੱਤਰ ਦੀ ਹੈ ਗਾਰਗੀ ਮਹਾਨ ਵਿਅਕਤੀਆਂ ਦੇ ਸਖਸ਼ੀ ਚਿੱਤਰ ਉਲੀਕਦਾ ਹੈ ਇਨ੍ਹਾਂ ਵਿਅਕਤੀਆਂ ਦੇ ਦੋ ਪ੍ਰਕਾਰ ਦੇ ਖਾਕੇ ਗਾਰਗੀ ਉਭਾਰਦਾ ਹੈ ਇਕ ਦਾ ਸਬੰਧ ਉਸ ਸਖ਼ਸ਼ੀਅਤ ਦੀ ਬਾਹਰੀ ਦਿੱਖ ਨਾਲ ਹੈ ਅਤੇ ਦੂਜਾ ਉਸ ਦੇ ਵਿਹਾਰ ਨਾਲ ਗਾਰਗੀ ਪਹਿਲਾਂ ਆਪਣੇ ਰੇਖਾ ਚਿੱਤਰਾਂ ਦੇ ਕੇਂਦਰ ਵਿਚ ਸਾਹਿਤ ਨਾਲ ਜੁੜੀਆਂ ਸਖਸ਼ੀਅਤਾਂ ਨੂੰ ਰੱਖਦਾ ਹੈ ਫਿਰ ਇਸ ਵਿਚ ਪੱਤਰਕਾਰ, ਫਿਰ ਕਲਾਕਾਰ ਅਤੇ ਫਿਰ ਪਰਵਾਸੀ ਆਮ ਪਾਠਕ ਜਾਂ ਪ੍ਰਵਾਸ ਵਿਚ ਰਹਿਣ ਵਾਲੇ ਵਿਅਕਤੀ ਸ਼ਾਮਲ ਹਨ ਲੇਖਕਾਂ ਵਿਚ ਸਹਾਦਤ ਹਸਨ ਮੰਟੋ, ਸਾਹਿਰ ਲੁਧਿਆਣਵੀ, ਰਾਜਿੰਦਰ ਸਿੰਘ ਬੇਦੀ ਉਰਦੂ ਸਾਹਿਤ ਨਾਲ ਸਬੰਧਿਤ, ਦਵਿੰਦਰ ਸਤਿਆਰਥੀ, ਸ਼ਿਵ ਕੁਮਾਰ ਬਟਾਲਵੀ ਪੰਜਾਬੀ ਸਾਹਿਤ, ਖੁਸ਼ਵੰਤ ਸਿੰਘ ਅੰਗਰੇਜ਼ੀ, ਪੱਤਰਕਾਰਾਂ ਵਿਚ ਫਿਕਰ ਤੌਂਸਵੀ, ਗਾਇਕਾਂ ਵਿਚ ਰੇਸ਼ਮਾ ਅਤੇ ਨ੍ਰਿਤਕਾਰਾਂ ਵਿਚ ਯਾਮਿਨੀ ਕ੍ਰਿਸ਼ਨਾ ਮੂਰਤੀ ਸ਼ਾਮਲ ਹਨ ਇਨ੍ਹਾਂ ਤੋਂ ਬਿਨਾਂ ਪਰਵਾਸੀ ਪੰਜਾਬੀ ਲੇਖਕਾਂ ਦੇ ਚਿਹਰੇ ਵੀ ਸਾਹਮਣੇ ਆਉਂਦੇ ਹਨ

ਗਾਰਗੀ ਪੰਜਾਬ ਵਿਚ ਲਿਖਣ ਵਾਲਾ ਅਜਿਹਾ ਵਾਰਤਕਕਾਰ ਸੀ ਜਿਹੜਾ ਉਰਦੂ ਅਦੀਬਾਂ ਨਾਲ ਵੀ ਉਸੇ ਸ਼ਿੱਦਤ ਨਾਲ ਜੁੜਿਆ ਹੋਇਆ ਜਿਸ ਸ਼ਿੱਦਤ ਨਾਲ ਪੰਜਾਬੀ ਸਾਹਿਤਕਾਰਾਂ ਨਾਲ ਇਨ੍ਹਾਂ ਸਾਹਿਤਕਾਰਾਂ ਨਾਲ ਪੰਜਾਬੀ ਪਾਠਕ ਦੀ ਸਾਂਝ ਪੁਆਉਣ ਲਈ ਉਹ ਸਾਹਿਤਕ ਸੂਝ ਵਾਲੀ ਸ਼ੈਲੀ ਦੀ ਵਰਤੋਂ ਕਰਦਾ ਹੈ ਇਸ ਵਿਚੋਂ ਵਿਅਕਤੀ ਅਤੇ ਵਿਹਾਰ ਇਕੋ ਸਮੇਂ ਪ੍ਰਗਟ ਹੁੰਦੇ ਹਨ ਮੰਟੋ ਬਾਰੇ ਜਾਣਕਾਰੀ ਦਿੰਦਾ ਹੋਇਆ ਗਾਰਗੀ ਲਿਖਦਾ ਹੈ:

"ਜ਼ਿਲ੍ਹਾ ਕਚਹਿਰੀ ਵਿਚ ਬਹੁਤ ਸਾਰੇ ਲੇਖਕ ਮੰਟੋ ਦੇ ਹੱਕ ਵਿਚ ਗਵਾਹੀ ਦੇਣ ਲਈ ਗਏ ਸਨ ਮੈਂ ਪਹਿਲੀ ਵਾਰ ਉਸਨੂੰ ਉਥੇ ਹੀ ਵੇਖਿਆ

ਪਤਲਾ ਲੰਮਾ ਜਿਸਮ ਜਿਸ ਵਿਚ ਬੈਂਤ ਵਰਗੀ ਲਚਕ ਸੀ, ਚੌੜਾ ਮੱਥਾ, ਕਸ਼ਮੀਰੀ ਤਿੱਖਾ ਲੱਕ ਤੇ ਤੇਜ਼ ਅੱਖਾਂ ਉੱਤੇ ਚਸ਼ਮਾ ਉਸਨੇ ਸਫੈਦ ਕਮੀਜ਼, ਸ਼ੇਰਵਾਨੀ, ਲੱਠੇ ਦੀ ਸਲਵਾਰ ਤੇ ਜ਼ਰੀ ਦਾ ਜੁੱਤਾ ਪਹਿਨਿਆ ਹੋਇਆ ਸੀ ਸਿਰ ਗਰੂਰ ਨਾਲ ਉੱਚਾ ਉਸਨੇ ਬੇਪ੍ਰਵਾਹੀ ਨਾਲ ਸਾਨੂੰ ਦੇਖਿਆ

ਉਹ ਇਸਮਤ ਚੁਗਤਾਈ ਕੋਲ ਖੜਾ ਸੀ ਤੇ ਅਸੀਂ ਸਾਰੇ ਕਚਹਿਰੀ ਦੀ ਹਾਕ ਦੀ ਇੰਤਜ਼ਾਰ ਵਿਚ ਸਾਂ"

ਪ੍ਰੋ. ਕੱਨਈਆ ਲਾਲ ਕਪੂਰ ਨੇ ਸਾਡੇ ਸਭਨਾ ਦਾ ਤੁਆਰਫ਼ ਕਰਾਇਆ ਪਰ ਮੰਟੋ ਦੇ ਮੂੰਹ ਤੋਂ ਸ਼ੁਕਰੀਆ ਦਾ ਕੋਈ ਰਵਾਇਤੀ ਲਫ਼ਜ਼ ਨਾ ਨਿਕਲਿਆ, ਨਾ ਹੀ ਕਿਸੇ ਪ੍ਰਕਾਰ ਦੀ ਖੁਸ਼ੀ ਦਾ ਇਜ਼ਹਾਰ ਇਤਨੇ ਵਿਚ ਚੌਧਰੀ ਨਜ਼ੀਰ ਜਲਦੀ ਨਾਲ ਆਇਆ, "ਚਲੋ ਆਵਾਜ਼ ਪੈ ਗਈ ਐ" ਇਸੇ ਪ੍ਰਕਾਰ ਖੁਸ਼ਵੰਤ ਸਿੰਘ ਦਾ ਸ਼ਬਦ ਚਿੱਤਰ ਉਲੀਕਦੇ ਹੋਏ ਲਿਖਦਾ ਹੈ:

"ਉਸ ਵਿਚ ਅਮੀਰੀ ਠਾਠ ਦੇ ਨਾਲ ਅਜੀਬ ਫੱਕੜਪਨ ਹੈ, ਇਕ ਸਹਾਨਾ ਮਲੰਗੀ ਉਸਦਾ ਪਿਤਾ ਸਰਦਾਰ ਬਹਾਦਰ ਸੋਭਾ ਸਿੰਘ ਨਵੀਂ ਦਿੱਲੀ ਦੇ ਨਿਰਮਾਣ ਕਰਨ ਵਾਲਿਆਂ ਦਾ ਮੋਹਰੀ ਸੀ ਅੱਧੀ ਦਿੱਲੀ ਦਾ ਮਾਲਕ ਖੁਸ਼ਵੰਤ ਸਿੰਘ ਇਸੇ ਅਮੀਰ ਘਰਾਣੇ ਵਿਚ ਪੈਦਾ ਹੋਇਆ, ਰਾਜਿਆਂ ਤੇ ਨਵਾਬਾਂ ਦੇ ਚੀਫਸ ਕਾਲਜ ਵਿਚ ਪੜ੍ਹਿਆ ਤੇ ਉਸ ਪਿਛੋਂ ਲੰਡਨ ਬਾਰ, ਐਟ-ਲਾ ਕਰਨ ਲਈ ਗਿਆ ਲਾਹੌਰ ਆ ਕੇ ਸ਼ਾਦੀ ਪਿਛੋਂ ਛੋਟੀ-ਮੋਟੀ ਵਕਾਲਤ ਕੀਤੀ ਪਰ ਬਹੁਤ ਕਰਕੇ ਕਲਾਤਮਕ ਅਤੇ ਸਭਿਆਚਾਰਕ ਮਿਲਣੀਆਂ, ਟੈਨਿਸ, ਸੁਕਐਸ ਖੇਡਣ ਤੇ ਸਿਆਸੀ ਤੇ ਸਾਹਿਤਕ ਸਰਗਰਮੀਆਂ ਵਿਚ ਡੁੱਬਾ ਰਹਿੰਦਾ" ਇਹ ਉਹ ਸਾਹਿਤਕ ਸਖਸ਼ੀਅਤ ਹਨ ਜਿਨ੍ਹਾਂ ਬਾਰੇ ਗਾਰਗੀ ਨੇ ਖੁੱਲ੍ਹ ਕੇ ਲਿਖਿਆ ਗਾਰਗੀ ਆਪ ਦੀ ਸਿਰਜਣੀ ਵਰਤਾਰੇ ਨਾਲ ਜੁੜਿਆ ਹੋਇਆ ਸੀ ਪਰੰਤੂ ਗਾਰਗੀ ਦਾ ਘੇਰਾ ਸਾਹਿਤ ਤੋਂ ਹਟ ਕੇ ਸਮੁੱਚੇ ਕਲਾ ਜਗਤ ਤਕ ਫੈਲਿਆ ਹੋਇਆ ਸੀ ਇਸ ਵਿਚ ਗਾਇਕ ਅਤੇ ਨ੍ਰਿਤਕਾਰ ਵੀ ਸ਼ਾਮਲ ਸਨ ਉਸ ਦੇ ਘੇਰਾ ਪੰਜਾਬੀ, ਉਰਦੂ ਤੋਂ ਹੁੰਦਾ ਹੋਇਆ ਹੋਇਆ ਅਰਥਾਤ ਦੱਖਣੀ ਭਾਰਤ ਤੋਂ ਲੈ ਕੇ ਪਾਕਿਸਤਾਨ ਤਕ ਫੈਲਿਆ ਹੋਇਆ ਸੀ ਗਾਇਕਾਂ ਵਿਚ ਪਾਕਿਸਤਾਨੀ ਗਾਇਕਾ ਗਾਇਕਾ ਰੇਸ਼ਮਾ ਸ਼ਾਮਲ ਹੈ ਰੇਸ਼ਮਾ ਦਾ ਜਨਮ ਰਾਜਸਥਾਨ ਦੇ ਫਿਰਤੂ ਕਬੀਲੇ ਵਿਚ ਹੋਇਆ ਗਾਇਕੀ ਉਨ੍ਹਾਂ ਕਬੀਲਿਆਂ ਦੀ ਜੀਵਨ ਜਾਚ ਵਿਚ ਮੌਜੂਦ ਸੀ ਰੇਸ਼ਮਾ ਦਾ ਪਹਿਲਾਂ ਰਿਕਾਰਡ ਗੀਤ 'ਹਾਏ ਓ ਰੱਬਾ, ਨਹੀਂ ਲਗਦਾ ਦਿਲ ਮੇਰਾ' ਲੰਡਨ ਰਾਹੀਂ ਭਾਰਤ ਵਿਚ ਪਹੁੰਚਿਆ ਇਸ ਨਾਲ ਰੇਸ਼ਮਾ ਸਮੁੱਚੇ ਏਸ਼ਿਆਈ ਖਿੱਤੇ ਵਿਚ ਛਾ ਗਈ ਗਾਰਗੀ ਰੇਸ਼ਮਾ ਦੀ ਸਖਸ਼ੀਅਤ ਸਖਸ਼ੀਅਤ ਦੀਆਂ ਫੋਕ ਨਾਲ ਜੁੜੀਆਂ ਸਖਸ਼ੀਅਤਾਂ ਦੇ ਵਿਕਾਸ ਦੀਆਂ ਕਈ ਧਾਰਨਾਵਾਂ ਨੂੰ ਚੁਣੌਤੀ ਦਿੰਦਾ ਹੈ ਅਸਲ ਵਿਚ ਗਾਰਗੀ ਸਿਧੇ ਬਣਾਏ ਰਸਤਿਆਂ ਦੀ ਥਾਂ ਉਹ ਰਾਹਾਂ ਦੀ ਤਲਾਸ਼ ਕਰਦਾ ਹੈ ਜਿਹੜੇ ਰਾਹ ਉਸ ਵਿਅਕਤੀ ਜਾਂ ਕਲਾਕਾਰ ਦੇ ਆਪਣੇ ਬਣਾਏ ਹੋਏ ਹੁੰਦੇ ਹਨ ਰੇਸ਼ਮਾ ਅਜਿਹੀ ਹੀ ਗਾਇਕਾ ਹੈ ਉਹ ਗਾਇਕੀ ਨੂੰ ਰਿਆਜ਼ ਦੀ ਥਾਂ ਰੱਬੀ ਦੇਣ ਮੰਨਦੀ ਹੈ ਹੈ ਗਾਰਗੀ ਉਸਦੀ ਪਛਾਣ ਕਰਾਉਂਦੇ ਹੋਏ ਆਪਣੀ ਪਰਿਚਿਤ ਸ਼ੈਲੀ ਵਿਚ ਲਿਖਦਾ ਹੈ:

"ਮੇਰੇ ਬਾਰੇ ਅਨੀਤਾ ਸਿੰਘ ਨੇ ਪਹਿਲਾਂ ਹੀ ਰੇਸ਼ਮਾ ਨੂੰ ਦੱਸ ਦਿੱਤਾ ਸੀ ਰੇਸ਼ਮਾ ਮੈਨੂੰ ਦੇਖ ਕੇ ਖੜੀ ਹੋ ਗਈ ਤੇ ਉਸ ਨੇ ਆਪਣੇ ਦੋਵੇਂ ਹੱਥ ਅੱਗੇ ਕਰ ਦਿੱਤੇ ਮੈਂ ਉਸ ਦੇ ਹੱਥਾਂ ਨੂੰ ਸਤਿਕਾਰ ਨਾਲ ਫੜਿਆ ਤੇ ਝੁਕ ਕੇ ਆਖਿਆ, "ਬਹੁਤ ਖੁਸ਼ੀ ਹੋਈ ਤੁਹਾਨੂੰ ਮਿਲ ਕੇ"

"ਤਸਰੀਫ ਰੱਖੋ" ਉਹ ਬੋਲੀ

ਉਸਦੇ ਪਹਿਲੇ ਬੋਲ ਹੀ ਗੂੰਜਵੇਂ ਸਨ

ਅਸੀਂ ਗੱਲਾਂ ਕਰਨ ਲੱਗੇ

ਰੇਸ਼ਮਾ ਦਾ ਸਰੀਰ ਭਰਵਾਂ, ਨੈਣ ਨਕਸ਼ ਤਿੱਖੇ, ਅੱਖਾਂ ਕਰੇਜੀ ਜੋ ਰੇਗਿਸਤਾਨ ਵਿਚ ਰਹਿਣ ਵਾਲੇ ਦੀਆਂ ਹੁੰਦੀਆਂ ਹਨ ਉਸ ਦੇ ਬੁੱਲ੍ਹਾਂ ਉੱਤੇ ਟੱਪਰੀਵਾਸਾਂ ਦਾ ਖੁੱਲ੍ਹਾ ਅੰਦਾਜ਼ ਸੀ, ਸੁਭਾਅ ਖੁੱਲ੍ਹਾ ਡੁੱਲ੍ਹਾ ਜਿਸ ਉੱਤੇ ਅਧੁਨਿਕ ਕਲਚਰ ਦਾ ਕੋਈ ਲੇਪ ਨਹੀਂ ਸੀ

ਉਸ ਨੂੰ ਦੇਖ ਕੇ ਤੇ ਮਿਲ ਕੇ ਅਹਿਸਾਸ ਹੋਇਆ ਜਿਵੇਂ ਮੈਂ ਇਸ ਔਰਤ ਨੂੰ ਬਹੁਤ ਵਾਰ ਦੇਖਿਆ ਹੈ ਉਸ ਦੀ ਸੁਹਰਤ ਸੁਹਰਤ ਦਾ ਸ਼ਾਹਾਨਾ ਰੋਹਬ ਫੌਰਨ ਹੀ ਮਿਟ ਗਿਆ ਤੇ ਉਹ ਤਕੜੇ ਜੁੱਸੇ ਵਾਲੀ ਸਿਕਲੀਗਰਨੀ ਜਾਪਣ ਲੱਗੀ" (ਹੁਸੀਨ ਚਿਹਰੇ) ਪੰਨਾ 48

ਗਾਰਗੀ ਗਾਇਕਾ ਤੋਂ ਫੋਕਸ ਨਰਤਕੀ ਉਤੇ ਕਰਦਾ ਹੈ ਗਾਰਗੀ ਸਾਹਿਤਕਾਰੀ ਤੋਂ ਬਿਨਾਂ ਰੰਗ ਮੰਚ ਅਤੇ ਫ਼ਿਲਮਾਂ ਨਾਲ ਜੁੜਿਆ ਹੋਇਆ ਸੀ ਇਸੇ ਕਰਕੇ ਉਸਦੀ ਪਹੁੰਚ ਕਲਾ ਦੇ ਵੱਖ ਵੱਖ ਖੇਤਰਾਂ ਨਾਲ ਜੁੜੀਆਂ ਸਖਸ਼ੀਅਤਾਂ ਤਕ ਸੀ

ਇਨ੍ਹਾਂ ਵਿਚ ਇਕ ਭਾਰਤੀ ਨਾਟਯਮ ਦੀ ਨਰਤਕੀ ਯਾਮਿਨੀ ਕ੍ਰਿਸ਼ਨਾਮੂਰਤੀ ਸੀ ਯਾਮਿਨੀ ਸੰਸਾਰ ਪੱਧਰ ਦੀ ਨਰਤਕੀ ਸੀ ਸੀ ਗਾਰਗੀ ਉਸ ਦੀ ਸਾਂਝ ਪੰਜਾਬੀ ਪਾਠਕ ਨਾਲ ਪੁਆਉਂਦਾ ਹੈ ਉਸ ਦੇ ਰੇਖਾ ਚਿੱਤਰ ਵਿਚੋਂ ਉਸ ਦੇ ਸੁਭਾਅ ਅਤੇ ਵਿਹਾਰ ਵਿਹਾਰ ਦੇ ਨਾਲ-ਨਾਲ ਨਾਟ-ਪਰੰਪਰਾ ਨਾਲ ਜੁੜੀਆਂ ਬਰੀਕੀਆਂ ਵੀ ਇਸ ਵਾਰਤਕ ਵਿਚੋਂ ਉਭਰਦੀਆਂ ਹਨ

"ਯਾਮਿਨੀ 1935 ਵਿਚ ਆਂਧਰਾ ਪ੍ਰਦੇਸ਼ ਦੇ ਰਾਏਸਲਮ ਦੇ ਅੱਥਰੇ ਇਲਾਕੇ ਵਿਚ ਪੈਦਾ ਹੋਈ ਜਿਥੋਂ ਦੀ ਆਬੋ ਹਵਾ ਸੱਜਰੀ ਅਤੇ ਖੁਸ਼ਗਵਾਰ ਹੈ ਉਸ ਦਾ ਪਿਤਾ ਪ੍ਰੋਫੈਸਰ ਕ੍ਰਿਸ਼ਨਾਮੂਰਤੀ ਸੰਸਕ੍ਰਿਤ, ਸੰਗੀਤ, ਨ੍ਰਿਤ-ਫਲਸਫੇ ਤੇ ਸ਼ਾਸਤਰਾਂ ਦਾ ਵਿਦਵਾਨ ਸੀ ਯਾਮਿਨੀ ਪੰਜ ਸਾਲ ਦੀ ਸੀ ਜਦੋਂ ਉਸ ਦਾ ਪਿਤਾ ਤਾਲਮਨਾਡੋ ਚਿੰਦਬਰਮ ਨਗਰੀ ਵਿਚ ਜਾ ਕੇ ਰਹਿਣ ਲੱਗਾ ਤੇ ਨਾਲ ਹੀ ਉਸ ਦਾ ਨਿੱਕਾ ਜਿਹਾ ਟੱਬਰ ਸਾਰੀ ਨਗਰੀ ਉਤੇ ਨਟਰਾਜ ਦਾ ਮਹਾਨ ਤੇ ਪ੍ਰਸਿੱਧ ਮੰਦਰ ਬਣਿਆ ਹੋਇਆ ਹੈ" (ਹੁਸੀਨ ਚਿਹਰੇ) ਪੰਨਾ 125

ਇਸ ਟੈਕਸਟ ਵਿਚ ਗਾਰਗੀ ਪਰਵਾਸੀਆਂ ਦੇ ਜੀਵਨ ਦੀ ਪੇਸ਼ਕਾਰੀ ਕਰਦੇ ਸਮੇਂ ਕਈ ਪਰਵਾਸੀ ਲੇਖਕਾਂ ਦੀ ਰੇਖਾ-ਚਿੱਤਰ ਵਰਗੀ ਸ਼ੈਲੀ ਵਿਚ ਪਾਠਕਾਂ ਨਾਲ ਸਾਂਝ ਪੁਆਉਂਦਾ ਹੈ ਇਸ ਵਿਸ਼ੇ ਨਾਲ ਸਬੰਧਿਤ ਪੰਜ ਲੇਖ ਹਨ ਇਨ੍ਹਾਂ ਵਿਚ ਵਲਾਇਤ, ਕਨੇਡਾ ਅਤੇ ਅਮਰੀਕਾ ਵਿਚ ਰਹਿਣ ਵਾਲੇ ਲੇਖਕਾਂ ਦਾ ਜ਼ਿਕਰ ਹੈ ਇਸ ਵਿਚ ਲੇਖਕਾਂ ਦਾ ਬਹੁਤਾ ਜ਼ਿਕਰ ਮਹਿਫਲਾਂ ਦੇ ਹਵਾਲੇ ਨਾਲ ਆਇਆ ਹੈ ਇਸ ਸੰਵਾਦ ਦੇ ਕੇਂਦਰ ਵਿਚ ਗਾਰਗੀ ਆਪ ਹੈ ਇੰਗਲੈਂਡ ਦੇ ਪ੍ਰੀਤਮ ਸਿੱਧੂ, ਸ਼ਿਵਚਰਨ ਗਿੱਲ ਦਾ ਜ਼ਿਕਰ ਆਉਂਦਾ ਹੈ ਪਰੰਤੂ ਜ਼ਿਕਰ ਗਾਰਗੀ ਦੇ ਨਿੱਜੀ ਮਿੱਤਰ ਦਾ ਹੈ ਜਾਂ ਸਾਹਿਤ ਪ੍ਰੇਮੀਆਂ ਦਾ ਇਨ੍ਹਾਂ ਇਨ੍ਹਾਂ ਸਾਹਿਤ ਪ੍ਰੇਮੀਆਂ ਵਿਚ ਵੀ ਬਹੁਤੇ ਗਾਰਗੀ ਦੇ ਸਾਹਿਤ ਨਾਲ ਜੁੜੇ ਹੋਏ ਹਨ ਇਨ੍ਹਾਂ ਵਿਚੋਂ ਬਹੁਤਾ ਸੰਵਾਦ ਗਾਰਗੀ ਦੀ ਆਪਣੀ ਰਚਨਾਕਾਰੀ ਨਾਲ ਹੀ ਲੱਗਦਾ ਹੈ

ਗਾਰਗੀ ਦੀ ਇਸ ਵਾਰਤਕ ਸ਼ੈਲੀ ਦਾ ਸਭ ਤੋਂ ਮਹੱਤਵਪੂਰਨ ਤੱਤ ਬਿਰਤਾਂਤਮੂਲਕ ਵਾਰਤਕ ਸ਼ੈਲੀ ਹੈ ਗਾਰਗੀ ਸਮੁੱਚੀ ਵਾਰਤਕ  ਨੂੰ ਇਕ ਬਿਰਤਾਂਤਕ ਬਣਤਰ ਵਿਚ ਢਾਲਦਾ ਹੈ ਜਿਸ ਵਿਚੋਂ ਰੌਚਿਕਤਾ ਪੈਦਾ ਹੁੰਦੀ ਹੈ ਗਾਰਗੀ ਸਮੁੱਚੀ ਵਾਰਤਕ ਨੂੰ ਇਕ ਨਿਸਚਤ ਘਟਨਾਵੀ ਪ੍ਰਬੰਧ ਵਿਚ ਢਾਲਦਾ ਹੈ ਉਹ ਇਸ ਘਟਨਾਵੀ ਪ੍ਰਬੰਧ ਨੂੰ ਜਟਿਲ ਘਟਨਾਵੀ ਪ੍ਰਬੰਧ ਪ੍ਰਬੰਧ ਰਾਹੀਂ ਗਤੀਸ਼ੀਲ ਕਰਦਾ ਹੈ ਇਸ ਤਰ੍ਹਾਂ ਉਹ ਬਿਰਤਾਂਤ ਮੂਲਕ ਬਿਰਤਾਂਤਕ ਸ਼ੈਲੀ ਦਾ ਪ੍ਰਮੁੱਖ ਘਾੜਾ ਹੈ ਉਹ ਜਿਹੜੇ ਜਿਹੜੇ ਦਸ ਰੇਖਾ-ਚਿੱਤਰ ਸਿਰਜਦਾ ਹੈ ਉਸ ਵਿਚ ਲੇਖਕਾਂ ਦੇ ਜੀਵਨ ਵੇਰਵੇ ਵੱਖ-ਵੱਖ ਘਟਨਾਵੀ ਪ੍ਰਬੰਧ ਰਾਹੀਂ ਕਿਰਿਆਸ਼ੀਲ ਹੁੰਦਾ ਹੈ ਮੰਟੋ ਦੇ ਰੇਖਾ-ਚਿੱਤਰ ਸਿਰਜਦੇ ਹੋਏ ਆਪਣੀਆਂ ਸਿਮਰਤੀਆਂ ਵਿਚੋਂ ਮੰਟੋ ਦੀ ਕਨਸੋਅ ਮਿਲਣ ਦਾ ਹਵਾਲਾ ਦਿੰਦਾ ਹੈ ਮੰਟੋ ਦਾ ਨਾਂ ਉਹ ਪਹਿਲੀ ਵਾਰ 1944 ਵਿਚ ਸੁਣਦਾ ਹੈ ਮੰਟੋ ਬਾਰੇ ਜਾਣਕਾਰੀ ਦੀ ਖਿੱਚ ਉਸਨੂੰ 'ਬੂ' ਕਹਾਣੀ ਤੋਂ ਮਿਲਦੀ ਹੈ ਇਹ ਕਹਾਣੀ ਉਰਦੂ ਸਾਹਿਤ ਜਗਤ ਵਿਚ ਵੱਖਰੇ ਕਿਸਮ ਦੀ ਕਹਾਣੀ ਹੈ ਫਿਰ ਇਸ ਤੋਂ ਬਾਅਦ ਉਹ ਮੰਟੋ ਨਾਲ ਜੁੜੀਆਂ ਘਟਨਾਵਾਂ ਨੂੰ ਇਕ ਇਕ ਕਰਕੇ ਪਾਠਕਾਂ ਸਾਹਮਣੇ ਖੋਲ੍ਹ ਕੇ ਰੱਖ ਦਿੰਦਾ ਹੈ ਇਨ੍ਹਾਂ ਘਟਨਾਵਾਂ ਵਿਚੋਂ ਮੰਟੋ ਦਾ ਸਮੁੱਚਾ ਚਿੱਤਰ ਪਾਠਕ ਸਾਹਮਣੇ ਉਭਰ ਆਉਂਦਾ ਹੈ ਇਸੇ ਤਰ੍ਹਾਂ ਸਾਹਿਰ ਲੁਧਿਆਣਵੀ ਬਾਰੇ ਦੱਸਦੇ ਹੋਏ ਉਹ ਫ਼ਿਲਮੀ ਸੰਸਾਰ ਵਿਚ ਉਸ ਦੀ ਵੱਖਰਤਾ ਤੋਂ ਸ਼ੁਰੂ ਕਰਦਾ ਹੈ ਇਹ ਵੱਖਰਤਾ ਸਾਹਿਰ ਲੁਧਿਆਣਵੀ ਦੇ ਸਭ ਤੋਂ ਮਹਿੰਗੇ ਸ਼ਾਇਰ ਹੋਣ ਨਾਲ ਜੁੜੀ ਹੋਈ ਹੈ ਇਕ ਦਿਲਚਸਪ ਕਿੱਸੇ ਨਾਲ ਗਾਰਗੀ ਸਾਹਿਰ ਦੇ ਰੇਖਾ-ਚਿੱਤਰ ਦਾ ਮੁੱਢ ਬੰਨ੍ਹਦਾ ਹੈ:

"ਸਾਹਿਰ ਲੁਧਿਆਣਵੀ ਨੇ ਆਖਿਆ,

"ਮੇਰਾ ਰੇਟ ਐਵੇਂ ਹੀ ਵਧ ਗਿਆ ਦਰਅਸਲ ਮੈਂ ਬਹੁਤੀਆਂ ਫ਼ਿਲਮਾਂ ਲਈ ਲਿਖਣਾ ਨਹੀਂ ਚਾਹੁੰਦਾ ਮੇਰਾ ਰੇਟ ਇਕ ਗੀਤ ਦਾ ਪੰਜ ਹਜ਼ਾਰ ਸੀ ਇਕ ਮਾਲਦਾਰ ਫ਼ਿਲਮ ਪ੍ਰਡਿਊਸਰ ਆਇਆ ਤੇ ਉਸ ਨੇ ਕਿਹਾ ਕਿ ਸਾਹਿਰ ਸਾਹਿਬ ਅਸੀਂ ਤਾਂ ਤੁਹਾਥੋਂ ਹੀ ਗੀਤ ਲਿਖਵਾਂਗੇ ਮੈਂ ਆਇਆ, ਮੇਰਾ ਰੇਟ ਤਾਂ ਦਸ ਹਜ਼ਾਰ ਰੁਪਏ ਇਕ ਗੀਤ ਦਾ ਹੈ ਸੋਚਿਆ ਸੀ ਇੰਨੇ ਪੈਸੇ ਕੌਣ ਦੇਵੇਗਾ

"ਪਰ ਉਹ ਸੇਠ ਪ੍ਰੋਡਿਊਸਰ ਮੰਨ ਗਿਆ ਉਸਨੇ ਆਖਿਆ ਮਨਜ਼ੂਰ ਹੈ ਇਸ ਤਰ੍ਹਾਂ ਮੇਰਾ ਰੇਟ ਦਸ ਹਜ਼ਾਰ ਰੁਪਏ ਫੀ ਫੀ ਗੀਤ ਹੋ ਗਿਆ" (ਹੁਸੀਨ ਚਿਹਰੇ) ਪੰਨਾ 71

ਇਸ ਘਟਨਾਵੀ ਪ੍ਰਬੰਧ ਵਿਚੋਂ ਉਹ ਸ਼ਾਇਰ ਦੇ ਜੀਵਨ ਵੇਰਵੇ ਪਾਠਕਾਂ ਨਾਲ ਸਾਂਝੇ ਕਰਦਾ ਹੈ ਇਹ ਜੀਵਨ ਵੇਰਵੇ ਉਸ ਦੀ ਸਿਰਜਣਕਾਰੀ ਨਾਲ ਜੁੜੇ ਹੋਏ ਹਨ ਉਸ ਦੀ ਨਿੱਜੀ ਪੀੜ ਜਿਵੇਂ ਉਸਦੀ ਸਿਰਜਣਕਾਰੀ ਵਿਚੋਂ ਉਭਰਦੀ ਹੈ ਇਸੇ ਇਸੇ ਪ੍ਰਕਾਰ ਉਹ ਪ੍ਰਗਤੀਵਾਦੀ ਸਾਹਿਤ ਨਾਲ ਜੁੜਿਆ ਹੋਇਆ ਵੀ ਕਈ ਵਾਰੀ ਇਨਕਲਾਬੀਆਂ ਦਾ ਮਜ਼ਾਕ ਉਡਾਉਂਦਾ ਹੈ ਹੈ ਨਵੀਂ ਦਿੱਲੀ ਵਿਚ ਅੰਤਰਰਾਸ਼ਟਰੀ ਅਮਨ ਕਾਨਫਰੰਸ ਉਤੇ ਉਹ ਅਮਨ ਕਾਨਫਰੰਸ ਉਤੇ ਮੌਕੇ ਉਹ ਅਜਿਹੀ ਨਜ਼ਮ ਲਿਖਦਾ ਹੈ ਜੋ ਲੋਕਾਂ ਦੇ ਚੇਤਿਆਂ ਵਿਚ ਵਸ ਜਾਂਦਾ ਗਾਰਗੀ ਸਾਹਿਰ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਇਕ ਪ੍ਰਬੰਧ ਵਿਚ ਇਸ ਤਰ੍ਹਾਂ ਵਿਉਂਤਦਾ ਹੈ ਕਿ ਵਾਰਤਕ ਇਕ ਬਿਰਤਾਂਤਕ ਪ੍ਰਬੰਧ ਬਣ ਜਾਂਦੀ ਹੈ ਸਾਹਿਤਕਾਰਾਂ ਦੀ ਜੀਵਨ ਨਾਲ ਜੁੜੀਆਂ ਘਟਨਾਵਾਂ ਤਾਂ ਬਿਰਤਾਂਤਕ ਅਧਾਰ ਰੱਖਦੀਆਂ ਹਨ ਪਰੰਤੂ ਗਾਰਗੀ ਪੱਤਰਕਾਰਾਂ ਅਤੇ ਅਫ਼ਸਰਾਂ ਦੇ ਜੀਵਨ ਬਿਰਤਾਂਤ ਨੂੰ ਵੀ ਗਾਰਗੀ ਉਸੇ ਰੌਚਿਕ ਸ਼ੈਲੀ ਵਿਚ ਬਿਆਨ ਕਰਦਾ ਹੈ ਫਿਕਰ ਤੌਂਸਵੀ ਅਤੇ ਐਮ.ਐਸ. ਰੰਧਾਵਾ ਬਾਰੇ ਲਿਖਦਾ ਹੋਇਆ ਵੀ ਉਹ ਉਸੇ ਸ਼ੈਲੀ ਦੀ ਵਰਤੋਂ ਕਰਦਾ ਹੈ ਫਿਕਰ ਤੌਂਸਵੀ ਦੇ ਰੇਖਾ-ਚਿੱਤਰ ਦਾ ਮੁੱਢ ਉਹ ਨਾਟਕੀ ਬਿਰਤਾਂਤਕ ਘਟਨਾ ਤੋਂ ਕਰਦਾ ਹੈ:

ਮੈਂ ਫਿਕਰ ਤੌਂਸਵੀ ਨੂੰ ਟੈਲੀਫੋਨ ਕੀਤਾ ਤਾਂ ਦੂਜੇ ਪਾਸਿਉਂ ਪਤਲੀ ਕਮਜ਼ੋਰ ਆਵਾਜ਼ ਸੁਣਾਈ ਦਿੱਤੀ:

"ਭਾਈਜਾਨ ਮੰਜੀ ਮੱਲੀ ਪਿਆ ਹਾਂ...ਬੁਖਾਰ ਨਾਲ ਪਿੰਡਾ ਤਪ ਰਿਹਾ ਹੈ... ਦਫਤਰ ਤੋਂ ਦਸ ਦਿਨ ਦੀ ਛੁੱਟੀ ਲੈ ਲਈ... ਹੁਣ ਮੰਜੀ ਉੱਤੇ... ਬਸ ਸਮਝਲੋ ਕਬਰ ਵਿਚੋਂ ਬੋਲ ਰਿਹਾ ਹਾਂ"

"ਮੈਂ? ਯਾਨੀ ਕਬਰ ਵਿਚ ਪਿਆ ਚੋਰੀ ਕਰ ਰਿਹਾ ਹਾਂ? ਕਿਸਦੀ?"

"ਮੇਰੀ ਤੂੰ ਮੇਰੀ ਚੋਰੀ ਕੀਤੀ ਹੈ ਮੀਆਂ ਹਰ ਸਵੇਰ ਤੂੰ ਮੇਰੀ ਜੇਬ ਵਿਚੋਂ ਚਾਲੀ ਪੈਸੇ ਚੋਰੀ ਕਰਕੇ ਲੈ ਜਾਨੋਂ"

"ਕੀ ਮਤਲਬ?"

"ਹਰ ਸਵੇਰ ਮੈਂ 'ਮਿਲਾਪ' ਅਖ਼ਬਾਰ ਖਰੀਦਦਾ ਹਾਂ, ਸਿਰਫ਼ ਤੇਰਾ ਕਾਲਮ ਪੜ੍ਹਨ ਲਈ- 'ਪਿਆਜ਼ ਦੇ ਛਿਲਕੇ' ਪਤਾ ਨਹੀਂ ਕਿਹੜਾ ਪਿਆਜ਼ ਤੂ ੰਛਿਲਣ ਲੱਗਿਐ ਜੋ ਪਿਛਲੇ ਤੀਹ ਸਾਲ ਤੋਂ ਇਸਦੇ ਛਿਲਕੇ ਉਤਰਦੇ ਤੁਰੇ ਆਉਂਦੇ ਨੇ ਕਰਾਰੇ ਤੇ ਮਜ਼ੇਦਾਰ ਦਰਅਸਲ ਮੈਂ ਤੇਰਾ ਫੈਨ ਹਾਂ ਜਿਵੇਂ ਕਿਸੇ ਜ਼ਮਾਨੇ ਵਿਚ ਮਿਸ ਸਲੋਚਨਾ ਦਾ ਸਾਂ" (ਹੁਸੀਨ ਚਿਹਰੇ) ਪੰਨਾ 83 83

ਇਹ ਉਹ ਸ਼ੈਲੀ ਹੈ ਜਿਸ ਵਿਚ ਬਿਰਤਾਂਤਕ ਤੱਤ ਭਾਰੂ ਹੋਣ ਕਰਕੇ ਕਹਾਣੀ ਰਸ ਮੌਜੂਦ ਹੁੰਦਾ ਹੈ ਜਿਹੜਾ ਪਾਠਕ ਅੰਦਰ ਅੱਗੇ ਦੀ ਹੋਇਆ ਜਾਣਨ ਦੀ ਇੱਛਾ ਹੁੰਦੀ ਹੈ ਇਸ ਇੱਛਾ ਕਾਰਨ ਹੀ ਪਾਠਕ ਰੇਖਾ ਚਿੱਤਰ ਪੜ੍ਹਦਾ ਚਲਾ ਜਾਂਦਾ ਹੈ ਅਤੇ ਉਸ ਅੱਗੇ ਸਖ਼ਸ਼ੀਅਤ ਦੇ ਵੱਖੋ ਵੱਖਰੇ ਪੱਖ ਆਉਂਦੇ ਚਲੇ ਜਾਂਦੇ ਹਨ ਇਸੇ ਤਰ੍ਹਾਂ ਗਾਰਗੀ ਵਾਰਤਕ ਬਿਰਤਾਂਤ ਦਾ ਪੂਰਾ ਇਕ ਪ੍ਰਸੰਗ ਸਿਰਜ ਦੇਂਦਾ ਹੈ ਫਿਕਰ ਤੌਂਸਵੀ ਦੀ ਵਿਚਾਰਧਾਰਾ ਤੋਂ ਲੈ ਕੇ ਉਸਦੀ ਸਮੁੱਚੀ ਜੀਵਨ ਜਾਚ ਪਾਠਕ ਦੇ ਸਾਹਮਣੇ ਪ੍ਰਗਟ ਹੋ ਜਾਂਦੀ ਹੈ ਅਜਿਹਾ ਹੀ ਉਹ ਐਮ.ਐਸ. ਰੰਧਾਵਾ ਬਾਰੇ ਲਿਖਦਾ ਹੋਇਆ ਕਰਦਾ ਹੈ ਉਸ ਨੇ ਰੇਖਾ ਚਿੱਤਰ ਦਾ ਆਰੰਭ ਉਸ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ ਤੋਂ ਕਰਦਾ ਹੈ:

"ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਸਾਲਾਨਾ ਚੋਣ ਸੀ

ਪ੍ਰਧਾਨਗੀ ਲਈ ਐਮ.ਐਸ. ਰੰਧਾਵੇ ਦਾ ਨਾਂ ਪੇਸ਼ ਹੋਇਆ ਤਾਂ ਸਭ ਨੇ ਤਾੜੀਆਂ ਮਾਰੀਆਂ ਤੇ ਇਸ ਤਜਵੀਜ਼ ਦਾ ਸਵਾਗਤ ਕੀਤਾ

ਇਕ ਲੇਖਕ ਅਫ਼ਸਰ ਨੇ ਇਸ ਦੀ ਵਿਰੋਧਤਾ ਕੀਤੀ ਤੇ ਆਖਿਆ, "ਇਸ ਤਰ੍ਹਾਂ ਤਾੜੀਆਂ ਮਾਰਨ ਨਾਲ ਕਿਸੇ ਨੂੰ ਪ੍ਰਧਾਨ ਬਣਾ ਦੇਣਾ ਵਾਜਬ ਨਹੀਂ ਬਕਾਇਦਾ ਚੋਣ ਹੋਣੀ ਚਾਹੀਦੀ ਹੈ ਕੋਈ ਇਕ ਜਣਾ ਪ੍ਰਧਾਨ ਦਾ ਨਾਂ ਪ੍ਰਪੋਜ਼ ਕਰੇ ਤੇ ਦੂਜਾ ਦੂਜਾ ਇਸ ਦੀ ਤਾਈਦ ਕਰੇ ਹੋਰ ਨਾਂ ਵੀ ਪੇਸ਼ ਹੋ ਸਕਦੇ ਹਨ

ਇਹ ਸੁਣ ਕੇ ਰੰਧਾਵਾ ਗੁੱਸੇ ਵਿਚ ਬੋਲਿਆ, "ਚੁਕੋ ਆਪਣੀ ਪ੍ਰਧਾਨਗੀ ਮੈਨੂੰ ਨਹੀਂ ਲੋੜ ਇਸਦੀ ਮੈਂ ਚੀਫ਼ ਕਮਿਸ਼ਨਰੀਆਂ ਕੀਤੀਆਂ ਨੇ ਇਹੋ ਜਿਹੇ ਸਰਕਾਰੀ ਅਫ਼ਸਰ ਤਾਂ ਮੈਂ ਨੌਕਰ ਰੱਖੇ ਨੇ ਇਹਦੇ ਵਰਗੇ ਬੰਦੇ ਮੈਂ ਬਾਹਰ ਖੜੇ ਰੱਖਦਾ ਸੀ ਮੈਂ ਕੀ ਲੈਣਾ ਇਸ ਟੁੱਟੀ ਪ੍ਰਧਾਨਗੀ ਤੋਂ? ਮੈਨੂੰ ਨਹੀਂ ਲੋੜ"

ਇਹ ਆਖ ਕੇ ਰੰਧਾਵਾ ਡਾਇਸ ਤੋਂ ਉਤਰਿਆ ਤੇ ਤੇਜ਼ੀ ਨਾਲ ਬਾਹਰ ਜਾਣ ਲੱਗਾ ਕਈ ਲੇਖਕ ਉਸ ਦੇ ਮਗਰ ਦੌੜੇ ਦੌੜੇ ਪ੍ਰੀਤਮ ਸਿੰਘ ਅਤੇ ਮੋਹਨ ਸਿੰਘ ਨੇ ਉਸ ਨੂੰ ਫੜਿਆ ਤੇ ਮਿੰਨਤਾਂ ਕਰਨ ਲੱਗੇ ਰੰਧਾਵੇ ਦਾ ਗੁੱਸਾ ਠੰਡਾ ਨਹੀਂ ਹੋਇਆ ਹੋਇਆ "ਮੈਂ ਇਸ ਤਰ੍ਹਾਂ ਦਾ ਪ੍ਰਧਾਨ ਬਣਨਾ ਹੀ ਨਹੀਂ ਚਾਹੁੰਦਾ"

ਲੇਖਕਾਂ ਨੇ ਫਿਰ ਮਿੰਨਤਾਂ ਕੀਤੀਆਂ ਤਾਂ ਉਹ ਬੋਲਿਆ, "ਜੇ ਸਾਰੇ ਜਣੇ ਸਰਬਸੰਮਤੀ ਨਾਲ ਮੈਨੂੰ ਪ੍ਰਧਾਨ ਬਣਨ ਲਈ ਰੀਕੁਐਸਟ ਕਰਨਗੇ ਤਾਂ ਮੈਂ ਮਨਜੂਰ ਕਰਾਂਗਾ, ਨਹੀਂ ਤਾਂ ਜਾਓ ਕਰ ਲਓ ਆਪੇ ਪ੍ਰਧਾਨਗੀ" (ਹੁਸੀਨ ਚਿਹਰੇ) ਪੰਨਾ 103 103

ਇਸ ਬਿਰਤਾਂਤਨੁਮਾ ਵਾਰਤਕ ਟੋਟੇ ਵਿਚੋਂ ਐਮ.ਐਸ. ਰੰਧਾਵੇ ਦਾ ਸੁਭਾਅ, ਵਿਹਾਰ ਅਤੇ ਸਾਹਿਤਕ ਸੰਸਥਾਵਾਂ ਦੀ ਸਥਿਤੀ ਦਾ ਆਭਾਸ਼ ਹੁੰਦਾ ਹੈ ਇਸ ਤੋਂ ਅੱਗੇ ਰੰਧਾਵੇ ਦੀ ਕਾਰਜਸ਼ੀਲਤਾ ਨਾਲ ਜੁੜੀਆਂ ਘਟਨਾਵਾਂ ਰੇਖਾ ਚਿੱਤਰ ਦੀ ਬਣਤਰ ਉੱਤੇ ਫੈਲੀਆਂ ਹੋਈਆਂ ਹਨ ਰੰਧਾਵੇ ਦਾ ਸਾਹਿਤ ਅਤੇ ਕਲਾ ਪ੍ਰਤੀ ਲਗਾਵ ਅਤੇ ਕਲਾਤਮਕ ਸੰਸਥਾਵਾਂ ਨੂੰ ਸਥਾਪਿਤ ਕਰਨ ਅਤੇ ਪੰਜਾਬ ਦੇ ਵਿਕਾਸ ਦੀ ਗਤੀ ਤੈਅ ਕਰਨ ਵਿਚ ਰੰਧਾਵੇ ਦੀ ਭੂਮਿਕਾ ਉਭਰਦੀ ਹੈ ਗਾਰਗੀ ਰੰਧਾਵੇ ਦੀ ਕਾਰਜ ਪ੍ਰਣਾਲੀ ਨਾਲ ਜੁੜੇ ਹੋਏ ਕਈ ਵਾਰਤਕੀ ਬਿਰਤਾਂਤ ਇਸ ਰੇਖਾ ਚਿੱਤਰ ਚੋਂ ਉਭਰਦੇ ਹਨ

ਗਾਰਗੀ ਇਨ੍ਹਾਂ ਰੇਖਾ ਚਿੱਤਰਾਂ ਨੂੰ ਇਕ ਖਾਸ ਭਾਸ਼ਾਈ ਪ੍ਰਬੰਧ ਵਿਚ ਬੰਨਦਾ ਹੈ ਇਸ ਭਾਸ਼ਾਈ ਪ੍ਰਬੰਧ ਨੂੰ ਉਹ ਰੇਖਾ-ਚਿੱਤਰਾਂ ਵਿਚ ਦੋ ਪੱਧਰ ਉੱਤੇ ਦਸਦਾ ਹੈ ਇਕ ਪ੍ਰਬੰਧ ਉਨ੍ਹਾਂ ਵਿਅਕਤੀਆਂ ਦੀ ਭਾਸ਼ਾਈ ਬਣਤਰ ਹੈ ਜਿਸ ਪ੍ਰਬੰਧ ਵਿਚ ਉਹ ਉਹ ਰਹਿੰਦੇ ਹਨ ਅਤੇ ਜਿਸ ਵਿਚੋਂ ਉਨ੍ਹਾਂ ਦਾ ਅਵਚੇਤਨ ਆਪਣੀ ਹੋਂਦ ਗ੍ਰਹਿਣ ਕਰ ਰਿਹਾ ਹੈ ਇਹ ਪੈਟਰਨ ਬਿਰਤਾਂਤਕਾਰੀ ਵਿਚ ਪਾਤਰਾਂ ਦੇ ਵਿਹਾਰ ਨਾਲ ਜੁੜੀ ਹੋਈ ਹੈ ਗਾਰਗੀ ਜਿਨ੍ਹਾਂ ਵਿਅਕਤੀਆਂ ਦੇ ਰੇਖਾ ਚਿੱਤਰ ਲਿਖਦਾ ਹੈ ਉਨ੍ਹਾਂ ਦੀ ਭਾਸ਼ਾ ਪਾਤਰੀ ਵਿਹਾਰ ਦੇ ਪੈਟਰਨ ਵਿਚ ਸ਼ਾਮਲ ਕੀਤੇ ਗਏ ਹਨ ਉਨ੍ਹਾਂ ਦੀ ਗੱਲਾਂ ਉਨ੍ਹਾਂ ਦੀ ਭਾਸ਼ਾ ਵਿਚ ਹੀ ਦਰਜ ਕੀਤੇ ਗਏ ਹਨ ਇਨ੍ਹਾਂ ਸੰਵਾਦੀ ਕੜੀਆਂ ਵਿਚਲੀ ਭਾਸ਼ਾ ਵਿਅਕਤੀਆਂ ਦੀ ਭਾਸ਼ਾ ਤੋਂ ਵੱਖਰੀ ਹੈ ਇਸ ਪੁਸਤਕ ਵਿਚ ਵਿਚ ਦਰਜ ਵਿਅਕਤੀ ਵੱਖ-ਵੱਖ ਭਾਸ਼ਾਵਾਂ ਦੇ ਜਾਣਕਾਰ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਲਿਖਣ ਵਾਲੇ ਹਨ ਇਨ੍ਹਾਂ ਵਿਚ ਮੰਟੋ, ਰਾਜਿੰਦਰ ਸਿੰਘ ਬੇਦੀ ਅਤੇ ਸਾਹਿਰ ਲੁਧਿਆਣਵੀ ਉਰਦੂ ਦੇ ਸ਼ਾਇਰ ਹਨ ਉਨ੍ਹਾਂ ਦੀ ਭਾਸ਼ਾ ਵਿਚ ਪੰਜਾਬੀ, ਉਰਦੂ ਦੀ ਦੀ ਰੰਗਤ ਹੈ ਸ਼ਿਵ ਕੁਮਾਰ ਬਟਾਲਵੀ, ਦਵਿੰਦਰ ਸਤਿਆਰਥੀ ਅਤੇ ਐਮ.ਐਸ. ਰੰਧਾਵਾ ਪੰਜਾਬੀ ਹਨ ਰੇਸ਼ਮਾ ਵੀ ਪੰਜਾਬੀ ਪੰਜਾਬੀ ਹੈ ਅਤੇ ਯਾਮਿਨੀ ਕ੍ਰਿਸ਼ਨਾਮੂਰਤੀ ਦੱਖਣ ਭਾਰਤੀ ਹੈ ਪਰੰਤੂ ਨਿਬੰਧਾਂ ਦੀ ਭਾਸ਼ਾ ਪੰਜਾਬੀ ਹੈ ਮਲਵਈ ਰੰਗਣ ਵਾਲੀ ਵਾਲੀ ਕੇਂਦਰੀ ਪੰਜਾਬੀ ਗਾਰਗੀ ਦਾ ਸਭਿਆਚਾਰਕ ਅਵਚੇਤਨ ਤਾਂ ਮਲਵਈ ਉਪ-ਸਭਿਆਚਾਰ ਨਾਲ ਜੁੜਿਆ ਹੋਇਆ ਹੈ ਹੈ ਪਰੰਤੂ ਉਹ ਲਾਹੌਰ ਅਤੇ ਦਿੱਲੀ ਰਿਹਾ ਹੈ ਇਸ ਲਈ ਵਾਰਤਕ ਕੇਂਦਰੀ ਪੰਜਾਬੀ ਦੇ ਨੇੜੇ ਹੈ ਲੰਮਾ ਸਮਾਂ ਉਹ ਮੰਟੋ, ਬੇਦੀ, ਖੁਸ਼ਵੰਤ ਸਿੰਘ ਅਤੇ ਫਿਕਰ ਤੌਂਸਵੀ ਤੋਂ ਜਿਹੜੇ ਸ਼ਬਦ ਬੁਲਾਉਂਦਾ ਹੈ ਉਹ ਵਾਰਤਕੀ ਭਾਸ਼ਾ ਵਿਚ ਹਨ ਉਨ੍ਹਾਂ ਵਿਚੋਂ ਸਥਾਨਕਤਾ ਗਾਇਬ ਹੈ ਅਜਿਹਾ ਹੀ ਉਹ ਸ਼ਿਵ, ਐਮ.ਐਸ. ਰੰਧਾਵਾ, ਸਾਹਿਰ ਅਤੇ ਯਾਮਿਨੀ ਕ੍ਰਿਸ਼ਨਾਮੂਰਤੀ ਦੇ ਪ੍ਰਸੰਗ ਵਿਚ ਕਿਰਦਾ ਹੈ ਪਰੰਤੂ ਜਦੋਂ ਦਵਿੰਦਰ ਸਤਿਆਰਥੀ ਬਾਰੇ ਗੱਲ ਕਰਦਾ ਹੈ ਤਾਂ ਆਪਣੀ ਤਾਈ ਦੇ ਮਲਵਈ ਪਿਛੋਕੜ ਦਾ ਜ਼ਿਕਰ ਕਰਦਾ ਹੈ ਗਾਰਗੀ ਵਿਚ ਸਭ ਤੋਂ ਵੱਡੀ ਖੂਬੀ ਸੁਚੇਤ ਰੂਪ ਵਿਚ ਆਪਣੇ ਆਪ ਨੂੰ ਧਾਰਮਿਕ ਅਵਚੇਤਨ ਤੋਂ ਮੁਕਤ ਕਰਨਾ ਹੈ ਉਹ ਜਦੋਂ ਯਾਮਿਨੀ ਕ੍ਰਿਸ਼ਨਾਮੂਰਤੀ ਬਾਰੇ ਲਿਖਦਾ ਹੈ ਤਾਂ ਭਾਰਤੀ ਨਾਟਯ ਪਰੰਪਰਾ ਬਾਰੇ ਲਿਖਦਾ ਹੋਇਆ ਜਾਣਕਾਰੀ ਅਤੇ ਗਿਆਨ ਭਰਪੂਰ ਵਾਰਤਕੀ ਭਾਸ਼ਾ ਦੀ ਵਰਤੋਂ ਕਰਦਾ ਹੈ ਇਸ ਲਈ ਉਹ ਸਾਧਾਰਨ ਵਾਕ-ਬਣਤਰ ਤੋਂ ਲੈ ਕੇ ਵਾਰਤਕ ਨੂੰ ਰਵਾਨੀ ਦੇਣ ਲਈ ਅਲੰਕ੍ਰਿਤ ਅਤੇ ਕਾਵਿਕ ਭਾਸ਼ਾ ਦੀ ਵਰਤੋਂ ਜਟਿਲ ਬਣਤਰ ਰਾਹੀਂ ਕਰਦਾ ਹੈ

ਗਾਰਗੀ ਪ੍ਰਮੁੱਖ ਰੂਪ ਵਿਚ ਨਾਟਕ ਅਤੇ ਰੰਗਮੰਚ ਨਾਲ ਜੁੜਿਆ ਹੋਇਆ ਸੀ, ਜਿਸ ਸਮੇਂ ਗਾਰਗੀ ਵਾਰਤਕ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ ਉਹ ਸਮਾਂ ਅਧੁਨਿਕ ਪੰਜਾਬੀ ਵਾਰਤਕ ਦਾ ਸੁਨਹਿਰੀ ਯੁਗ ਸੀ ਉਹ ਸਮਾਂ ਪੰਜਾਬੀ ਵਾਰਤਕ ਵਿਚ ਪ੍ਰੀਤਮਾਨਕ ਮਾਡਲ ਸਥਾਪਿਤ ਕਰਨ ਦਾ ਸਮਾਂ ਸੀ ਉਸ ਸਮੇਂ ਬਲਰਾਜ ਸਾਹਨੀ, ਲਾਲ ਸਿੰਘ ਕਮਲਾ ਅਕਾਲੀ, ਹਰਿੰਦਰ ਸਿੰਘ ਰੂਪ ਪੰਜਾਬੀ ਵਾਰਤਕ ਵਿਚ ਸਫ਼ਰਨਾਮੇ, ਸਵੈ-ਜੀਵਨੀਆਂ, ਰੇਖਾ-ਚਿੱਤਰ ਅਤੇ ਨਿਬੰਧਕਾਰੀ ਦਾ

ਸਮਾਂ ਸੀ ਗਾਰਗੀ ਨੇ ਆਪਣੇ ਸਮਕਾਲੀਆਂ ਵਿਚੋਂ ਬਹੁਤਿਆਂ ਦੇ ਰੇਖਾ ਚਿੱਤਰ ਲਿਖੇ ਹਨ ਹਥਲੇ ਸੰਗ੍ਰਹਿ ਵਿਚੋਂ ਦੇਵਿੰਦਰ ਸਤਿਆਰਥੀ ਦੇ ਰੇਖਾ ਚਿੱਤਰ ਵਿਚੋਂ ਇਹ ਗੱਲ ਉਤਰਦੀ ਹੈ ਜਿਵੇਂ ਸਤਿਆਰਥੀ ਨੇ ਗਾਰਗੀ ਦੇ ਲਿਖਣ ਤੋਂ ਅਮਰ ਹੋ ਜਾਣਾ ਸੀ ਗਾਰਗੀ ਦੀ ਵਾਰਤਕ ਵਿਚ ਵਿਸ਼ੇਗਤ ਵੰਨ-ਸੁਵੰਨਤਾ ਤੋਂ ਲੈ ਕੇ ਸ਼ੈਲੀਗਤ ਵੰਨ-ਸੁਵੰਨਤਾ ਨਜ਼ਰ ਆਉਂਦੀ ਹੈ ਉਸ ਨੇ ਰੇਖਾ-ਚਿੱਤਰਾਂ ਦੇ ਪ੍ਰਤਿਮਾਨਾਂ ਨੂੰ ਪ੍ਰਸੰਸਾਮੁਖਤਾ ਤੋਂ ਮੁਕਤ ਕਰਕੇ ਸੰਤੁਲਨ ਵਿਅਕਤੀ ਚਰਿੱਤਰ ਦੇ ਨਾਲ-ਨਾਲ ਸਿਰਜਕ ਦੀ ਸਿਰਜਣਕਾਰੀ ਦੇ ਵਰਤਾਰੇ ਨੂੰ ਸਮਝਣ ਵਿਚ ਵੀ ਸਹਾਇਤਾ ਮਿਲਦੀ ਹੈ ਇਸ ਲਈ ਉਹ ਸੰਵਾਦੀ ਵਿਧੀ ਦੀ ਵਰਤੋਂ ਕਰਦਾ ਹੈ ਇਸ ਸੰਵਾਦ ਵਿਚੋਂ ਵਿਅਕਤੀ ਦੇ ਸੁਭਾਅ ਦੇ ਨਾਲ-ਨਾਲ ਸਾਹਿਤ ਅਤੇ ਕਲਾ ਸਬੰਧੀ ਵੀ ਕਈ ਧਾਰਨਾਵਾਂ ਸਪਸ਼ਟ ਹੁੰਦੀਆਂ ਹਨ ਇਸ ਤਰ੍ਹਾਂ ਉਹ ਵਾਰਤਕ ਨੂੰ ਪਹਿਲੀ ਵਾਰ ਜਾਣਕਾਰੀ ਭਰਪੂਰ ਬਣਾਉਣ ਦੇ ਨਾਲ-ਨਾਲ ਰੌਚਿਕ ਬਣਾਉਣ ਲਈ ਜਾਣਕਾਰੀ ਨੂੰ ਬਿਰਤਾਂਤ ਮੂਲਕ ਬਣਾ ਦਿੰਦਾ ਹੈ ਇਹ ਬਿਰਤਾਂਤਮੂਲਕਤਾ ਵਾਰਤਕ ਵਿਚ ਪੜ੍ਹਨਯੋਗਤਾ ਪੈਦਾ ਕਰਦੀ ਹੈ ਗਾਰਗੀ ਰੇਖਾ-ਚਿੱਤਰ ਲਿਖਦੇ ਹੋਏ ਸਾਹਿਤ ਅਤੇ ਕਲਾ ਨਾਲ ਜੁੜਿਆ ਇਨ੍ਹਾਂ ਸਖ਼ਸ਼ੀਅਤਾਂ ਨੂੰ ਕੇਂਦਰ ਵਿਚ ਵਿਚ ਰੱਖਦਾ ਹੈ ਜਿਹੜੀਆਂ ਆਪਣੇ ਸਮੇਂ ਵਿਚ ਆਪਣੇ-ਆਪਣੇ ਖੇਤਰ ਵਿਚ ਪ੍ਰਮੁੱਖ ਹੀ ਨਹੀਂ ਸਨ ਸਗੋਂ ਚਰਚਿਤ ਵੀ ਸਨ ਸਨ ਗਾਰਗੀ ਦੀ ਵਾਰਤਕਾਰੀ ਨੇ ਉਨ੍ਹਾਂ ਨੂੰ ਹੋਰ ਚਰਚਿਤ ਬਣਾ ਦਿੱਤਾ ਇਸ ਵਿਚੋਂ ਹੀ ਗਾਰਗੀ ਦੀ ਪੰਜਾਬੀ ਵਾਰਤਕਾਰੀ ਵਾਰਤਕਾਰੀ ਵਿਚ ਵੱਖਰਤਾ ਸਥਾਪਿਤ ਹੁੰਦੀ ਹੈ

Type Setting :
Department of Distance Education, Punjabi University, Patiala.